@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Punjabi National Daily
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 2 August 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ਨੀਵਾਰ 2 ਅਗਸਤ 2025, 17 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 263, qpatrika@gmail.com ਫੋਨ : 9971359517 www.qaumipatrika.org

## ਵਾਇਨਾਡ ਦੇ ਲੋਕਾਂ ਨੂੰ ਰਾਹਤ ਲਈ ਕਰਜ਼ੇ ਦੇ ਰੂਪ 'ਚ ਦਿੱਤੀ ਰਾਸ਼ੀ ਮੁਆਫ਼ ਕਰੇ ਸਰਕਾਰ : ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ 1 ਅਗਸਤ। ਕੇਰਲ ਦੇ ਵਾਇਨਾਡ ਤੋਂ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਲੋਕ ਸਭਾ ਵਿਚ ਇਕ ਸਾਲ ਪਹਿਲਾਂ ਜ਼ਮੀਨ ਖਿਸਕਣ ਤੋਂ ਬਾਅਦ ਆਪਣੇ ਸੰਸਦੀ ਹਲਕੇ ਵਿਚ ਆਈ ਭਿਆਨਕ ਆਫ਼ਤ ਦਾ ਮੁੱਦਾ ਉਠਾਇਆ। ਨਾਲ ਹੀ ਉਹਨਾਂ ਨੇ ਕੇਂਦਰ ਸਰਕਾਰ ਨੂੰ ਰਾਹਤ ਲਈ ਕਰਜ਼ੇ ਵਜੋਂ ਦਿੱਤੀ ਗਈ ਰਕਮ ਮੁਆਫ਼ ਕਰਨ ਦੀ ਬੇਨਤੀ ਕੀਤੀ। ਜ਼ੀਰੋ ਆਵਰ ਦੌਰਾਨ ਇਸ ਮੁੱਦੇ



ਨੂੰ ਉਠਾਉਂਦੇ ਹੋਏ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਇਕ ਸਾਲ ਪਹਿਲਾਂ ਵਾਇਨਾਡ ਵਿਚ ਇਕ ਕੁਦਰਤੀ ਆਫਤ ਆਈ ਸੀ, ਜਿਸ ਵਿਚ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਸੈਂਕੜੇ ਏਕੜ ਜ਼ਮੀਨ 'ਤੇ ਖੜ੍ਹੀਆਂ ਫ਼ਸਲਾਂ ਤਬਾਹ ਹੋ ਗਈਆਂ ਸਨ। ਇਸ ਦੌਰਾਨ ਉਹਨਾਂ ਦਾਅਵਾ ਕੀਤਾ ਕਿ ਇਸ ਆਫ਼ਤ ਨੇ ਇਲਾਕੇ ਦੇ ਕਿਸਾਨਾਂ ਅਤੇ ਵਪਾਰੀਆਂ ਦੀ ਰੋਜ਼ੀ-ਰੋਟੀ ਤਬਾਹ ਕਰ ਦਿੱਤੀ ਸੀ ਅਤੇ ਕੇਂਦਰ ਵਲੋਂ ਲੋੜੀਂਦੀ ਵਿੱਤੀ ਸਹਾਇਤਾ ਦੀ ਘਾਟ ਕਾਰਨ ਲੋਕਾਂ ਦਾ ਸਹੀ ਤਰੀਕੇ ਨਾਲ ਪੁਨਰਵਾਸ ਨਹੀਂ ਹੋ ਸਕਿਆ। ਕਾਂਗਰਸ ਸੰਸਦ ਮੈਂਬਰ ਨੇ ਕਿਹਾ ਕਿ ਅਸੀਂ ਇੱਕ ਸਾਲ ਤੋਂ ਵਾਇਨਾਡ ਲਈ ਫੰਡ ਜਾਰੀ ਕਰਨ ਦੀ ਬੇਨਤੀ ਕਰ ਰਹੇ ਸੀ ਪਰ ਜੋ ਨਾਕਾਫ਼ੀ ਰਕਮ ਦਿੱਤੀ ਗਈ, ਉਹ ਵੀ ਕਰਜ਼ੇ ਦੇ ਰੂਪ ਵਿੱਚ ਦਿੱਤੀ ਗਈ ਹੈ। ਉਹਨਾਂ ਨੇ ਕਿਹਾ, ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ, ਉਨ੍ਹਾਂ ਦੇ ਰੋਜ਼ੀ-ਰੋਟੀ ਦੇ ਸਾਧਨ ਤਬਾਹ ਹੋ ਗਏ ਹਨ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਲੋਕ ਆਪਣੇ ਆਪ ਨੂੰ ਮੁੜ ਵਸਾਉਣਗੇ ਅਤੇ ਕਰਜ਼ੇ ਦੀ ਰਕਮ ਵਾਪਸ ਕਰਨਗੇ। ਪ੍ਰਿਯੰਕਾ ਨੇ ਕਿਹਾ, ਵਾਇਨਾਡ ਦੇ ਲੋਕਾਂ ਵੱਲੋਂ ਮੈਂ ਕੇਂਦਰ ਸਰਕਾਰ ਨੂੰ ਨਿਮਰਤਾ ਨਾਲ ਬੇਨਤੀ ਕਰਦੀ ਹਾਂ ਕਿ ਇਹ ਕਰਜ਼ਾ ਮੁਆਫ਼ ਕੀਤਾ ਜਾਵੇ, ਜੋ ਕਿ ਕੇਂਦਰ ਲਈ ਬਹੁਤ ਛੋਟੀ ਰਕਮ ਹੈ।

## ਸ੍ਰੀ ਹਰਿਮੰਦਰ ਸਾਹਿਬ ਬਾਰੇ ਧਮਕੀ ਭਰੇ ਈ-ਮੇਲ ਭੇਜਣ ਵਾਲਿਆਂ ਨੂੰ ਮਿਸਾਲੀ ਸਜ਼ਾ ਮਿਲੇਗੀ: ਮੁੱਖ ਮੰਤਰੀ ਮਾਨ

ਅੰਮ੍ਰਿਤਸਰ, 1 ਅਗਸਤ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਬਾਰੇ ਧਮਕੀ ਭਰੇ ਈ-ਮੇਲ ਭੇਜਣ ਦਾ ਨਾ-ਮੁਆਫੀਯੋਗ ਅਪਰਾਧ ਕਰਨ ਵਾਲੇ ਗੁਨਾਹਗਾਰਾਂ ਲਈ ਮਿਸਾਲੀ ਸਜ਼ਾ ਨੂੰ ਯਕੀਨੀ ਬਣਾਉਣ ਦਾ ਸੰਕਲਪ ਲਿਆ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ, "ਦੁਨੀਆ ਭਰ ਦੇ ਲੋਕ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਦੇ ਹਨ ਅਤੇ ਆਪਣੇ ਪਰਿਵਾਰਾਂ




ਅਤੇ ਸਾਕ-ਸਬੰਧੀਆਂ ਦੀ ਤਰੱਕੀ ਤੇ ਸਲਾਮਤੀ ਲਈ ਅਰਦਾਸ ਕਰਦੇ ਹਨ। ਅਸੀਂ ਕਿਸੇ ਨੂੰ ਇਸ ਪਾਵਨ ਅਸਥਾਨ ਨੂੰ ਧਮਕੀਆਂ ਦੇਣ ਦੀ ਇਜਾਜ਼ਤ ਕਿਵੇਂ ਦੇ ਸਕਦੇ ਹਾਂ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਇਸ ਬਾਰੇ ਮਹੱਤਵਪੂਰਨ ਸੁਰਾਗ ਮਿਲ ਗਏ ਹਨ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਮਾਮਲਾ ਛੇਤੀ ਹੀ ਹੱਲ ਹੋ ਜਾਵੇਗਾ ਕਿਉਂਕਿ ਪੁਲਿਸ ਪਹਿਲਾਂ ਹੀ ਦੋਸ਼ੀਆਂ ਦੀ ਸ਼ਨਾਖਤ ਕਰ ਚੁੱਕੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਗਿਆਨਕ ਢੰਗ ਨਾਲ ਤਸਦੀਕ ਜਾਰੀ ਹੈ ਅਤੇ ਇਸ ਦੇ ਪੂਰਾ ਹੋਣ 'ਤੇ ਵੇਰਵੇ ਸਾਂਝੇ ਕੀਤੇ ਜਾਣਗੇ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਇਸ ਪਵਿੱਤਰ ਅਸਥਾਨ ਦੀ ਸੁਰੱਖਿਆ ਪ੍ਰਤੀ ਹਰ ਵੇਲੇ ਚੌਕਸ ਰਹਿੰਦੀ ਹੈ, ਜਿੱਥੇ ਹਰ ਰੋਜ਼ ਲੱਖਾਂ ਸ਼ਰਧਾਲੂ ਆਉਂਦੇ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਵੀ ਇਸ ਮਾਮਲੇ ਵਿੱਚ ਕੋਈ ਵੀ ਅਹਿਮ ਜਾਣਕਾਰੀ ਸਾਂਝੀ ਕਰਨ ਲਈ ਆਖਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਰੀ ਸਥਿਤੀ 'ਤੇ ਬਾਜ਼ ਅੱਖ ਰੱਖੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਵਿੱਤਰ ਸ਼ਹਿਰ ਵਿੱਚ ਸੁਰੱਖਿਆ ਪਹਿਲਾਂ ਹੀ ਵਧਾ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਨਾ ਘਬਰਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਪੰਜਾਬ ਪੁਲਿਸ ਪੂਰੀ ਤਰ੍ਹਾਂ ਚੌਕਸ ਹੈ ਅਤੇ ਅਜਿਹੇ ਮਾਮਲਿਆਂ ਨਾਲ ਨਜਿੱਠਣ ਦੇ ਸਮਰੱਥ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੋਸ਼ੀ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਲੁਕ ਨਹੀਂ ਸਕਦੇ ਅਤੇ ਸੂਬਾ ਸਰਕਾਰ ਉਨ੍ਹਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਫਰਜ਼ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਦੌਰਾਨ ਮੁੱਖ ਮੰਤਰੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸੂਬੇ ਵਿੱਚ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ।

# ਕਿਸਾਨਾਂ ਬਾਰੇ ਮੋਦੀ ਸਰਕਾਰ ਦਾ ਵਡਾ ਐਲਾਨ ! ਕੈਬਨਿਟ ਨੇ ਵੀ ਦਿੱਤੀ ਮਨਜ਼ੂਰੀ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿਲੀ 1 ਅਗਸਤ: ਕੇਂਦਰੀ ਕੈਬਨਿਟ ਨੇ ਫੂਡ ਪ੍ਰਸੈਸਿੰਗ ਖੇਤਰ ਨੂੰ ਤਸ਼ਾਹ ਦੇਣ ਲਈ ਪ੍ਰਧਾਨ ਮੰਤਰੀ ਕਿਸਾਨ ਸੰਪਦਾ ਯਜਨਾ (PMKSY) ਲਈ ਬਜਟ 'ਚ ਅਲਾਟ ਖਰਚਾ 1,920 ਕਰੜ ਰਪਏ ਵਧਾ ਕੇ 6,520 ਕਰੜ ਰਪਏ ਕਰਨ ਦੀ ਮਨਜ਼ੂਰੀ ਦੇ ਦਿੱਤੀ ਚਾਲੂ ਮਾਲੀ ਸਾਲ (2025-26) 'ਚ ਦਿੱਤੀ ਜਾਣ ਵਾਲੀ ਵਧੀ ਹਈ ਰਾਸ਼ੀ ਦੀ ਵਰਤੋਂ 50 ਮਲਟੀ-ਪ੍ਰਡਕਟ ਫੂਡ ਇਰੇਡੀਏਸ਼ਨ ਯੂਨਿਟਾਂ ਅਤੇ 100 ਫੂਡ ਟੈਸਟਿੰਗ ਲੈਬਾਰਟਰੀਆਂ ਲਈ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮਦੀ ਦੀ ਪ੍ਰਧਾਨਗੀ 'ਚ ਹਈ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ (ਸੀ. ਸੀ. ਈ. ਏ.) ਦੀ ਬੈਠਕ 'ਚ ਇਸ ਸਬੰਧ 'ਚ ਫ਼ੈਸਲਾ ਲਿਆ ਗਿਆ ਕੈਬਨਿਟ ਦੀ ਬੈਠਕ ਤੋਂ ਬਾਅਦ ਸੂਚਨਾ ਅਤੇ ਪ੍ਰਸਾਰਣ ਮੰਤਰੀ



ਅਸ਼ਵਿਨੀ ਵੈਸ਼ਣਵ ਨੇ ਪਤਰਕਾਰਾਂ ਨੂੰ ਦਸਿਆ ਕਿ ਪ੍ਰਸੈਸਡ ਖਰਾਕੀ ਤਪਾਦਾਂ ਦੀ ਬਰਾਮਦ 5 ਅਰਬ ਡਾਲਰ ਤੋਂ ਦਗਣੀ ਹ ਕੇ 11 ਅਰਬ ਡਾਲਰ ਹ ਗਈ ਹੈ ਨਹਾਂ ਕਿਹਾ ਕਿ ਖੇਤੀਬਾੜੀ ਨਿਰਯਾਤ ਵਿਚ ਪ੍ਰਸੈਸਡ ਫੂਡ ਦਾ ਹਿਸਾ 14 ਪ੍ਰਤੀਸ਼ਤ ਤੋਂ ਵਧ ਕੇ 24 ਪ੍ਰਤੀਸ਼ਤ ਹ ਗਿਆ ਹੈ। 2017 ਵਿਚ ਸ਼ੁਰੂ ਕੀਤੀ ਗਈ PMKSY ਨੂੰ ਮੌਜੂਦਾ ਵਿਤੀ ਸਾਲ 2025-26 ਦੇ ਅੰਤ ਤਕ 4,600 ਕਰੜ ਰਪਏ ਦੇ ਅਲਾਟਮੈਂਟ ਨਾਲ ਇਕ ਹਰ ਸਾਲ ਲਈ ਵਧਾ ਦਿਤਾ ਗਿਆ ਹੈ ਕੈਬਨਿਟ ਨੇ 2024-25 ਦੇ ਬਜਟ ਵਿਚ 50 ਮਲਟੀ-ਪ੍ਰਡਕਟ ਫੂਡ ਇਰੈਡੀਏਸ਼ਨ ਯੂਨਿਟਾਂ ਅਤੇ 100 ਫੂਡ ਟੈਸਟਿੰਗ ਲੈਬਾਰਟਰੀਆਂ ਸਥਾਪਤ ਕਰਨ ਦੇ ਐਲਾਨ ਨੂੰ ਲਾਗੂ ਕਰਨ ਲਈ ਅਲਾਟਮੈਂਟ ਵਿਚ 1,920 ਕਰੜ ਰਪਏ ਦਾ ਵਾਧਾ ਕਰਨ ਦਾ ਫ਼ੈਸਲਾ ਕੀਤਾ ਇਸ ਵਿਚੋਂ, ਲਗਭਗ 1,000 ਕਰੜ ਰਪਏ PMKSY ਦੀ ਕੰਪਨੈਂਟ ਸਕੀਮ ICCVAI (ਇੰਟੀਗਰੇਟਿਡ ਕਲਡ ਚੇਨ ਐਂਡ ਵੈਲਿਊ ਐਡੀਸ਼ਨ ਇਨਫਰਾਸਟ੍ਰਕਚਰ) ਦੇ ਤਹਿਤ 50 ਮਲਟੀ-ਪ੍ਰਡਕਟ ਫੂਡ ਇਰੈਡੀਏਸ਼ਨ ਯੂਨਿਟਾਂ ਅਤੇ ਕੰਪਨੈਂਟ ਸਕੀਮ FSQAI (ਫੂਡ ਸੇਫਟੀ ਐਂਡ ਕਆਲਿਟੀ ਅਸ਼ਰੈਂਸ ਇਨਫਰਾਸਟ੍ਰਕਚਰ) ਦੇ ਤਹਿਤ 100 ਪ੍ਰਯਗਸ਼ਾਲਾਵਾਂ ਸਥਾਪਤ ਕਰਨ ਲਈ ਵਰਤੇ ਜਾਣਗੇ।

## ਜਲਦੀ ਹੀ ਹੋਵੇਗੀ ਉਪ-ਰਾਸ਼ਟਰਪਤੀ ਚੋਣ

ਨਵੀਂ ਦਿੱਲੀ 1 ਅਗਸਤ। ਭਾਰਤ ਦੇ ਚੋਣ ਕਮਿਸ਼ਨ ਨੇ ਉਪ-ਰਾਸ਼ਟਰਪਤੀ ਚੋਣ ਲਈ ਇਲੈਕਟੋਰਲ ਕਾਲਜ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਇਹ ਚੋਣ ਜਗਦੀਪ ਧਨਖੜ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਕਾਰਨ ਜ਼ਰੂਰੀ ਹੋ ਗਈ ਹੈ। ਕਮਿਸ਼ਨ ਨੇ ਇਸਦੀ ਜਾਣਕਾਰੀ ਦਿੱਤੀ ਹੈ। ਭਾਰਤ ਦੇ ਉਪ-ਰਾਸ਼ਟਰਪਤੀ ਦੀ ਚੋਣ ਇਕ ਇਲੈਕਟੋਰਲ




ਕਾਲਜ ਵੱਲੋਂ ਕੀਤੀ ਜਾਂਦੀ ਹੈ, ਜਿਸ ਵਿਚ ਰਾਜ ਸਭਾ ਦੇ ਚੁਣੇ ਹੋਏ ਮੈਂਬਰ, ਨਾਮਜ਼ਦ ਮੈਂਬਰ ਅਤੇ ਲੋਕ ਸਭਾ ਦੇ ਚੁਣੇ ਹੋਏ ਮੈਂਬਰ ਸ਼ਾਮਲ ਹੁੰਦੇ ਹਨ। ਇਕ ਬਿਆਨ ਵਿਚ ਚੋਣ ਅਥਾਰਟੀ ਨੇ ਕਿਹਾ ਕਿ ਉਸਨੇ 2025 ਦੀ ਉਪ-ਰਾਸ਼ਟਰਪਤੀ ਚੋਣ ਲਈ ਇਲੈਕਟਰੋਲ ਕਾਲਜ ਦੀ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਇਲੈਕਟਰੋਲ ਕਾਲਜ ਦੀ ਸੂਚੀ ਨੋਟੀਫਿਕੇਸ਼ਨ ਦੀ ਮਿਤੀ ਤੋਂ ਚੋਣ ਕਮਿਸ਼ਨ ਦਫ਼ਤਰ ਵਿਚ ਸਥਾਪਤ ਇਕ ਕਾਊਂਟਰ 'ਤੇ ਖਰੀਦ ਲਈ ਉਪਲਬਧ ਹੋਵੇਗੀ, ਜਿਸਦਾ ਐਲਾਨ ਜਲਦੀ ਹੀ ਹੋਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਧਨਖੜ ਨੇ ਆਪਣੇ ਕਾਰਜਕਾਲ ਦੀ ਸਮਾਪਤੀ ਤੋਂ ਲੱਗਭਗ 2 ਸਾਲ ਪਹਿਲਾਂ 21 ਜੁਲਾਈ ਨੂੰ ਉਪ-ਰਾਸ਼ਟਰਪਤੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

# ਹਣ ਦਿੱਲੀ ਵਿਚ ਕਿਸੇ ਵੀ ਝਗੀ-ਝੌਂਪੜੀ ਵਾਲੇ ਨੂੰ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ: ਮੁੱਖ ਮੰਤਰੀ ਰੇਖਾ ਗਪਤਾ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨਵੀਂ ਦਿਲੀ: 1 ਅਗਸਤ: ਦਿੱਲੀ ਦੀ ਮੁੱਖ ਮੰਤਰੀ ਰੇਖਾ ਗਪਤਾ ਨੇ ਰਾਜਧਾਨੀ ਦੀਆਂ ਝਗੀਆਂ-ਝੌਂਪੜੀਆਂ ਸਬੰਧੀ ਮਹਤਵਪੂਰਨ ਅਤੇ ਫੈਸਲਾਕੰਨ ਫੈਸਲੇ ਲਏ ਹਨ ਨਹਾਂ ਨੇ ਰੇਲਵੇ ਅਤੇ ਡੀਡੀਏ ਸਮੇਤ ਸਾਰੇ ਸਰਕਾਰੀ ਵਿਭਾਗਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਦਿੱਲੀ ਵਿਚ ਕਈ ਵੀ ਝਗੀ-ਝੌਂਪੜੀ ਨਾ ਹਟਾਈ ਜਾਵੇ ਭਾਵੇਂ ਵਿਕਾਸ ਕਾਰਜਾਂ ਆਦਿ ਲਈ ਝਗੀਆਂ-ਝੌਂਪੜੀਆਂ ਹਟਾਈਆਂ ਜਾਣ, ਨਹਾਂ ਨੂੰ ਪਹਿਲਾਂ ਵਿਕਲਪਿਕ ਰਿਹਾਇਸ਼ ਦਿਤੀ ਜਾਵੇਗੀ ਮੁੱਖ ਮੰਤਰੀ ਨੇ ਕਿਹਾ ਹੈ ਕਿ ਰਾਜਧਾਨੀ ਦੇ ਬਾਹਰੀ ਇਲਾਕੇ ਵਿਚ ਕਈ ਸਾਲ ਪਹਿਲਾਂ ਬਣੇ ਲਗਭਗ 50 ਹਜ਼ਾਰ ਘਰਾਂ ਦਾ ਨਵੀਨੀਕਰਨ ਕਰਕੇ ਨਹਾਂ ਨੂੰ ਝਗੀਆਂ-ਝੌਂਪੜੀਆਂ ਵਾਲਿਆਂ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ ਮੁੱਖ ਮੰਤਰੀ ਨੇ ਦ ਹਰ ਫੈਸਲੇ ਲਏ ਹਨ ਨਹਾਂ ਦਾ ਕਹਿਣਾ ਹੈ ਕਿ ਜੇਕਰ ਲੜ ਪਈ ਤਾਂ ਸਰਕਾਰ ਝਗੀਆਂ-ਝੌਂਪੜੀਆਂ ਬਾਰੇ ਬਣਾਈ ਗਈ ਨੀਤੀ ਨੂੰ ਬਦਲ ਦੇਵੇਗੀ ਅਤੇ ਝਗੀਆਂ-ਝੌਂਪੜੀਆਂ ਵਾਲਿਆਂ ਦੇ ਘਰ ਬਚਾਣ ਲਈ ਅਦਾਲਤ ਵੀ ਜਾਵੇਗੀ ਮੁੱਖ ਮੰਤਰੀ ਦੀ ਸਪਸ਼ਟ ਰਾਏ ਹੈ ਕਿ ਝਗੀਆਂ-ਝੌਂਪੜੀਆਂ ਵਾਲਿਆਂ ਦੇ ਦਰਦ ਨੂੰ ਕਿਸੇ ਵੀ ਹਾਲਤ ਵਿਚ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਰੇਖਾ ਗਪਤਾ ਦਾ ਕਹਿਣਾ ਹੈ ਕਿ ਦਿੱਲੀ ਦੀਆਂ ਝਗੀਆਂ ਦੇਸ਼ ਦੀ ਰਾਜਧਾਨੀ ਦਾ ਜ਼ਰੂਰੀ ਹਿਸਾ ਹਨ ਹ ਸਾਲਾਂ ਤੋਂ ਦਿੱਲੀ ਵਿਚ ਰਹਿ ਰਹੇ ਹਨ ਵਿਰਧੀ ਪਾਰਟੀ ਨੇ ਹਮੇਸ਼ਾ ਝਗੀਆਂ-ਝੌਂਪੜੀਆਂ ਵਾਲਿਆਂ ਨੂੰ ਵਟ ਬੈਂਕ ਦੀ ਰਾਜਨੀਤੀ ਵਿਚ ਲਝਾਇਆ ਹੈ, ਪਰ ਸਾਡੀ ਸਰਕਾਰ ਨਹਾਂ ਨੂੰ ਸਹੀ ਅਰਥਾਂ ਵਿਚ ਦਿੱਲੀ ਦੇ ਵਸਨੀਕ ਬਣਾਣ ਲਈ ਲਗਾਤਾਰ ਗੰਭੀਰ ਯਤਨ ਕਰ ਰਹੀ ਹੈ ਇਸ ਮਦੇ @ਤੇ ਵਖ-ਵਖ ਵਿਭਾਗਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਝਗੀਆਂ-ਝੌਂਪੜੀਆਂ ਵਾਲਿਆਂ ਨੂੰ ਸਥਾਈਤਾ ਦੇਣ ਲਈ ਠਸ ਫੈਸਲੇ ਲਏ ਜਾ ਰਹੇ ਹਨ ਮੁੱਖ ਮੰਤਰੀ ਦੇ ਅਨਸਾਰ, ਦਿੱਲੀ ਸਰਕਾਰ ਦਾ ਸਪਸ਼ਟ ਵਿਚਾਰ ਹੈ ਕਿ ਹਣ ਰਾਜਧਾਨੀ ਵਿਚ ਕਈ ਵੀ ਝਗੀ ਨਹੀਂ ਹਟਾਈ ਜਾਵੇਗੀ ਇਸ ਲਈ ਰੇਲਵੇ, ਡੀਡੀਏ ਸਮੇਤ ਸਾਰੇ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਦਿੱਲੀ ਵਿਚ ਕਈ ਵੀ ਝਗੀ ਨਹੀਂ ਹਟਾਈ ਜਾਵੇਗੀ ਸਾਡੀ ਸਰਕਾਰ ਦਾ ਸਪਸ਼ਟ ਵਿਚਾਰ ਹੈ ਕਿ ਜੇਕਰ ਵਿਕਾਸ ਕਾਰਜ ਜਾਂ ਕਿਸੇ ਹਰ ਮਦੇ ਕਾਰਨ ਕਈ ਝਗੀ-ਝੌਂਪੜੀ ਹਟਾਈ ਜਾਂਦੀ ਹੈ, ਤਾਂ ਪਹਿਲਾਂ ਸਨੂੰ ਵਿਕਲਪਿਕ ਰਿਹਾਇਸ਼ ਮਿਲੇਗੀ ਨਹਾਂ ਕਿਹਾ ਕਿ ਭਾਵੇਂ ਝਗੀਆਂ-ਝੌਂਪੜੀਆਂ ਵਾਲਿਆਂ ਨੂੰ ਬਚਾਣ ਲਈ ਨਿਯਮਾਂ ਨੂੰ ਬਦਲਣਾ ਪਵੇ, ਸਰਕਾਰ ਇਸ ਤੋਂ ਪਿਛੇ ਨਹੀਂ ਹਟੇਗੀ। ਮੁੱਖ ਮੰਤਰੀ ਰੇਖਾ ਗਪਤਾ ਨੇ ਕਿਹਾ ਕਿ ਇਹ ਖਸ਼ੀ ਦੀ ਗਲ ਹੈ ਕਿ ਦਿੱਲੀ ਦੇ ਬਾਹਰੀ ਇਲਾਕੇ ਵਿਚ ਕਈ ਸਾਲ ਪਹਿਲਾਂ ਬਣੇ ਲਗਭਗ 50 ਹਜ਼ਾਰ ਫਲੈਟ ਹਣ ਗਰੀਬਾਂ ਨੂੰ ਦਿਤੇ ਜਾਣਗੇ ਇਹ ਖੰਡਰ ਅਤੇ ਖਾਲੀ ਫਲੈਟ ਕਝ ਸਾਲ ਪਹਿਲਾਂ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ (JNNURM) ਅਧੀਨ ਬਣਾਏ ਗਏ ਸਨ ਪਰ ਦਖ ਦੀ ਗਲ ਇਹ ਹੈ ਕਿ ਦਿੱਲੀ ਦੀਆਂ ਪਿਛਲੀਆਂ ਸਰਕਾਰਾਂ, ਜਿਨਹਾਂ ਨੇ ਗਰੀਬਾਂ ਅਤੇ ਝਗੀ-ਝੌਂਪੜੀ ਵਾਲਿਆਂ ਦੇ ਹਿਤਾਂ ਦੀ ਰਖਿਆ ਕਰਨ ਦਾ ਦਾਅਵਾ ਕੀਤਾ ਸੀ, ਨੇ ਇਨਹਾਂ ਨੂੰ ਅਲਾਟ ਨਹੀਂ ਕੀਤਾ, ਜਿਸ ਕਾਰਨ ਇਹ ਫਲੈਟ ਰਹਿਣ ਦੇ ਯਗ ਨਹੀਂ ਸਨ ਮੁੱਖ ਮੰਤਰੀ ਨੇ ਕਿਹਾ ਕਿ ਹਣ ਇਹ ਫਲੈਟ PMAY-U (ਪ੍ਰਧਾਨ ਮੰਤਰੀ ਆਵਾਸ ਯਜਨਾ – ਸ਼ਹਿਰੀ) ਅਧੀਨ ਝਗੀ-ਝੌਂਪੜੀ ਵਾਲਿਆਂ ਨੂੰ ਦੇਣ ਦਾ



ਫੈਸਲਾ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਖਾਸ ਗਲ ਇਹ ਹੈ ਕਿ JNNURM ਦੇ ਤਹਿਤ, ਦਿੱਲੀ ਸਰਕਾਰ ਦੇ ਦ ਵਿਭਾਗਾਂ, DUSIB ਅਤੇ DSIIDC ਨੂੰ ਕਰੜਾਂ ਰਪਏ ਦਿਤੇ ਗਏ ਸਨ ਪਰ ਪਿਛਲੀਆਂ ਸਰਕਾਰਾਂ ਨੇ ਇਨਹਾਂ ਦੀ ਵਰਤੋਂ ਨਹੀਂ ਕੀਤੀ, ਜਿਸ ਕਾਰਨ ਇਹ ਰਕਮ (ਲਗਭਗ 732 ਕਰੜ ਰਪਏ) ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ (MoHUA) ਨੂੰ ਵਾਪਸ ਕੀਤੀ ਜਾਣੀ ਸੀ, ਪਰ ਕੇਂਦਰ ਸਰਕਾਰ ਨੇ ਇਸ ਰਕਮ ਦੀ ਵਰਤੋਂ ਖਰਾਬ ਹਏ ਫਲੈਟਾਂ ਦੇ ਨਵੀਨੀਕਰਨ ਲਈ ਕਰਨ ਲਈ ਸਹਿਮਤੀ ਦੇ ਦਿਤੀ ਹੈ ਮੁੱਖ ਮੰਤਰੀ ਦੇ ਅਨਸਾਰ, ਹਣ ਇਨਹਾਂ ਹਜ਼ਾਰਾਂ ਫਲੈਟਾਂ ਦੀ ਵਰਤੋਂ ਗਰੀਬ ਝਗੀ ਝੌਂਪੜੀ ਵਾਲਿਆਂ ਦੇ ਰਹਿਣ ਲਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਜੇਕਰ ਸਾਨੂੰ ਝਗੀ-ਝੌਂਪੜੀਆਂ ਵਾਲਿਆਂ ਦੇ ਹਿਤਾਂ ਲਈ ਅਦਾਲਤ ਜਾਣਾ ਪਵੇ ਤਾਂ ਅਸੀਂ ਪਿਛੇ ਨਹੀਂ ਹਟਾਂਗੇ ਸਾਡੀ ਸਰਕਾਰ ਨੇ ਲਗਾਤਾਰ ਮੀਟਿੰਗਾਂ ਕਰਕੇ ਇਕ ਠਸ ਯਜਨਾ ਬਣਾਈ ਹੈ ਮਖ ਮੰਤਰੀ ਨੇ ਕਿਹਾ ਕਿ ਦਖ ਦੀ ਗਲ ਇਹ ਹੈ ਕਿ ਇੰਦਰਾ, ਰਾਜੀਵ ਆਦਿ ਦੇ ਨਾਮ @ਤੇ ਝਗੀਆਂ ਬਣਾਣ ਵਾਲੀ ਕਾਂਗਰਸ ਪਾਰਟੀ ਨੇ ਨਹਾਂ ਨੂੰ ਕਈ ਸਹੂਲਤ ਨਹੀਂ ਦਿਤੀ ਅਤੇ ਨਹਾਂ ਨੂੰ ਸਿਰਫ਼ ਵਟ ਬੈਂਕ ਸਮਝਿਆ ਪਿਛਲੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਵੀ ਅਗੇ ਵਧ ਗਈ ਇਸ ਦੇ ਆਗੂਆਂ ਨੇ ਝਗੀਆਂ-ਝੌਂਪੜੀਆਂ ਵਾਲਿਆਂ ਦੀ ਭਲਾਈ ਲਈ ਵਡੇ-ਵਡੇ ਐਲਾਨ ਕੀਤੇ, ਪਰ ਨਹਾਂ ਨੂੰ ਮਢਲੀਆਂ ਸਹੂਲਤਾਂ ਵੀ ਨਹੀਂ ਦਿਤੀਆਂ ਨਾ ਤਾਂ ਇਨਹਾਂ ਬਸਤੀਆਂ ਵਿਚ ਪੀਣ ਵਾਲਾ ਪਾਣੀ ਸਪਲਾਈ ਕੀਤਾ ਗਿਆ, ਨਾ ਹੀ ਸੜਕਾਂ ਅਤੇ ਫਟਪਾਥ ਬਣਾਏ ਗਏ, ਨਾ ਹੀ ਨਾਲੀਆਂ ਅਤੇ ਸੀਵਰਾਂ ਦਾ ਪ੍ਰਬੰਧ ਕੀਤਾ ਗਿਆ ਨਹਾਂ ਨੇ ਝਗੀਆਂ-ਝੌਂਪੜੀਆਂ ਵਾਲਿਆਂ ਨੂੰ ਸ਼ਰਾਬੀ ਬਣਾਣ ਵਿਚ ਕਈ ਕਸਰ ਨਹੀਂ ਛਡੀ ਹਣ ਸਾਡੀ ਸਰਕਾਰ ਇਨਹਾਂ ਸੈਂਕੜੇ ਝਗੀਆਂ-ਝੌਂਪੜੀਆਂ ਦੇ ਵਸਨੀਕਾਂ ਨੂੰ ਦਿੱਲੀ ਦੇ ਸਚੇ ਵਸਨੀਕ ਬਣਾਏਗੀ, ਤਾਂ ਜ ਇਹ ਲਕ ਵੀ ਆਪਣੇ ਆਪ ਨੂੰ ਦਿੱਲੀ ਵਾਲੇ ਕਹਾਣ ਵਿਚ ਮਾਣ ਮਹਿਸੂਸ ਕਰ ਸਕਣ।

# ਜੈਸ਼ੰਕਰ ਨੇ ਰਾਹੁਲ ਗਾਂਧੀ ਨੂੰ ਚਾਈਨਾ ਗੁਰੂ ਕਹਿ ਸਾਧੇ ਤਿੱਖੇ ਨਿਸ਼ਾਨੇ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 1 ਅਗਸਤ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਗੁਪਤ ਹਮਲਾ ਕਰਦੇ ਹੋਏ ਬੁੱਧਵਾਰ ਨੂੰ ਉਨ੍ਹਾਂ ਨੂੰ ਚਾਈਨਾ ਗੁਰੂ ਕਿਹਾ ਅਤੇ ਦੋਸ਼ ਲਗਾਇਆ ਕਿ ਕੁਝ ਲੋਕਾਂ ਨੇ 2008 ਦੇ ਬੀਜਿੰਗ ਓਲੰਪਿਕ ਵਿੱਚ ਸ਼ਾਮਲ ਹੋ ਕੇ ਅਤੇ ਚੀਨੀ ਰਾਜਦੂਤ ਤੋਂ ਨਿੱਜੀ ਟਿਊਸ਼ਨ ਲੈ ਕੇ ਚੀਨ ਬਾਰੇ ਆਪਣਾ ਗਿਆਨ ਪ੍ਰਾਪਤ ਕੀਤਾ। ਰਾਜ ਸਭਾ ਵਿੱਚ ਆਪਰੇਸ਼ਨ ਸਿੰਦੂਰ, ਪਹਿਲਗਾਮ ਵਿੱਚ ਅੱਤਵਾਦੀ ਹਮਲੇ ਪ੍ਰਤੀ ਭਾਰਤ ਦਾ ਮਜ਼ਬੂਤ, ਸਫਲ ਅਤੇ ਫੈਸਲਾਕੁੰਨ ਜਵਾਬ 'ਤੇ ਇੱਕ ਵਿਸ਼ੇਸ਼ ਚਰਚਾ ਵਿੱਚ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਨੇ ਚਾਈਨਾ ਗੁਰੂਆਂ ਵਾਂਗ ਚੀਨ ਦੀ ਆਪਣੀ ਹਾਲੀਆ ਫੇਰੀ ਦੌਰਾਨ ਕੋਈ ਗੁਪਤ ਮੀਟਿੰਗਾਂ ਨਹੀਂ ਕੀਤੀਆਂ ਅਤੇ ਨਾ ਹੀ ਕੋਈ ਸਮਝੌਤਾ ਕੀਤਾ। ਉਨ੍ਹਾਂ ਕਿਹਾ ਕਿ ਚੀਨ ਦੀ ਆਪਣੀ ਫੇਰੀ ਦੌਰਾਨ ਉਨ੍ਹਾਂ ਨੇ ਅੱਤਵਾਦ, ਤਣਾਅ ਘਟਾਉਣ ਅਤੇ ਵਪਾਰ 'ਤੇ ਪਾਬੰਦੀਆਂ ਸਮੇਤ ਆਪਸੀ ਹਿੱਤਾਂ 'ਤੇ ਚਰਚਾ ਕੀਤੀ। ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਨੇ 2008 ਦੇ ਬੀਜਿੰਗ ਓਲੰਪਿਕ ਵਿੱਚ ਵਿਸ਼ੇਸ਼ ਸੱਦੇ ਵਜੋਂ ਸ਼ਿਰਕਤ ਕੀਤੀ ਸੀ। ਜੈਸ਼ੰਕਰ ਨੇ ਕਿਹਾ ਕਿ ਪਾਕਿਸਤਾਨ ਅਤੇ ਚੀਨ ਵਿਚਕਾਰ ਸਹਿਯੋਗ 1960 ਦੇ ਦਹਾਕੇ ਵਿੱਚ ਸ਼ੁਰੂ ਹੋਇਆ ਸੀ ਪਰ ਪਿਛਲੀਆਂ ਸਰਕਾਰਾਂ ਨੇ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ। ਮੰਤਰੀ ਨੇ ਕਿਹਾ ਕਿ ਕੁਝ ਲੋਕ ਚੀਨ-ਪਾਕਿਸਤਾਨ ਸਬੰਧਾਂ ਬਾਰੇ ਗੱਲ ਕਰ ਰਹੇ ਹਨ, ਜੋ ਉਨ੍ਹਾਂ 'ਤੇ ਚੀਨ ਦੇ ਮੁੱਦੇ 'ਤੇ ਕਾਫ਼ੀ ਕੁਝ ਨਾ ਕਰਨ ਦਾ ਦੋਸ਼ ਲਗਾਉਂਦੇ ਹਨ, ਭਾਵੇਂ ਕਿ ਉਨ੍ਹਾਂ ਨੇ ਵਿਦੇਸ਼ ਸੇਵਾ ਵਿੱਚ 41 ਸਾਲ




ਬਿਤਾਏ ਹਨ ਅਤੇ ਚੀਨ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਭਾਰਤੀ ਰਾਜਦੂਤ ਹਨ। ਜੈਸ਼ੰਕਰ ਨੇ ਕਿਹਾ, ਕੁਝ ਚੀਨ ਗੁਰੂ ਇਨ੍ਹੀਂ ਦਿਨੀਂ ਚੀਨ ਬਾਰੇ ਗਿਆਨ ਸਾਂਝਾ ਕਰ ਰਹੇ ਹਨ। ਮੇਰੇ ਸਾਹਮਣੇ ਇੱਕ ਸੱਜਣ ਬੈਠੇ ਹਨ, ਜੋ ਚੀਨ ਨੂੰ ਇੰਨਾ ਪਿਆਰ ਕਰਦੇ ਸਨ ਕਿ ਉਨ੍ਹਾਂ ਨੇ ਭਾਰਤ ਅਤੇ ਚੀਨ ਵਿਚਕਾਰ 'ਚਿੜੀ' ਵਰਗਾ ਸੌਦਾ ਕੀਤਾ। ਉਨ੍ਹਾਂ ਨੂੰ ਚੀਨ ਲਈ ਬਹੁਤ ਪਿਆਰ ਹੈ। ਜੈਸ਼ੰਕਰ ਨੇ 'ਚਿੜੀ' ਸ਼ਬਦ ਦਾ ਹਵਾਲਾ ਕਾਂਗਰਸ ਨੇਤਾ ਜੈਰਾਮ ਰਮੇਸ਼ ਦੁਆਰਾ ਘੜੇ ਇੱਕ ਵਾਕੰਸ਼ ਨੂੰ ਲੈ ਕੇ ਦਿੱਤਾ ਹੈ, ਜਿਨ੍ਹਾਂ ਨੇ ਕਿਹਾ ਸੀ, ਚਿੜੀ ਅਜੇ ਵੀ ਇੱਕ ਜਿਉਂਦਾ ਵਿਚਾਰ ਹੈ। ਵਿਦੇਸ਼ ਮੰਤਰੀ ਨੇ ਕਿਹਾ, ਪਰ ਜਦੋਂ ਤੁਸੀਂ ਓਲੰਪਿਕ ਕਲਾਸਾਂ ਵਿੱਚ ਜਾਂਦੇ ਹੋ, ਤਾਂ ਕੁਝ ਚੀਜ਼ਾਂ ਖੁੰਝ ਜਾਂਦੀਆਂ ਹਨ ਅਤੇ ਫਿਰ ਤੁਹਾਨੂੰ ਚੀਨੀ ਰਾਜਦੂਤ ਨੂੰ ਘਰ ਬੁਲਾਉਣਾ ਪੈਂਦਾ ਹੈ ਅਤੇ ਉਨ੍ਹਾਂ ਤੋਂ ਨਿੱਜੀ ਟਿਊਸ਼ਨ ਲੈਣੀ ਪੈਂਦੀ ਹੈ।

# ਸਾਡੇ ਕੋਲ ਸਬੂਤ ਹਨ ਕਿ ਚੋਣ ਕਮਿਸ਼ਨ ਵੋਟ ਚੋਰੀ ਚ ਸ਼ਾਮਲ ਹੈ : ਰਾਹੁਲ ਗਾਂਧੀ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿਲੀ 1 ਅਗਸਤ: ਲਕ ਸਭਾ 'ਚ ਵਿਰਧੀ ਧਿਰ ਦੇ ਨੇਤਾ ਰਾਹਲ ਗਾਂਧੀ ਨੇ ਸ਼ਕਰਵਾਰ ਨੂੰ ਦਾਅਵਾ ਕੀਤਾ ਕਿ ਨਹਾਂ ਕਲ ਇਸ ਗਲ ਦੇ ਪਕੇ ਸਬੂਤ ਹਨ ਕਿ ਚਣ ਕਮਿਸ਼ਨ ਵੋਟ ਚੋਰੀ 'ਚ ਸ਼ਾਮਲ ਹੈ ਅਤੇ ਇਹ ਸਭ ਭਾਰਤੀ ਜਨਤਾ ਪਾਰਟੀ (ਭਾਜਪਾ) ਲਈ ਕਰ ਰਿਹਾ ਹੈ ਨਹਾਂ ਦਾਅਵਾ ਕੀਤਾ ਕਿ ਨਹਾਂ ਕਲ ਜ ਸਬੂਤ ਹਨ ਐਟਮ ਬੰਬ ਵਾਂਗ ਹਨ, ਜਿਸ ਦੇ ਫਟਣ ਤੋਂ ਬਾਅਦ ਕਮਿਸ਼ਨ ਨੂੰ ਲੁਕਣ ਲਈ ਕਈ ਜ ਗਹਾ ਨਹੀਂ ਮਿਲੇਗੀ ਰਾਹਲ ਗਾਂਧੀ ਨੇ ਸੰਸਦ ਕੰਪਲੈਕਸ 'ਚ ਪਤਰਕਾਰਾਂ ਨੂੰ ਕਿਹਾ, ਮੈਂ ਬਲਿਆ ਹੈ ਕਿ ਵਟ ਚਰੀ ਹ ਰਹੀ ਹੈ ਹਣ ਸਾਡੇ ਕਲ ਇਸ ਗਲ ਦੇ ਪਕੇ ਸਬੂਤ ਹਨ ਕਿ ਚਣ ਕਮਿਸ਼ਨ ਵਟ ਚਰੀ @ਚ ਸ਼ਾਮਲ ਹੈ ਮੈਂ ਹਲਕੇ 'ਚ ਨਹੀਂ ਬਲ ਰਿਹਾ, ਮੈਂ 100 ਫੀਸਦੀ ਸਬੂਤ ਨਾਲ ਬਲ ਰਿਹਾ ਹਾਂ। ਨਹਾਂ ਦਾਅਵਾ ਕੀਤਾ, ਜਿਵੇਂ ਹੀ ਅਸੀਂ ਇਹ ਜਾਰੀ ਕਰਾਂਗੇ, ਪੂਰੇ ਦੇਸ਼ ਨੂੰ ਪਤਾ ਲਗ ਜਾਵੇਗਾ ਕਿ ਕਮਿਸ਼ਨ ਵਟਾਂ ਚਰੀ ਕਰ ਰਿਹਾ ਹੈ ਅਤੇ ਇਹ ਭਾਜਪਾ ਲਈ ਕਰ ਰਿਹਾ ਹੈ ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ, ਸਾਨੂੰ ਮਧ ਪ੍ਰਦੇਸ਼ (ਵਿਧਾਨ ਸਭਾ ਚਣਾਂ) 'ਚ ਸ਼ਕ ਸੀ, ਲਕ ਸਭਾ ਚਣਾਂ 'ਚ ਸ਼ਕ ਸੀ, ਬਾਅਦ ਦੀਆਂ ਵਿਧਾਨ ਸਭਾ ਚਣਾਂ



'ਚ ਵਟਰ ਜੜੇ ਗਏ... ਇਸ ਤੋਂ ਬਾਅਦ ਅਸੀਂ ਆਪਣੀ ਜਾਂਚ ਸ਼ੁਰੂ ਕੀਤੀ ਇਸ 'ਚ ਛੇ ਮਹੀਨੇ ਲਗ ਗਏ ਸਾਡੇ ਕਲ ਜ ਹੈ ਇਕ ਐਟਮ ਬੰਬ ਹੈ, ਜਦੋਂ ਇਹ ਫਟੇਗਾ ਤਾਂ ਤਹਾਨੂੰ ਚਣ ਕਮਿਸ਼ਨ ਕਿਤੇ ਵੀ ਦਿਖਾਈ ਨਹੀਂ ਦੇਵੇਗਾ। ਰਾਹਲ ਗਾਂਧੀ ਨੇ ਚਿਤਾਵਨੀ ਭਰੇ ਲਹਿਜੇ @ਚ ਕਿਹਾ, ਮੈਂ ਬਹਤ ਗੰਭੀਰਤਾ ਨਾਲ ਕਹਿ ਰਿਹਾ ਹਾਂ ਕਿ ਜ ਵੀ ਚਣ ਕਮਿਸ਼ਨ @ਚ ਇਹ ਕੰਮ ਕਰ ਰਹੇ ਹਨ, ਅਸੀਂ ਤਹਾਨੂੰ ਨਹੀਂ ਬਖਸ਼ਾਂਗੇ ਤਸੀਂ ਭਾਰਤ ਵਿਰਧ ਕੰਮ ਕਰ ਰਹੇ ਹ, ਇਹ ਦੇਸ਼ਧ੍ਰਹ ਹੈ ਭਾਵੇਂ ਤਸੀਂ ਸੇਵਾਮਕਤ ਹ ਜਾਂ ਤਸੀਂ ਜਿਥੇ ਵੀ ਹ, ਅਸੀਂ ਤਹਾਨੂੰ ਲਭ ਲਵਾਂਗੇ ਕਾਂਗਰਸ ਦੇ ਸਾਬਕਾ ਪ੍ਰਧਾਨ ਪਿਛਲੇ ਕਝ ਹਫ਼ਤਿਆਂ ਤੋਂ ਲਗਾਤਾਰ ਦਾਅਵਾ ਕਰ ਰਹੇ ਹਨ ਕਿ ਨਹਾਂ ਦੀ ਪਾਰਟੀ ਨੇ ਕਰਨਾਟਕ ਦੇ ਇਕ ਲਕ ਸਭਾ ਹਲਕੇ 'ਚ ਵਟਰ ਸੂਚੀ ਦੀ ਜਾਂਚ ਕੀਤੀ ਹੈ ਜਿਸ @ਚ ਵਡੇ ਪਧਰ 'ਤੇ ਬੇਨਿਯਮੀਆਂ ਪਾਈਆਂ ਗਈਆਂ ਹਨ ਅਤੇ ਇਸ ਦੇ ਵੇਰਵੇ ਜਲਦੀ ਹੀ ਜਨਤਕ ਕੀਤੇ ਜਾਣਗੇ 24 ਜਲਾਈ ਨੂੰ ਚਣ ਕਮਿਸ਼ਨ (53) ਨੇ ਕਾਂਗਰਸ ਨੇਤਾ ਰਾਹਲ ਗਾਂਧੀ ਦੇ ਇਸ ਦਾਅਵੇ @ਤੇ ਸਖ਼ਤ ਇਤਰਾਜ਼ ਜਤਾਇਆ ਸੀ ਕਮਿਸ਼ਨ ਨੇ ਕਿਹਾ ਸੀ ਕਿ ਲਕ ਸਭਾ 'ਚ ਵਿਰਧੀ ਧਿਰ ਦੇ ਨੇਤਾ ਨੇ ਨਾ ਸਿਰਫ਼ ਬੇਬਨਿਆਦ ਦਸ਼ ਲਗਾਏ, ਸਗੋਂ ਇਕ ਸੰਵਿਧਾਨਕ ਸੰਸਥਾ ਨੂੰ ਡਰਾਣ ਦੀ ਕਸ਼ਿਸ਼ ਵੀ ਕੀਤੀ ਹੈ

## ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਪੁੱਛਿਆ: ਰੋਹਿੰਗਿਆ ਸ਼ਰਨਾਰਥੀ ਹਨ ਜਾਂ ਗ਼ੈਰ-ਕਾਨੂੰਨੀ ਘੁਸਪੈਠੀਏ?

ਨਵੀਂ ਦਿੱਲੀ 1 ਅਗਸਤ। ਸੁਪਰੀਮ ਕੋਰਟ ਨੇ ਵੀਰਵਾਰ ਨੂੰ ਕਿਹਾ ਕਿ ਰੋਹਿੰਗਿਆਂ ਨਾਲ ਸਬੰਧਤ ਮਾਮਲਿਆਂ ਦੇ ਨਿਪਟਾਰੇ 'ਚ ਪਹਿਲਾ ਅਹਿਮ ਮੁੱਦਾ ਇਹ ਹੈ ਕਿ ਉਹ ਸ਼ਰਨਾਰਥੀ ਹਨ ਜਾਂ ਗ਼ੈਰ-ਕਾਨੂੰਨੀ ਘੁਸਪੈਠੀਏ। ਇਸ ਮਾਮਲੇ ਦੇ ਸਬੰਧ ਵਿਚ ਜਸਟਿਸ ਸੂਰਿਆਕਾਂਤ, ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਐੱਨ. ਕੋਟਿਸ਼ਵਰ ਸਿੰਘ ਦੀ ਬੈਂਚ ਨੇ ਕਿਹਾ ਕਿ ਇਕ ਵਾਰ ਇਹ ਤੈਅ ਹੋ ਜਾਣ ਤੋਂ ਬਾਅਦ ਹੋਰ ਮੁੱਦੇ ਵੀ ਸਾਹਮਣੇ ਆ ਸਕਦੇ ਹਨ। ਬੈਂਚ ਨੇ ਦੇਸ਼ 'ਚ ਰੋਹਿੰਗਿਆਂ ਨਾਲ ਜੁੜ?ੀਆਂ ਕਈ ਪਟੀਸ਼ਨਾਂ 'ਤੇ ਸੁਣਵਾਈ ਕਰਦੇ ਹੋਏ ਇਹ ਟਿੱਪਣੀ ਕੀਤੀ। ਜਸਟਿਸ ਸੂਰਿਆਕਾਂਤ ਨੇ ਕਿਹਾ, "ਪਹਿਲਾ ਅਹਿਮ ਮੁੱਦਾ ਸਰਲ ਹੈ, ਕੀ ਉਹ ਸ਼ਰਨਾਰਥੀ ਹਨ ਜਾਂ ਗ਼ੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਘੁਸਪੈਠੀਏ।"ਬੈਂਚ ਨੇ ਰੋਹਿੰਗਿਆਂ ਨਾਲ ਜੁੜ?ੀਆਂ ਪਟੀਸ਼ਨਾਂ 'ਚ ਉਸ ਦੇ ਵਿਚਾਰਯੋਗ ਵਿਆਪਕ ਮੁੱਦਿਆਂ 'ਤੇ ਗੌਰ ਕੀਤਾ। ਉਸ ਨੇ ਪੁੱਛਿਆ, "ਕੀ ਰੋਹਿੰਗਿਆ ਸ਼ਰਨਾਰਥੀ ਐਲਾਨੇ ਜਾਣ ਦੇ ਹੱਕਦਾਰ ਹਨ? ਜੇਕਰ ਹਾਂ, ਤਾਂ ਉਨ੍ਹਾਂ ਨੂੰ ਕਿਹੜੀ ਸੁਰੱਖਿਆ, ਵਿਸ਼ੇਸ਼ ਅਧਿਕਾਰ ਜਾਂ ਅਧਿਕਾਰ ਹਾਸਲ ਹਨ?"ਬੈਂਚ ਨੇ ਕਿਹਾ ਕਿ ਦੂਜਾ ਮੁੱਦਾ ਇਹ ਹੈ ਕਿ ਜੇਕਰ ਰੋਹਿੰਗਿਆ ਸ਼ਰਨਾਰਥੀ ਨਹੀਂ



ਹਨ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਘੁਸਪੈਠੀਏ ਹਨ, ਤਾਂ ਕੀ ਉਨ੍ਹਾਂ ਨੂੰ ਦੇਸ਼ 'ਚੋਂ ਕੱਢਣ ਦੀ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਕਾਰਵਾਈ ਉਚਿਤ ਸੀ?

# ਐਸਟੀਐਫ ਨੇ ਸਖਤ ਕਦਮ ਚੁੱਕਦੇ ਹੋਏ ਸੱਭ ਤੋਂ ਖਰਾਬ ਲਿੰਗਨੁਪਾਤ ਵਾਲੇ 5 ਜਿਲ੍ਹਿਆਂ ਦੇ ਸੀਐਮਓ ਦੀ ਪੀਐਨਡੀਟੀ ਸ਼ਕਤੀਆਂ ਲਈਆਂ ਜਾਣਗੀਆਂ ਵਾਪਸ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 1 ਅਗਸਤ: ਹਰਿਆਣਾ ਦੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਦੇ ਨਿਰਦੇਸ਼ 'ਤੇ ਹਰਿਆਣਾ ਵਿੱਚ ਲਿੰਗਨੁਪਾਤ ਵਿੱਚ ਸੁਧਾਰ ਲਈ ਰਾਜ ਟਾਸਕ ਫੋਰਸ (ਐਸਟੀਐਫ) ਦੀ ਹਫਤਾਵਾਰ ਮੀਟਿੰਗ ਅੱਜ ਇੱਥੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਅਵੈਧ ਗਰਭਪਾਤ 'ਤੇ ਰੋਕ ਲਗਾਉਣ ਅਤੇ ਬੇਟੀ ਬਚਾਓ-ਬੇਟੀ ਪੜਾਓ ਮੁਹਿਮ ਤਹਿਤ ਰਾਜ ਦੇ ਲਿੰਗਨੁਪਾਤ ਵਿੱਚ ਹੋਰ ਸੁਧਾਰ ਲਿਆਉਣ ਦੇ ਯਤਨਾਂ ਨੂੰ ਤੇਜ ਕਰਨ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ। ਮੀਟਿੰਗ ਵਿੱਚ ਕਿਹਾ ਗਿਆ ਕਿ ਸਰਕਾਰ ਦੇ ਲਗਾਤਾਰ ਯਤਨਾਂ ਨਾਲ ਉਤਸਾਹਜਨਕ ਨਤੀਜੇ ਸਾਹਮਣੇ ਆਏ ਹਨ। ਇਸ ਸਾਲ 1 ਜਨਵਰੀ ਤੋਂ 28 ਜੁਲਾਈ ਤੱਕ ਰਾਜ ਦਾ ਲਿੰਗਨੁਪਾਤ ਸੁਧਰ ਕੇ 905 ਹੋ ਗਿਆ ਹੈ, ਜੋ ਪਿਛਲੇ ਸਾਲ ਇਸੀ ਸਮੇਂ ਦੌਰਾਨ 899 ਸੀ। ਵਧੀਕ ਮੁੱਖ ਸਕੱਤਰ ਨੇ ਅਵੈਧ ਗਰਭਪਾਤ ਦੇ ਖਿਲਾਫ ਸਖਤ ਕਾਰਵਾਈ ਦੀ ਜਰੂਰਤ 'ਤੇ ਜੋਰ ਦਿੱਤਾ, ਜਿਸ ਵਿੱਚ ਦੋਸ਼ੀ ਪਾਏ ਗਏ ਡਾਕਟਰਾਂ ਦੇ ਲਾਇਸੈਂਸ ਰੱਦ ਕਰਨਾ ਅਤੇ ਅਜਿਹੇ ਸਾਰੇ ਕੇਂਦਰਾਂ/ਕਲੀਨਿਕਸ ਨੂੰ ਸੀਲ ਕਰਨਾ ਸ਼ਾਮਿਲ ਹੈ, ਜੋ ਇਸ ਤਰ੍ਹਾਂ ਦੇ ਮਾੜੇ ਕੰਮ ਵਿੱਚ ਸ਼ਾਮਿਲ ਪਾਏ ਜਾਂਦੇ ਹਨ। ਉਨ੍ਹਾਂ ਨੇ ਨਿਰਦੇਸ਼ ਦਿੱਤਾ ਕਿ ਅਜਿਹੇ ਹਸਪਤਾਲਾਂ ਅਤੇ ਕੇਂਦਰਾਂ ਨੂੰ ਆਯੁਸ਼ਮਾਨ ਭਾਰਤ ਯੋਜਨਾ ਤਹਿਤ ਸੂਚੀਬੱਧ ਕਰਨ ਨਾਲ ਹਟਾ ਦਿੱਤਾ ਜਾਵੇ ਅਤੇ ਅਜਿਹੇ ਕੇਂਦਰਾਂ ਨੂੰ ਦਿੱਤੀ ਜਾਣ ਵਾਲੀ ਹੋਰ ਸਰਕਾਰੀ ਸਹੂਲਤਾਂ ਵੀ ਬੰਦ ਕਰ ਦਿੱਤੀਆਂ ਜਾਣ। ਡਾਇਲੇਸ਼ਨ ਅਤੇ ਕਿਯੂਰੇਟੇ? (ਡੀਐਂਡ ਸੀ) ਪ੍ਰਕ੍ਰਿਆ ਦੀ ਆੜ ਵਿੱਚ ਅਵੈਧ ਗਰਭਪਾਤ ਕਰਨ ਕਰਨ ਵਾਲੇ ਕੇਂਦਰਾਂ ਦੀ ਵੀ ਪਹਿਚਾਣ ਕੀਤੀ ਜਾਣੀ ਚਾਹੀਦੀ ਅਤੇ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਰਾਜ ਸਾਰੇ ਮੈਡੀਕਲ ਟਰਮੀਨੇਸ਼ਨ ਆਫ ਪ੍ਰੇਗਨੇਂਸੀ (ਐਮਟੀਪੀ) ਅਤੇ 12 ਹਫਤੇ ਤੋਂ ਵੱਧ ਦੇ ਗਰਭਪਾਤ ਦੇ ਮਾਮਲਿਆਂ ਵਿੱਚ ਰਿਵਰਸ ਟ੍ਰੈਕਿੰਗ ਲਾਗੂ ਕਰ ਰਿਹਾ ਹੈ, ਵਿਸ਼ੇਸ਼ਕਰ ਜਿੱਥੇ ਮਹਿਲਾਵਾਂ ਨੂੰ ਪਹਿਲਾਂ ਤੋਂ ਹੀ ਇੱਕ ਜਾਂ ਵੱਧ ਕੁੜੀਆਂ ਹਨ। ਪਿਛਲੇ ਹਫਤੇ ਰਿਵਰਸ ਟ੍ਰੈਕਿੰਗ ਦੇ ਸ਼ੱਕੀ ਮਾਮਲਿਆਂ ਵਿੱਚ 10 ਹੋਰ ਐਫਆਈਆਰ ਦਰਜ ਕੀਤੀ ਗਈ। ਮੀਟਿੰਗ ਵਿੱਚ ਦਸਿਆ ਗਿਆ ਕਿ 15 ਜਿਲ੍ਹਿਆਂ ਵਿੱਚ ਪਿਛਲੇ ਸਾਲ ਦੀ ਤੁਲਣਾ ਵਿੱਚ ਲਿੰਗਨੁਪਾਤ ਵਿੱਚ ਵਰਨਣਯੋਗ ਸੁਧਾਰ ਹੋਇਆ ਹੈ, ਜੋ ਛਾਪੇਮਾਰੀ ਅਤੇ ਡੇਕੋਏ ਆਪ੍ਰੇਸ਼ਨ ਵਰਗੇ ਲਗਾਤਾਰ ਖੇਤਰੀ ਮੁਹਿੰਮਾਂ ਦਾ ਨਤੀਜਾ ਹੈ। ਹਾਲਾਂਕਿ, ਪੰਜ ਜਿਲ੍ਹਿਆਂ ਅੰਬਾਲਾ, ਭਿਵਾਨੀ, ਚਰਖੀ ਦਾਦਰੀ, ਪਲਵਲ ਅਤੇ ਸਿਰਸਾ ਨੇ ਉਮੀਦ ਤੋਂ ਘੱਟ ਪ੍ਰਦਰਸ਼ਨ ਕੀਤਾ ਹੈ ਅਤੇ ਪਿਛਲੇ ਸਾਲ ਦੀ ਤੁਲਣਾ ਵਿੱਚ ਲਿੰਗਨੁਪਾਤ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਸਖਤ ਕਾਰਵਾਈ ਦੇ ਆਦੇਸ਼ ਦਿੰਦੇ ਹੋਏ ਵਧੀਕ ਮੁੱਖ ਸਕੱਤਰ ਨੇ ਨਿਰਦੇਸ਼ ਦਿੱਤਾ ਕਿ ਪੀਐਨਡੀਟੀ ਐਕਟ ਤਹਿਤ ਇਨ੍ਹਾਂ ਪੰਜ ਜਿਲ੍ਹਿਆਂ ਦੇ ਮੁੱਖ ਮੈਡੀਕਲ ਅਧਿਕਾਰੀਆਂ ਦੀ ਸਾਰੇ ਸ਼ਕਤੀਆਂ ਵਾਪਸ ਲੈ ਲਈਆਂ ਜਾਣ ਅਤੇ ਗੁਆਂਢੀ ਜਿਲ੍ਹਿਆਂ ਦੇ ਸੀਐਮਓ ਨੂੰ ਦੇ ਦਿੱਤੀਆਂ ਜਾਣ। ਉਨ੍ਹਾਂ ਨੇ ਕਿਹਾ ਕਿ ਨਵੇਂ ਸੀਐਮਓ ਤੁਰੰਤ ਇਨ੍ਹਾਂ ਜਿਲ੍ਹਿਆਂ ਦਾ ਕਾਰਜਭਾਰ ਸੰਭਾਲਣ ਅਤੇ ਲਿੰਗਨੁਪਾਤ ਵਿੱਚ ਸੁਧਾਰ ਲਈ ਕੰਮ ਸ਼ੁਰੂ ਕਰਨ। ਉਨ੍ਹਾਂ ਨੇ ਇਹ ਵੀ ਆਦੇਸ਼ ਦਿੱਤਾ ਕਿ ਇਨ੍ਹਾਂ ਜਿਲ੍ਹਿਆਂ ਵਿੱਚ ਪੀਐਨਡੀਟੀ ਐਕਟ ਦੇ ਨੋਡਲ ਅਧਿਕਾਰੀਆਂ ਨੂੰ ਚਾਰਜਸ਼ੀਟ ਕੀਤਾ ਜਾਵੇ ਅਤੇ ਉਨ੍ਹਾਂ ਦੇ ਸਥਾਨ 'ਤੇ ਨਵੇਂ ਅਧਿਕਾਰੀ ਨਿਯੁਕਤ ਕੀਤੇ ਜਾਣ। ਇੰਨ੍ਹਾਂ ਜਿਲ੍ਹਿਆਂ ਵਿੱਚ ਅਵੈਧ ਗਰਭਪਾਤ ਨੂੰ ਰੋਕਣ ਲਈ ਸੁਧਾਰਾਤਮਕ ਕਾਰਵਾਈ ਦੀ ਨਿਗਰਾਨੀ ਲਈ ਐਚਸੀਐਸ ਅਤੇ ਹੋਰ ਸੀਨੀਅਰ ਅਧਿਕਾਰੀਆਂ ਸਮੇਤ ਵਿਸ਼ੇਸ਼ ਰਾਜ ਦਸਤੇ ਗਠਨ ਕੀਤੇ ਜਾਣਗੇ। ਜਿਨ੍ਹਾਂ ਜਿਲ੍ਹਿਆਂ ਨੇ ਲਿੰਗਨੁਪਾਤ ਵਿੱਚ ਵਰਨਣਯੋਗ ਸੁਧਾਰ ਹਾਸਲ ਕੀਤਾ ਹੈ, ਉਨ੍ਹਾਂ ਜਿਲ੍ਹਿਆਂ ਨੂੰ ਉਨ੍ਹਾਂ ਦੇ ਯਤਨਾਂ ਲਈ ਪ੍ਰੋਤਸਾਹਿਤ ਅਤੇ ਪੁਰਸਕ੍ਰਿਤ ਕੀਤਾ ਜਾਵੇਗਾ। ਵਧੀਕ ਮੁੱਖ ਸਕੱਤਰ ਨੇ ਇਹ ਵੀ ਕਿਹਾ ਕਿ ਲਿੰਗ ਨਿਰਧਾਰਣ ਜਾਂਚ ਸਮੇਤ ਅਵੈਧ ਗਰਭਪਾਤ ਪ੍ਰਥਾਵਾਂ ਵਿੱਚ ਸ਼ਾਮਿਲ ਡਾਕਟਰਾਂ/ਝੋਲਾਛਾਪ ਡਾਕਟਰਾਂ ਦੀ ਪ੍ਰਮਾਣਿਕ ਅਤੇ ਸਟੀਕ ਜਾਣਕਾਰੀ ਸੰਬੰਧਿਤ ਸੀਐਮਓ ਨੂੰ ਪ੍ਰਦਾਨ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ 1 ਲੱਖ ਰੁਪਏ ਦੀ ਨਗਦ ਪ੍ਰੋਤਸਾਹਨ ਰਕਮ ਨਾਲ ਪੁਰਸਕ੍ਰਿਤ ਕੀਤਾ ਜਾਵੇਗਾ। ਮੀਟਿੰਗ ਵਿੱਚ ਸਿਹਤ ਵਿਭਾਗ ਦੇ ਸਕੱਤਰ ਅਤੇ ਕੌਮੀ ਸਿਹਤ ਮਿਸ਼ਨ ਦੇ ਮਿਸ਼ਨ ਡਾਇਰੈਕਟਰ ਸ੍ਰੀ ਵਿਧੂਦਮਨ ਸਿੰਘ ਢਿੱਲੋਂ ਅਤੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

## ਪ੍ਰੇਮ ਵਿਆਹ ਕਰਵਾਉਣ ਵਾਲੇ ਨੌਜਵਾਨ 'ਤੇ ਹਮਲਾ ਕਰਨ ਵਾਲੇ 4 ਨਾਮਜ਼ਦ

ਬਠਿੰਡਾ 1 ਅਗਸਤ। ਸਿਵਲ ਲਾਈਨ ਪੁਲਸ ਨੇ ਕੁੜੀ ਪੱਖ ਦੇ ਚਾਰ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ, ਜਿਨ੍ਹਾਂ ਨੇ ਪ੍ਰੇਮ ਵਿਆਹ ਕਰਵਾਉਣ ਵਾਲੇ ਨੌਜਵਾਨ 'ਤੇ ਪਿਛਲੇ ਦਿਨ ਜ਼ਿਲ੍ਹਾ ਅਦਾਲਤ ਪਹੁੰਚਣ 'ਤੇ ਹਮਲਾ ਕੀਤਾ ਸੀ। ਮਨਪ੍ਰੀਤ ਸਿੰਘ ਵਾਸੀ ਗੋਮਾਣਾ ਅਜੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਠੱਠੀ ਭਾਈ, ਜ਼ਿਲ੍ਹਾ ਮੋਗਾ ਦੇ ਰਹਿਣ ਵਾਲੇ ਸਤਨਾਮ ਸਿੰਘ ਦੀ ਧੀ ਗੁਰਜੀਤ ਕੌਰ ਨਾਲ ਪ੍ਰੇਮ ਵਿਆਹ ਹੋਇਆ ਸੀ। ਇਸ ਕਾਰਨ ਉਸ ਦੀ ਪਤਨੀ ਦੇ ਪਰਿਵਾਰ ਨੂੰ ਉਸ ਨਾਲ ਨਫ਼ਰਤ ਹੈ। ਪਿਛਲੇ ਦਿਨ ਉਹ ਅਦਾਲਤ ਦੇ ਕੰਮ ਲਈ ਜ਼ਿਲ੍ਹਾ ਅਦਾਲਤ ਦੇ ਵਿਹੜੇ ਵਿਚ ਆਇਆ ਸੀ, ਜਿਸ ਦੌਰਾਨ ਉਸ ਦੀ ਪਤਨੀ ਦੇ ਪਿਤਾ ਸਤਨਾਮ ਸਿੰਘ, ਚਮਕੌਰ ਸਿੰਘ, ਜਗਸੀਰ ਸਿੰਘ ਅਤੇ ਗੁਰਨਾਮ ਸਿੰਘ ਵਾਸੀ ਠੱਠੀ ਭਾਈ ਨੇ ਉਸਦੀ ਕੁੱਟਮਾਰ ਕੀਤੀ। ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਲੇਖਕਾਂ ਦੀ ਪੁਸਤਕ ਮੁਫਤ ਛਾਪਣ ਦੇ ਨਾਲ ਨਾਲ? ਸੇਵਾ ਫਲ ਦੇਣ ਦਾ ਵੀ ਫੈਸਲਾ

**ਕੌਮੀ ਪਤ੍ਰਿਕਾ**

ਸੰਗਰੂਰ, 1 ਅਗਸਤ: ਸਾਹਿਤ ਸਦਨ ਸੰਗਰੂਰ ਵਲੋਂ ਸਥਾਨਕ ਜ਼ਿਲ੍ਹਾ ਭਾਸ਼ਾ ਦਫਤਰ ਵਿਚ ਅੱਜ ਹੋਏ ਸਾਹਿਤਕ ਸਮਾਗਮ ਦੌਰਾਨ ਦਲਬਾਰ ਸਿੰਘ ਚੱਠੇ ਦੀ ਪੁਸਤਕ ਸਰਬੱਤਦਾਨੀ ਲੋਕ ਅਰਪਣ ਦੇ ਨਾਲ ਨਾਲ ਸਾਵਣ ਕਵੀ ਦਰਬਾਰ ਦੀ ਮਹਿਫਲ ਵੀ ਲਗਾਈ ਗਈ। ਸਮਾਗਮ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਡਾ. ਭੀਮਇੰਦਰ ਸਿੰਘ, ਪ੍ਰਧਾਨਗੀ ਕਰ ਰਹੇ ਪ੍ਰੋ. ਬਲਬੀਰ ਕੌਰ ਰਾਏਕੋਟੀ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਭਾਰਤ ਚੈਪਟਰ ਲਈ ਪ੍ਰਧਾਨ, ਸ. ਰਣਜੋਧ ਸਿੰਘ ਜ਼ਿਲ੍ਹਾ ਭਾਸ਼ਾ ਅਫਸਰ ਸੰਗਰੂਰ, ਸਾਹਿਤ ਸਦਨ ਦੇ ਪ੍ਰਧਾਨ ਡਾ. ਇਕਬਾਲ ਸਿੰਘ, ਚੇਅਰਮੈਨ ਬਲਵੰਤ ਸਿੰਘ ਜੋਗਾ, ਨਾਮਵਰ ਸਾਹਿਤਕਾਰ ਮੋਹਨ ਸ਼ਰਮਾ ਅਤੇ ਜਨਰਲ ਸਕੱਤਰ ਜੀਤ ਹਰਜੀਤ ਨੇ ਪੁਸਤਕ ਸਰਬੱਤਦਾਨੀ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ। ਡਾ. ਇਕਬਾਲ ਸਿੰਘ ਸਕਰੌਦੀ ਨੇ ਪੁਸਤਕ ਬਾਰੇ ਵਿਚਾਰ ਪੇਸ਼ ਕਰਦਿਆਂ ਇਸ ਨੂੰ ਪੰਜਾਬੀ ਸਾਹਿਤਕਾਰਾਂ ਦੇ ਨਾਲ ਨਾਲ ਆਮ ਪਾਠਕਾਂ ਲਈ ਲਾਹੇਵੰਦੀ ਦੱਸਿਆ। ਮੋਹਨ ਸ਼ਰਮਾ ਵਲੋਂ ਨਸ਼ਿਆਂ ਦੇ ਵਗ ਰਹੇ ਦਰਿਆ ਦੇ ਮੁੱਦੇ ਉੱਤੇ ਲਿਖੇ ਗੀਤ ਨੂੰ ਪੀ.ਕੇ ਸਿੰਘ ਨੇ ਮੰਚ ਉੱਤੇ ਖੂਬਸੂਰਤੀ ਨਾਲ ਪੇਸ਼ ਕੀਤਾ ਅਤੇ ਪ੍ਰਧਾਨਗੀ ਮੰਡਲ ਵਲੋਂ ਇਸ ਗੀਤ ਨੂੰ ਲੋਕ ਅਰਪਣ ਕੀਤਾ ਗਿਆ। ਜੀਤ ਹਰਜੀਤ ਵਲੋਂ ਕੀਤੇ ਮੰਚ ਸੰਚਾਲਨ ਦੌਰਾਨ ਸਦਨ ਦੇ ਪ੍ਰਧਾਨ ਡਾ. ਇਕਬਾਲ ਸਿੰਘ ਸਕਰੌਦੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਚੇਅਰਮੈਨ ਬਲਵੰਤ ਸਿੰਘ ਜੋਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਲਦੀ ਹੀ ਇੱਕ ਹੋਰ ਸਾਵਣ ਕਵੀ ਦਰਬਾਰ ਕਰਵਾਇਆ ਜਾਵੇਗਾ ਅਤੇ ਇਸ ਕਵੀ ਦਰਬਾਰ ਵਿਚ ਸ਼ਾਮਲ ਹੋਣ ਵਾਲੇ ਕਵੀਆਂ ਨੂੰ ਢੁਕਵਾਂ ਸੇਵਾ ਫਲ ਵੀ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਦਨ ਵਲੋਂ ਮੈਂਬਰ ਲੇਖਕਾਂ ਦੀ ਇੱਕ ਪੁਸਤਕ ਤਿਆਰ ਕੀਤੀ ਜਾਵੇਗੀ ਜਿਸ ਵਿਚ ਹਰ ਮੈਂਬਰ ਆਪਣੀਆਂ 3-4 ਰਚਨਾਵਾਂ ਦੇ ਸਕਦਾ ਹੈ। ਕਿਸੇ ਲੇਖਕ ਤੋਂ ਇਸ ਕਿਤਾਬ ਲਈ ਕੋਈ ਫੀਸ ਨਹੀਂ ਲਈ ਜਾਵੇਗੀ ਸਗੋਂ ਕਿਤਾਬ ਛਪਣ ਉਤੇ ਮੁਫਤ 10-10 ਕਾਪੀਆਂ ਦੇ ਨਾਲ ਢੁਕਵਾਂ ਸੇਵਾ ਫਲ ਵੀ ਦਿੱਤਾ ਜਾਵੇਗਾ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਮੋਹਨ ਸ਼ਰਮਾ, ਮੂਲਚੰਦ ਸ਼ਰਮਾ, ਮੀਤ ਸਕਰੌਦੀ, ਧਰਮੀ ਤੁੰਗਾਂ, ਸਦਨ ਦੇ ਮੀਡੀਆ ਇੰਚਾਰਜ ਸੁਰਿੰਦਰਪਾਲ ਸਿੰਘ ਸਿਦਕੀ, ਗਗਨਪ੍ਰੀਤ ਸੱਪਲ, ਰਾਮ ਚੰਦ, ਜਸਪ੍ਰੀਤ ਕੌਰ ਗੁਰਨੇ, ਜਸਵੰਤ ਸਿੰਘ ਅਸਮਾਨੀ, ਅਰਸ਼ਦੀਪ ਗਰਗ, ਹਰਦੀਪ ਕੋਮਲ, ਨਵਜੋਤ ਕੌਰ, ਮਨਜੀਤ ਕੌਰ ਸੰਧੂ, ਰਣਜੀਤ ਆਜਾਦ ਕਾਂਝਲਾ, ਬਲਜੀਤ ਸ਼ਰਮਾ, ਸ਼ਸ਼ੀ ਬਾਲਾ, ਜਸ਼ ਸ਼ੇਰਗਿੱਲ, ਜਗਪਾਲ ਸਿੰਘ ਸਿੱਧੂ ਕੈਨੇਡਾ, ਜੰਗ ਸਿੰਘ ਫੱਟੜ, ਸੰਜੇ ਲਹਿਰੀ, ਪਰਮਜੀਤ ਸਿੰਘ ਦਰਦੀ, ਹਰਜਿੰਦਰ ਕੌਰ ਅਤੇ ਹਰਪ੍ਰੀਤ ਕੌਰ ਨੇ ਆਪਣੀਆਂ ਰਚਨਾਵਾਂ ਰਾਹੀਂ ਰੰਗ ਬੰਨ੍ਹਿਆ। ਸਮਾਗਮ ਨੂੰ ਪਾਲੀ ਰਾਮ ਬਾਂਸਲ, ਏ.ਪੀ ਸਿੰਘ ਬਾਬਾ, ਡਾ. ਜੋਤੀ ਗੁਪਤਾ, ਪਰਮਜੀਤ ਸਿੰਘ ਟਿਵਾਣਾ ਅਤੇ ਹੋਰਨਾਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹਰਜੀਤ ਸਿੰਘ ਢੀਂਗਰਾ, ਕੁਲਵਿੰਦਰ ਕੌਰ ਢੀਂਗਰਾ, ਡਾ. ਹਰਪ੍ਰੀਤ ਕੌਰ ਖਾਲਸਾ, ਰਾਜ ਕੁਮਾਰ ਅਰੋੜਾ, ਡਾ. ਨਰਵਿੰਦਰ ਕੌਸਲ ਪ੍ਰਧਾਨ ਸੀਨੀਅਰ ਸਿਟੀਜਨ ਭਲਾਈ ਸੰਸਥਾ, ਭੁਪਿੰਦਰ ਸਿੰਘ ਜੱਸੀ, ਡਾ. ਸੁਖਵਿੰਦਰ ਸਿੰਘ, ਕਿਸ਼ੋਰੀ ਲਾਲ, ਜਸਵੀਰ ਸਿੰਘ ਖਾਲਸਾ, ਸਤਦੇਵ ਸ਼ਰਮਾ, ਵਿਪਨ ਮਲਕ, ਗਗਨਪ੍ਰੀਤ ਸੱਪਲ ਅਤੇ ਹੋਰ ਸਖਸੀਅਤਾਂ ਵੀ ਮੌਜੂਦ ਸਨ।

# ਪੰਜਾਬ 'ਚ ਨਹੀਂ ਚੱਲਣਗੀਆਂ ਆਧਾਰ ਕਾਰਡ ਵਾਲੀਆਂ ਬੱਸਾਂ !

ਚੰਡੀਗੜ੍ਹ 1 ਅਗਸਤ। ਪੰਜਾਬ 'ਚ ਸਰਕਾਰੀ ਬੱਸਾਂ ਦਾ ਸਫ਼ਰ ਕਰਨ ਵਾਲੀਆਂ ਬੀਬੀਆਂ ਅਤੇ ਬਾਕੀ ਲੋਕਾਂ ਲਈ ਵੱਡਾ ਅਲਰਟ ਹੈ। ਦਰਅਸਲ ਪੀ. ਆਰ. ਟੀ. ਸੀ., ਪਨਬੱਸ ਅਤੇ ਪੰਜਾਬ ਰੋਡਵੇਜ਼ ਕਾਂਟਰੈਕਟ ਯੂਨੀਅਨ 1 ਅਗਸਤ ਨੂੰ ਇਕ ਵਾਰ ਫਿਰ ਤੋਂ ਸੂਬੇ ਭਰ ਦੀਆਂ ਸਰਕਾਰੀ ਬੱਸਾਂ ਦਾ




ਚੱਕਾ ਜਾਮ ਕਰ ਸਕਦੀ ਹੈ, ਜਿਸ ਕਾਰਨ ਬੱਸਾਂ ਦਾ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂਨੀਅਨ ਦਾ ਕਹਿਣਾ ਹੈ ਕਿ ਜੇਕਰ 1 ਅਗਸਤ ਨੂੰ ਉਨ੍ਹਾਂ ਦੀਆਂ ਮੰਗਾਂ 'ਤੇ ਸਰਕਾਰ ਨੇ ਵਿਚਾਰ ਨਹੀਂ ਕੀਤਾ ਤਾਂ ਯੂਨੀਅਨ ਵਲੋਂ ਪਹਿਲਾਂ ਤੋਂ ਐਲਾਨੀ ਹੜਤਾਲ 1 ਅਗਸਤ ਤੋਂ ਸ਼ੁਰੂ ਹੋ ਜਾਵੇਗੀ। ਇਸ ਲਈ ਜੇਕਰ ਇਸ ਤਾਰੀਖ਼ ਨੂੰ ਤੁਹਾਡਾ ਕਿਤੇ ਜਾਣ ਦਾ ਪ੍ਰੋਗਰਾਮ ਹੈ ਤਾਂ ਤੁਹਾਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਇਸ ਲਈ ਲੋਕ ਇਸ ਤਾਰੀਖ਼ ਨੂੰ ਸੋਚ-ਸਮਝ ਕੇ ਹੀ ਘਰੋਂ ਨਿਕਲਣ। ਦੱਸਣਯੋਗ ਹੈ ਕਿ 9 ਜੁਲਾਈ ਨੂੰ ਸੂਬੇ ਭਰ 'ਚ ਇਕ ਦਿਨ ਸਰਕਾਰੀ ਬੱਸਾਂ ਦਾ ਚੱਕਾ ਜਾਮ ਰਹਿਣ ਕਾਰਨ ਪੰਜਾਬ ਦੇ ਲੋਕਾਂ ਨੂੰ ਭਾਰੀ ਪਰੇਸ਼ਾਨੀ ਝੱਲਣੀ ਪਈ ਸੀ ਅਤੇ ਪੰਜਾਬ ਸਰਕਾਰ ਨੇ ਯੂਨੀਅਨ ਆਗੂਆਂ ਨਾਲ ਗੱਲਬਾਤ ਕਰਕੇ ਹੜਤਾਲ ਖ਼ਤਮ ਕਰਵਾ ਦਿੱਤੀ ਸੀ। ਕੈਬਨਿਟ ਮੰਤਰੀ ਭੁੱਲਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ ਸੀ ਪਰ ਹੁਣ ਇੰਨੇ ਦਿਨ ਬੀਤਣ ਦੇ ਬਾਵਜੂਦ ਵੀ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਲਈ ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਗੱਲਬਾਤ ਲਈ ਨਹੀਂ ਬੁਲਾਇਆ ਤਾਂ ਸੂਬੇ ਭਰ 'ਚ ਸਰਕਾਰੀ ਬੱਸਾਂ ਦਾ ਚੱਕਾ ਜਾਮ ਕਰਨ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਹੋਰ ਬਦਲ ਨਹੀਂ ਹੈ।

# ਪਿੰਡ ਕੜਿਆਲ ਵਿਖੇ ਨਾਜਾਇਜ਼ ਕਬਜ਼ਕਾਰਾਂ ਕੋਲੋਂ ਜ਼ਮੀਨ ਛੁਡਵਾਉਂਦੀ ਜਿਲ੍ਹਾ ਪ੍ਰਸ਼ਾਸਨ ਦੀ ਟੀਮ।

ਅੰਮ੍ਰਿਤਸਰ , 1 ਅਗਸਤ: ਭਾਰਤੀ ਕਿਸਾਨਾਂ ਦੀ ਵਿਸ਼ਵ ਪੱਧਰੀ ਸਹਿਕਾਰੀ ਖਾਦ ਸੰਸਥਾ ਇਫਕੋ ਵੱਲੋ ਅੰਮ੍ਰਿਤਸਰ ਵਿਖੇ ਨੈਨੋ ਤਰਲ ਖਾਦਾਂ ਦੀ ਵਰਤੋ ਅਤੇ ਮਹੱਤਵ ਸੰਬੰਧੀ ਜਿਲ੍ਹਾ ਖੇਤੀਬਾੜੀ ਦਫਤਰ ਵਿੱਚ ਇੱਕ ਕਾਰਜਸ਼ਾਲਾ ਕਰਵਾਈ ਗਈ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਜਿਲ੍ਹਾ ਮੁੱਖ ਖੇਤੀਬੜੀ ਅਫਸਰ ਡਾ. ਬਲਜਿੰਦਰ ਸਿੰਘ ਭੁੱਲਰ ਵੱਲੋ ਕੀਤੀ ਗਈ। ਪ੍ਰੋਗਰਾਮ ਵਿੱਚ ਇਫਕੋ ਦੇ ਸਟੇਟ ਮਾਰਕੀਟਿੰਗ ਮੈਨੇਜਰ ਸ. ਹਰਮੇਲ ਸਿੰਘ ਸਿੱਧੂ ਚੰਡੀਗੜ੍ਹ ਮੁੱਖ ਮਹਿਮਾਨ ਵਜੋ ਸ਼ਾਮਲ ਹੋਏ। ਇਫਕੋ ਫੀਲਡ ਅਫਸਰ, ਅੰਮ੍ਰਿਤਸਰ, ਸ਼ਮਸ਼ੇਰ ਸਿੰਘ ਨੇ ਆਏ ਹੋਏ ਮਹਿਮਾਨਾਂ, ਬਲਾਕਾਂ ਤੋ ਆਏ ਖੇਤੀਬਾੜੀ ਅਧਿਕਾਰੀ, ਖਾਦ ਰੀਟੇਲਰ, ਅਗਾਂਹ, ਵਧੂ ਕਿਸਾਨਾਂ ਨੂੰ ਜੀ ਆਇਆਂ ਆਖਦੇ ਹੋਏ ਇਫਕੋ ਦੇ ਉਤਪਾਦਾਂ ਅਤੇ ਮੰਤਵ ਆਦਿ ਬਾਰੇ ਦੱਸਿਆ। ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ, ਜਹਾਂਗੀਰ ਤੋ ਆਏ ਸਾਇੰਸਦਾਨ ਡਾ. ਰਾਜਨ ਭੱਟ ਨੇ ਮਿੱਟੀ ਸਿਹਤ ਦੀ ਮਹੱਤਤਾ, ਰਵਾਇਤੀ ਖਾਦਾਂ ਦੀ ਬੇਲੋੜੀ ਵਰਤੋ ਘੱਟ ਕਰਕੇ ਬਦਲਵੀਆਂ ਖਾਦਾਂ ਦੀ ਵਰਤੋ ਤੇ ਜ਼ੋਰ ਦਿੱਤਾ। ਉਹਨਾਂ ਨੇ ਇਫਕੋ ਨੈਨੋ ਤਰਲ ਖਾਦਾਂ ਦੇ ਟਰਾਇਲਾਂ ਦੀ ਗੱਲ ਕੀਤੀ ਅਤੇ ਭਵਿੱਖ ਵਿੱਚ ਇਸਦੇ ਆਉਣ ਵਾਲੇ ਨਤੀਜਿਆਂ ਬਾਰੇ ਕਿਹਾ। ਇਸ ਤੋ ਬਾਅਦ ਸ. ਹਰਮੇਲ ਸਿੰਘ ਸਿੱਧੂ ਨੇ ਬੜੇ ਹੀ ਵਿਸਥਾਰ ਨਾਲ ਇਫਕੋ ਦੇ ਉਦੇਸ਼ਾਂ ਅਤੇ ਪ੍ਰਾਪਤੀਆਂ ਬਾਰੇ ਦੱਸਿਆ। ਉਹਨਾਂ ਨੇ ਰਵਾਇਤੀ ਖਾਦਾਂ ਦੀ ਬੇਲੋੜੀ ਵਰਤੋ ਦੇ ਮਾੜੇ ਪ੍ਰਭਾਵਾਂ ਤੋ ਜਾਗਰੂਕ ਕਰਦੇ ਹੋਏ ਖਾਦਾਂ ਦੀ ਸੰਤੁਲਿਤ ਵਰਤੋਂ ਅਤੇ ਆਉਣ ਵਾਲੇ ਭਵਿੱਖ ਵਿੱਚ ਖਾਦਾਂ ਦੀ ਕਿੱਲਤ ਦੇ ਮੱਦੇ, ਨਜ਼ਰ ਬਦਲਵੀਆਂ ਖਾਦਾਂ ਜਿੰਨਾਂ ਵਿੱਚ ਨੈਨੋ ਯੂਰੀਆ ਪਲੱਸ, ਨੈਨੋ ਡੀ.ਏ.ਪੀ. ਦੀ ਵਰਤੋ ਤੇ ਜੋਰ ਦਿੱਤਾ। ਇਫਕੋ ਨੈਨੋ ਤਰਲ ਖਾਦਾਂ ਰਵਾਇਤੀ ਖਾਦਾਂ ਨੂੰ ਖੇਤੀ ਖਰਚੇ ਘਟਾ ਕੇ ਉਤਪਾਦਨ ਵਧਾਉਣ ਦਾ ਸਭ ਤੋ ਵਧੀਆਂ ਬਦਲ ਹਨ। ਇਹਨਾਂ ਦੀ ਵਰਤੋ ਨਾਲ ਅਸੀ ਆਪਣੇ ਵਾਤਾਵਰਣ, ਕੁਦਰਤੀ ਸਰੋਤਾਂ ਨੂੰ ਵੀ ਦੂਸ਼ਿਤ ਹੋਣ ਤੋ ਬਚਾ ਸਕਦੇ ਹਾਂ। ਉਹਨਾਂ ਨੇ ਬੇਨਤੀ ਕੀਤੀ ਕਿ ਕਿਸਾਨਾਂ ਨੂੰ ਇਸਦੀ ਵਰਤੋ ਸੰਬੰਧੀ ਸਹੀ ਅਤੇ ਸੰਪੂਰਨ ਜਾਣਕਾਰੀ ਦਿੱਤੀ ਜਾਣੀ ਬਹੁਤ ਜਰੂਰੀ ਹੈ ਤਾਂ ਹੀ ਇਹਨਾਂ ਤੋ ਵੱਧ ਤੋ ਵੱਧ ਲਾਭ ਲਿਆ ਜਾ ਸਕੇਗਾ ਅਤੇ ਵਾਤਾਵਰਣ ਨੂੰ ਸਾਂਵਾਂ ਰੱਖਦੇ ਹੋਏ ਖਾਦ ਦੀ ਕਿੱਲਤ ਵੀ ਦੂਰ ਹੋਵੇਗੀ। ਜਿਲ੍ਹਾ ਮੁੱਖ ਖੇਤੀਬਾੜੀ ਅਫਸਰ ਜੀ ਨੇ ਇਫਕੋ ਉਤਪਾਦਾਂ ਦੀ ਪ੍ਰੈਸਸਾ ਕਰਦੇ ਹੋਏ ਇਫਕੋ ਵੱਲੋ ਦਿੱਤੀ ਗਈ ਜਾਣਕਾਰੀ ਭਰਪੂਰ ਕਾਰਜਸ਼ਾਲਾ ਦੀ ਸਲਾਘਾ ਕੀਤੀ ਅਤੇ ਉਹਨਾਂ ਨੇ ਰਵਾਇਤਾਂ ਖਾਦਾਂ ਦੀ ਪੂਰਤੀ ਲਈ ਬਦਲਵੀਆਂ ਖਾਦਾਂ ਦੀ ਵਰਤੋ ਤੇ ਜੋਰ ਦਿੰਦੇ ਹੋਏ ਸਾਰਿਆਂ ਨੂੰ ਇਹਨਾਂ ਖਾਦਾਂ ਦੀ ਜਾਣਕਾਰੀ ਰੱਖਣ ਅਤੇ ਕਿਸਾਨਾਂ ਤੱਕ ਸੰਪੂਰਨ ਜਾਣਕਾਰੀ ਪਹੁੰਚਾਉਣ ਦੀ ਗੱਲ ਕੀਤੀ। ਸਤਨਾਮ ਸਿੰਘ ਅਗਾਂਹ ਵਧੂ ਕਿਸਾਨ, ਪਿੰਡ ਰਾਜੀਆਂ ਨੇ ਇਫਕੋ ਨੰਨੋ ਉਤਪਾਦਾਂ ਦੀ ਸਲਾਘਾ ਕੀਤੀ ਅਤੇ ਕਿਹਾ ਕਿ ਉਹ ਇਹਨਾਂ ਦੀ ਵਰਤੋ ਕਰਕੇ ਅਤੇ ਰਵਾਇਤੀ ਖਾਦ ਦੀ ਮਾਤਰਾ ਘਟਾ ਕੇ ਕਰਦਾ ਹੋਇਆ ਲਾਹਾ ਪ੍ਰਾਪਤ ਕਰ ਰਿਹਾ ਹੈ।

# ਹੁਸ਼ਿਆਰਪੁਰ ਜ਼ਿਲ੍ਹੇ 'ਚ ਯੂਰੀਆ ਦੀ ਵੱਧ ਵਿਕਰੀ ਨੂੰ ਲੈ ਕੇ ਖੇਤੀਬਾੜੀ ਵਿਭਾਗ ਵੱਲੋਂ ਸਖ਼ਤ ਕਾਰਵਾਈ

**ਕੌਮੀ ਪਤ੍ਰਿਕਾ**

ਹੁਸ਼ਿਆਰਪੁਰ 1 ਅਗਸਤ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਰਾਜ ਭਰ ਵਿੱਚ ਖਾਦ ਵਿਕਰੇਤਾਵਾਂ ਅਤੇ ਡੀਲਰਾਂ ਵੱਲੋਂ ਯੂਰੀਆ ਦੀ ਗਲਤ ਤਰੀਕੇ ਨਾਲ ਹੋ ਰਹੀ ਵਿਕਰੀ ਨੂੰ ਰੋਕਣ ਲਈ ਵਿਸ਼ੇਸ਼ ਇਨਫੋਰਸਮੈਂਟ ਡਰਾਈਵ ਚਲਾਈ ਗਈ ਹੈ। ਇਹ ਮੁਹਿੰਮ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਦੇ ਹੁਕਮਾਂ ਅਧੀਨ ਅਤੇ ਡਾਇਰੈਕਟਰ ਖੇਤੀਬਾੜੀ ਪੰਜਾਬ ਜਸਵੰਤ ਸਿੰਘ ਦੀ ਨਿਗਰਾਨੀ ਹੇਠ ਸ਼ੁਰੂ ਕੀਤੀ ਗਈ। ਇਸ ਮੁਹਿੰਮ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵਿਸ਼ੇਸ਼ ਜਾਂਚ ਲਈ ਇਕ ਟੀਮ ਬਣਾਈ ਗਈ, ਜਿਸ ਵਿੱਚ ਮੁੱਖ ਖੇਤੀ ਅਧਿਕਾਰੀ, ਸ੍ਰੀ ਮੁਕਤਸਰ ਸਾਹਿਬ ਡਾ. ਕਰਨਜੀਤ ਸਿੰਘ ਅਤੇ ਖੇਤੀ ਵਿਕਾਸ ਅਧਿਕਾਰੀ (ਇਨਫੋਰਸਮੈਂਟ), ਹੁਸ਼ਿਆਰਪੁਰ ਡਾ. ਜਤਿਨ ਵਸ਼ਿਸ਼ਠ ਸ਼ਾਮਿਲ ਸਨ। ਇਹ ਜਾਂਚ ਮੁਹਿੰਮ ਜ਼ਿਲ੍ਹੇ ਦੇ ਸਾਰੇ ਬਲਾਕ ਖੇਤੀ ਅਧਿਕਾਰੀਆਂ ਦੇ ਸਹਿਯੋਗ ਨਾਲ ਚਲਾਈ ਗਈ। ਹਰੇਕ ਬਲਾਕ ਪੱਧਰ 'ਤੇ ਵਿਸ਼ੇਸ਼ ਟੀਮਾਂ ਨੂੰ ਤਾਇਨਾਤ ਕੀਤਾ ਗਿਆ, ਜੋ ਵੱਧ ਯੂਰੀਆ ਵਿਕਰੀ ਵਾਲੇ ਰਿਪੋਰਟ ਹੋਏ ਰਿਟੇਲਰਾਂ ਅਤੇ



ਡੀਲਰਾਂ ਦੇ ਸਥਾਨਾਂ 'ਤੇ ਮੌਕੇ 'ਤੇ ਪਹੁੰਚ ਕੇ ਗਹਿਨ ਜਾਂਚ ਕਰ ਰਹੀਆਂ ਹਨ। ਜਾਂਚ ਦੌਰਾਨ ਸਟਾਕ ਦੀ ਪੂਰੀ ਜਾਂਚ, ਇਨਵਾਇਸ ਆਡਿਟ ਅਤੇ ਸਪਲਾਈ-ਵਿਕਰੀ ਰਿਕਾਰਡ ਦਾ ਮਿਲਾਨ ਕੀਤਾ ਗਿਆ। ਇਸ ਇਨਫੋਰਸਮੈਂਟ ਮੁਹਿੰਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬਿਜਾਈ ਦੇ ਚਰਮ ਸਮੇਂ ਦੌਰਾਨ ਸਹੀ ਕਿਸਾਨਾਂ ਨੂੰ ਯੂਰੀਆ ਉਚਿਤ ਅਤੇ ਪਾਰਦਰਸ਼ੀ ਢੰਗ ਨਾਲ ਉਪਲਬਧ ਕਰਵਾਇਆ ਜਾਵੇ। ਵਿਭਾਗ ਵੱਲੋਂ ਇਸ ਗੱਲ ਨੂੰ ਦੋਹਰਾਇਆ ਗਿਆ ਕਿ ਖਾਦ ਸਪਲਾਈ ਚੇਨ ਵਿੱਚ ਕਿਸੇ ਵੀ ਕਿਸਮ ਦੀ ਕਾਲਾ ਬਾਜ਼ਾਰੀ, ਸਟਾਕ ਇਕੱਠਾ ਕਰਨਾ ਜਾਂ ਹੋਰ ਕੋਈ ਗੜਬੜੀ ਨਹੀਂ ਸਹਿਣ ਕੀਤੀ ਜਾਵੇਗੀ। ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਅਤੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਖਾਦ ਡੀਲਰ ਵੱਲੋਂ ਵੱਧ ਰੇਟ ਲਾਗੂ ਕਰਨ, ਨਕਲੀ ਕਮੀ ਪੈਦਾ ਕਰਨਾ ਜਾਂ ਕੋਈ ਵੀ ਸ਼ੱਕੀ ਗਤੀਵਿਧੀ ਸਾਹਮਣੇ ਆਵੇ, ਤਾਂ ਉਸ ਦੀ ਤੁਰੰਤ ਸ਼ਿਕਾਇਤ ਕੀਤੀ ਜਾਵੇ, ਤਾਂ ਜੋ ਲਾਜ਼ਮੀ ਕਾਰਵਾਈ ਕੀਤੀ ਜਾ ਸਕੇ।

## ਹਰਿਆਣਾ ਵਿੱਚ ਹੁਣ ਹਰ ਮਹੀਨੇ ਦੇ ਆਖਰੀ ਕਾਰਜ ਦਿਵਸ 'ਤੇ ਵਿਸਤਾਰਿਤ ਪੀਐਮਐਸਐਮਏ ਸੇਵਾਵਾਂ ਉਪਲਬਧ ਰਹਿਣਗੀਆਂ

ਚੰਡੀਗੜ੍ਹ, 1 ਅਗਸਤ: ਹਰਿਆਣਾ ਸਰਕਾਰ ਨੇ ਰਾਜ ਵਿੱਚ ਮਾਂ ਲਈ ਸਿਹਤ ਸੇਵਾਵਾਂ ਨੂੰ ਮਜਬੂਤ ਬਨਾਉਣ ਲਈ ਈ-ਪੀਐਮਐਸਐਮਏ ਤਹਿਤ ਇੱਕ ਵਧੀਕ ਦਿਵਸ ਦੀ ਸ਼ੁਰੂਆਤ ਕੀਤੀ ਹੈ। ਈ-ਪੀਐਮਐਸਐਮਏ ਇੱਕ ਕੌਮੀ ਪਹਿਲ ਹੈ ਜਿਸ ਦਾ ਟੀਚਾ ਗਰਭਵਤੀ ਮਹਿਲਾਵਾਂ ਨੂੰ ਯਕੀਨੀ, ਵਿਆਪਕ ਪ੍ਰਸਵ ਤੋਂ ਪਹਿਲਾਂ ਦੇਖਭਾਲ ਸੇਵਾਵਾਂ ਪ੍ਰਦਾਨ ਕਰਨਾ ਹੈ। ਇਹ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਨੈਦਾਨਿਕ ਜਾਂਚ, ਨਿਦਾਨ, ਦਵਾਈ, ਸਲਾਹ ਅਤੇ ਪ੍ਰਬੰਧਨ 'ਤੇ ਕੇਂਦ੍ਰਿਤ ਹੈ-ਇਹ ਸਾਰੀ ਸਹੂਲਤਾਂ ਸਿਵਿਲ ਸਿਹਤ ਸੁਵਿਧਾਵਾਂ 'ਤੇ ਫ?ਰੀ ਪ੍ਰਦਾਨ ਕੀਤੀ ਜਾਂਦੀਆਂ ਹਨ। ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਇਸ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਕਤ ਯਤਨਾਂ ਨੂੰ ਹੋਰ ਤੇਜ਼ ਕਰਨ ਦੀ ਲੋੜ ਨੂੰ ਸਮਝਦੇ ਹੋਏ ਹਰਿਆਣਾ ਸਰਕਾਰ ਨੇ ਵਿਸਤਾਰਿਤ ਪੀਐਮਐਸਐਮਏ ਸ਼ੁਰੂ ਕੀਤਾ ਹੈ ਜਿਸ ਦੇ ਤਹਿਤ ਹਰ ਮਹੀਨੇ ਦੀ 9,10 ਅਤੇ 23 ਮਿਤੀ ਤੱਕ ਸੇਵਾਵਾਂ ਮੁਹੱਈਆ ਕਰਾਈ ਜਾਂਦੀਆਂ ਹਨ। ਈ-ਪੀਐਮਐਸਐਮਏ ਨੂੰ ਪੂਰੇ ਹਰਿਆਣਾ ਵਿੱਚ ਸਫਲਤਾਪੂਰਵਕ ਲਾਗੂ ਕੀਤਾ ਗਿਆ ਹੈ। ਇਸ ਸਰਗਰਮੀ ਦ੍ਰਿਸ਼ਟੀਕੋਣ ਨਾਲ ਮਾਂਵਾਂ ਦੀ ਮਰਣ ਦਰ ਵਿੱਚ ਪ੍ਰਮੁੱਖ ਯੋਗਦਾਨ ਦੇਣ ਵਾਲੀ ਐਚਆਰਪੀ ਦੀ ਪਛਾਣ ਅਤੇ ਪ੍ਰਬੰਧਨ ਵਿੱਚ ਸਲਾਂਘਾਯੋਗ ਸੁਧਾਰ ਹੋਇਆ ਹੈ। ਐਚਆਰਪੀ ਮਾਰਗਦਰਸ਼ਨ ਨੋਟ ਦੇ ਲਾਗੂ ਹੋਣ ਸਮੇਤ ਲਗਾਤਾਰ ਯਤਨਾਂ ਦੇ ਨਤੀਜੇ ਵੱਜੋਂ ਰਾਜ ਦਾ ਮਾਂਵਾਂ ਦਾ ਮਰਣ ਅਨੁਪਾਤ 110 ਤੋਂ ਘੱਟ ਕੇ 89 ਹੋ ਗਿਆ ਹੈ। ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਮਾਂਵਾਂ ਦੀ ਮਰਣ ਦਰ ਨੂੰ ਹੋਰ ਘੱਟ ਕਰਨ ਅਤੇ ਪ੍ਰਸਵ ਤੋਂ ਪਹਿਲਾਂ ਦੇਖਭਾਲ ਦੀ ਗੁਣਵੱਤਾ ਨੂੰ ਬੇਹਤਰ ਬਨਾਉਣ ਲਈ ਸਿਹਤ ਵਿਭਾਗ ਦੇ ਤਹਿਤ ਕੌਮੀ ਸਿਹਤ ਮਿਸ਼ਨ ਨੇ ਇੱਕ ਵਧੀਕ ਈ-ਪੀਐਮਐਸਐਮਏ ਸੇਵਾਵਾਂ ਪ੍ਰਦਾਨ ਕੀਤੀ ਜਾਣਗੀਆਂ ਜਿਸ ਵਿੱਚ ਐਚਆਰਪੀ ਦੀ ਪਛਾਣ ਅਤੇ ਪ੍ਰਬੰਧਨ 'ਤੇ ਲਗਾਤਾਰ ਧਿਆਨ ਦਿੱਤਾ ਜਾਵੇਗਾ।

# ਪਦਮ ਪੁਰਸਕਾਰ-2026 ਲਈ ਨਾਮਜਦਗੀ ਦੀ ਆਖੀਰੀ ਮਿੱਤੀ 15 ਅਗਸਤ, 2025 ਤੱਕ ਵਧਾਈ

ਚੰਡੀਗੜ੍ਹ, 1 ਅਗਸਤ। ਭਾਰਤ ਸਰਕਾਰ ਨੇ ਪਦਮਾ ਪੁਰਸਕਾਰਾਂ ਲਈ ਨਾਮਜਦਗੀ/ਸਿਫਾਰਿਸ਼ਾਂ ਜਮ?ਹਾ ਕਰਨ ਦੀ ਆਖੀਰੀ ਮਿੱਤੀ 1 ਅਗਸਤ, 2025 ਤੋਂ ਵਧਾ ਕੇ 15 ਅਗਸਤ,2025 ਕਰ ਦਿੱਤੀ ਗਈ ਹੈ। ਇਸ ਪੁਰਸਕਾਰਾਂ ਲਈ ਨਾਮਜਦਗੀ/ਸਿਫਾਰਿਸ਼ਾਂ ਸਿਰਫ ਕੌਮੀ ਪੁਰਸਕਾਰ ਪੋਰਟਲ 'ਤੇ ਆਨਲਾਇਨ ਪ੍ਰਾਪਤ ਕੀਤੀ ਜਾਣਗੀਆਂ। ਗਣਤੰਤਰ ਦਿਵਸ, 2026 ਦੇ ਮੌਕੇ 'ਤੇ ਐਲਾਨ ਕੀਤੇ ਜਾਣ ਵਾਲੇ ਪਦਮਾ ਪੁਰਸਕਾਰ-2026 ਲਈ ਨਾਮਜਦਗੀ ਪ੍ਰਕ੍ਰਿਆ 15 ਮਾਰਚ, 2025 ਤੋਂ ਸ਼ੁਰੂ ਹੋਈ ਸੀ। ਇੱਕ ਸਰਕਾਰੀ ਬੁਲਾਰੇ ਨੇ ਇਸ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਪਦਮਾ ਪੁਰਸਕਾਰ, ਮਤਲਬ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮਸ਼?ਰੀ ਦੇਸ਼ ਦੇ ਸਰਵੋਚ ਨਾਗਰਿਕ ਸਨਮਾਨਾਂ ਵਿੱਚ ਸ਼ਾਮਿਲ ਹਨ। ਸਾਲ 1954 ਵਿੱਚ ਸਥਾਪਿਤ, ਇੰਨ੍ਹਾਂ ਪੁਰਸਕਾਰਾਂ ਐਲਾਨ ਪ੍ਰਤੀਸਾਲ ਗਣਤੰਤਰ ਦਿਵਸ ਮੌਕੇ 'ਤੇ ਕੀਤੀ ਜਾਂਦੀ ਹੈ। ਇੰਨ੍ਹਾਂ ਪੁਰਸਕਾਰਾਂ ਤਹਿਤ ਵਧੀਆ ਕੰਮ ਲਈ ਸਨਮਾਨਿਤ ਕੀਤਾ ਜਾਂਦਾ ਹੈ। ਪਦਮ ਪੁਰਸਕਾਰ ਕਲਾ, ਸਾਹਿਤ ਅਤੇ ਸਿਖਿਆ, ਖਡੇ, ਮੈਡੀਕਲ, ਸਮਾਜ ਸੇਵਾ, ਵਿਗਿਆਨ ਅਤੇ ਇੰਜੀਨੀਅਰਿੰਗ, ਲੋਕ ਕੰਮ, ਸਿਵਲ ਸੇਵਾ, ਵਪਾਰ ਅਤੇ ਉਦਯੋਗ ਆਦਿ ਵਰਗੇ ਸਾਰੇ ਖੇਤਰਾਂ/ਵਿਸ਼ਿਆਂ ਵਿੱਚ ਵਿਸ਼ੇਸ਼ ਅਤੇ ਅਸਾਧਾਰਣ ਉਪਲਬਧੀਆਂ/ਸੇਵਾ ਲਈ ਪ੍ਰਦਾਨ ਕੀਤੇ ਜਾਂਦੇ ਹਨ। ਜਾਤੀ, ਕਾਰੋਬਾਰ, ਅਹੁਦਾ ਜਾਂ ਲਿੰਗ ਦੇ ਭੇਦਭਾਵ ਦੇ ਬਿਨ੍ਹਾ ਸਾਰੇ ਵਿਅਕਤੀ ਇੰਨ੍ਹਾਂ ਪੁਰਸਕਾਰਾਂ ਲਈ ਯੋਗ ਹਨ। ਡਾਕਟਰਾਂ ਅਤੇ ਵਿਗਿਆਨਕਾਂ ਨੂੰ ਛੱਡ ਕੇ ਹੋਰ ਸਰਕਾਰੀ ਸੇਵਕ, ਜਿਨ੍ਹਾਂ ਵਿੱਚ ਪਬਲਿਕ ਖੇਤਰ ਦੇ ਇੰਟਰਪ੍ਰਾਈਸਿਸ ਵਿੱਚ ਕੰਮ ਕਰਨ ਵਾਲੇ ਸਰਕਾਰੀ ਸੇਵਕ ਵੀ ਸ਼ਾਮਿਲ ਹਨ, ਪਦਮ ਪੁਰਸਕਾਰਾਂ ਦੇ ਯੋਗ ਨਹੀਂ ਹਨ। ਉਨ੍ਹਾਂ ਨੇ ਅੱਗੇ ਦਸਿਆ ਕਿ ਭਾਰਤ ਸਰਕਾਰ ਪਦਮ ਪੁਰਸਕਾਰਾਂ ਨੂੰ ਪੀਪਲਸ ਪਦਮ ਬਨਾਉਣ ਲਈ ਪ੍ਰਤੀਬੱਧ ਹਨ। ਅੰਤ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਊਹ ਨਾਮਜਦਗੀ/ਸਿਫਾਰਿਸ਼ਾਂ ਕਰਨ। ਨਾਗਰਿਕ ਸਵੈ ਨੂੰ ਵੀ ਨਾਮਜਦ ਕਰ ਸਕਦੇ ਹਨ। ਮਹਿਲਾਵਾਂ, ਸਮਾਜ ਦੇ ਕਮਜੋਰ ਵਰਗਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ, ਦਿਵਆਂਗ ਵਿਅਕਤੀਆਂ ਅਤੇ ਸਮਾਜ ਦੇ ਲਈ ਨਿਸਵਾਰਥ ਸੇਵਾ ਕਰ ਰਹੇ ਲੋਕਾਂ ਵਿੱਚੋਂ ਅਜਿਹੇ ਪ੍ਰਤਿਭਾਸ਼ਾਲੀ ਵਿਅਕਤੀਆਂ ਦੀ ਪਹਿਚਾਣ ਕਰਨ ਦੇ ਠੋਸ ਯਤਨ ਕੀਤੇ ਜਾ ਸਕਦੇ ਹਨ ਜਿਨ੍ਹਾਂ ਦੀ ਐਕਸੀਲੈਂਸ ਅਤੇ ਉਪਲਬਧੀਆਂ ਮੌਜੂਦਾ ਵਿੱਚ ਪਹਿਚਾਣੇ ਜਾਣੇ ਯੋਗ ਹਨ।

## ਉਧਾਰੇ ਪੈਸਿਆਂ ਖ਼ਾਤਰ ਦੋਸਤ ਦਾ ਕਤਲ !

ਲੁਧਿਆਣਾ 1 ਅਗਸਤ। ਦੋਵਾਂ ਮੁਲਜ਼ਮਾਂ ਨੇ ਪਹਿਲਾਂ ਆਪਣੇ ਦੋਸਤ ਪ੍ਰਦੀਪ ਨੂੰ ਪੈਸੇ ਦੀ ਮੰਗ ਨੂੰ ਲੈ ਕੇ ਕੁੱਟਿਆ, ਫਿਰ ਜਦੋਂ ਉਸ ਦੀ ਹਾਲਤ ਗੰਭੀਰ ਹੋ ਗਈ ਤਾਂ ਉਹ ਉਸ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਸੜਕ ਕਿਨਾਰੇ ਸੁੱਟ ਦਿੱਤਾ, ਜਿਸ ਕਾਰਨ ਬਾਅਦ ਵਿਚ ਉਸ ਦੀ ਮੌਤ ਹੋ ਗਈ। ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਥਾਣਾ ਇੰਚਾਰਜ ਗੁਰਦਿਆਲ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮ ਰਿੰਕੂ ਸ਼ਰਮਾ ਪੁੱਤਰ ਕਮਲੇਸ਼ ਸ਼ਰਮਾ ਤੇ ਅਮਿਤ ਕੁਮਾਰ ਪੁੱਤਰ ਮੰਗੀ ਰਾਮ ਵਾਸੀ ਸੁੰਦਰ ਨਗਰ ਢਾਬਾ ਨੇ ਦੱਸਿਆ ਕਿ ਉਹ ਪ੍ਰਦੀਪ ਦੇ ਦੋਸਤ ਸਨ ਤੇ ਐਤਵਾਰ ਸ਼ਾਮ ਨੂੰ ਉਹ ਉਨ੍ਹਾਂ ਨੂੰ ਮੋਟਰਸਾਈਕਲ 'ਤੇ ਮਿਲਣ ਆਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀ ਉਸ ਨਾਲ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਬਹਿਸ ਹੋਈ ਤੇ ਇਸ ਦੌਰਾਨ ਦੋਵਾਂ ਨੇ ਪ੍ਰਦੀਪ ਨੂੰ ਕੁੱਟਿਆ ਪਰ ਅਚਾਨਕ ਜਦੋਂ ਉਸ ਦੀ ਸਿਹਤ ਵਿਗੜ ਗਈ ਤਾਂ ਉਹ ਡਰ ਗਏ ਤੇ ਉਸਨੂੰ ਆਪਣੇ ਮੋਟਰਸਾਈਕਲ 'ਤੇ ਹਸਪਤਾਲ ਲੈ ਜਾ ਰਹੇ ਸਨ ਤੇ ਜਦੋਂ ਉਹ ਰਸਤੇ ਵਿੱਚ ਬੇਹੋਸ਼ ਹੋ ਗਿਆ ਤਾਂ ਦੋਵੇਂ ਡਰ ਗਏ ਤੇ ਉਸ ਨੂੰ ਸੜਕ 'ਤੇ ਸੁੱਟ ਦਿੱਤਾ ਤੇ ਭੱਜ ਗਏ।

# ਨਵੀਂ ਵਿਆਹੀ ਨੇ ਚੜ੍ਹਾ'ਤਾ ਚੰਨ ! ਸਾਉਣ ਮਹੀਨੇ 'ਚ ਪੇਕੇ ਗਈ ਨੂੰਹ ਨੇ ਜੋ ਕੀਤਾ

**ਕੌਮੀ ਪਤ੍ਰਿਕਾ**

ਅਮੇਠੀ 1 ਅਗਸਤ। ਉੱਤਰ ਪ੍ਰਦੇਸ਼ ਦੇ ਅਮੇਠੀ 'ਚ ਆਪਣੇ ਪਤੀ ਨਾਲ ਨਾਗ ਪੰਚਮੀ ਮਨਾਉਣ ਲਈ ਆਪਣੇ ਪੇਕੇ ਆਈ ਇਕ ਨਵ-ਵਿਆਹੁਤਾ ਆਪਣੇ ਪ੍ਰੇਮੀ ਨਾਲ ਭੱਜ ਗਈ। ਉਸ ਦਾ ਵਿਆਹ ਇਕ ਮਹੀਨਾ ਪਹਿਲਾਂ 8 ਜੂਨ ਨੂੰ ਹੋਇਆ ਸੀ। ਪਰਿਵਾਰ ਦਾ ਦੋਸ਼ ਹੈ ਕਿ ਉਹ ਵਿਆਹ 'ਚ ਦਿੱਤੇ ਲੱਖਾਂ ਰੁਪਏ ਦੇ ਗਹਿਣੇ ਵੀ ਆਪਣੇ ਨਾਲ ਲੈ ਗਈ ਸੀ। ਪਰਿਵਾਰ ਦੀ ਸੂਚਨਾ 'ਤੇ ਪੁਲਸ ਨੇ ਹੁਣ ਕੁੜੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਜ਼ਿਲ੍ਹੇ ਦੇ ਪੀਪਰਪੁਰ ਥਾਣਾ ਖੇਤਰ ਦੇ ਖਾਜਾ ਪਿੰਡ ਦੀ ਰਹਿਣ ਵਾਲੀ ਸੁਲੋਚਨਾ ਨੇ ਪੁਲਸ ਨੂੰ ਦਿੱਤੇ ਸ਼ਿਕਾਇਤ ਪੱਤਰ 'ਚ ਦੱਸਿਆ ਹੈ ਕਿ ਉਸ ਨੇ ਆਪਣੀ ਧੀ ਚਾਂਦਨੀ ਦਾ ਵਿਆਹ 8 ਜੂਨ ਨੂੰ ਪ੍ਰਤਾਪਗੜ੍ਹ ਜ਼ਿਲ੍ਹੇ ਦੇ ਕੌਸ਼ਲਪੁਰ ਦੇ ਰਹਿਣ ਵਾਲੇ ਸ਼ੁਭਮ ਪਾਂਡੇ ਨਾਲ ਕੀਤਾ ਸੀ। 9 ਜੂਨ ਨੂੰ ਵਿਆਹ ਤੋਂ ਬਾਅਦ ਕੁੜੀ ਨੂੰ ਵਿਦਾ ਕਰ ਦਿੱਤਾ ਗਿਆ। ਵਿਆਹ ਤੋਂ ਬਾਅਦ ਚਾਂਦਨੀ ਆਪਣੇ ਸਹੁਰੇ ਘਰ ਖੁਸ਼ੀ ਨਾਲ ਰਹਿ ਰਹੀ ਸੀ। ਵਿਆਹ ਤੋਂ ਬਾਅਦ 25 ਜੁਲਾਈ ਨੂੰ ਚਾਂਦਨੀ ਆਪਣੇ ਪਤੀ ਸ਼ੁਭਮ ਨਾਲ ਨਾਗ ਪੰਚਮੀ ਮਨਾਉਣ ਲਈ ਆਪਣੇ ਪੇਕੇ ਆਈ ਸੀ। ਅਚਾਨਕ ਚਾਂਦਨੀ ਘਰੋਂ



ਗਾਇਬ ਹੋ ਗਈ। ਕਾਫ਼ੀ ਭਾਲ ਕਰਨ ਤੋਂ ਬਾਅਦ ਪਤਾ ਲੱਗਾ ਕਿ ਚਾਂਦਨੀ ਸੁਲਤਾਨਪੁਰ ਦੇ ਅੰਨੂ ਨਾਮਕ ਨੌਜਵਾਨ ਨਾਲ ਭੱਜ ਗਈ ਹੈ। ਚਾਂਦਨੀ ਆਪਣੇ ਨਾਲ ਬਹੁਤ ਸਾਰੇ ਗਹਿਣੇ ਵੀ ਲੈ ਗਈ ਹੈ। ਪੀੜਤਾ ਨੇ ਪੁਲਸ ਨੂੰ ਨੌਜਵਾਨ ਦਾ ਮੋਬਾਈਲ ਨੰਬਰ ਦਿੱਤਾ ਹੈ ਅਤੇ ਕਾਰਵਾਈ ਦੀ ਮੰਗ ਕੀਤੀ ਹੈ। ਇੱਥੇ ਪਤੀ ਅਤੇ ਉਸ ਦੇ ਪਰਿਵਾਰਕ ਮੈਂਬਰ ਇਸ ਘਟਨਾ ਤੋਂ ਬਹੁਤ ਹੈਰਾਨ ਅਤੇ ਪਰੇਸ਼ਾਨ ਹਨ। ਪਰਿਵਾਰਕ ਮੈਂਬਰਾਂ ਨੂੰ ਉਮੀਦ ਨਹੀਂ ਸੀ ਕਿ ਚਾਂਦਨੀ ਵਿਆਹ ਤੋਂ ਬਾਅਦ ਅਜਿਹਾ ਕਰੇਗੀ। ਦੱਸਿਆ ਜਾ ਰਿਹਾ ਹੈ ਕਿ ਜਿਸ ਨੌਜਵਾਨ ਨਾਲ ਚਾਂਦਨੀ ਗਈ ਹੈ ਉਹ ਉਸ ਦਾ ਦੂਰ ਦਾ ਰਿਸ਼ਤੇਦਾਰ ਹੈ। ਚਾਂਦਨੀ ਅਤੇ ਅੰਨੂ ਪਹਿਲਾਂ ਹੀ ਪ੍ਰੇਮ ਸਬੰਧਾਂ 'ਚ ਸਨ। ਫਿਲਹਾਲ ਪੁਲਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਕੁੜੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੂਰੇ ਮਾਮਲੇ 'ਚ ਪੀਪਰਪੁਰ ਪੁਲਸ ਸਟੇਸ਼ਨ ਦੇ ਇੰਚਾਰਜ ਰਾਮ ਰਾਜ ਕੁਸ਼ਵਾਹਾ ਨੇ ਦੱਸਿਆ ਕਿ ਮਾਮਲੇ ਦੀ ਜਾਣਕਾਰੀ 'ਤੇ ਪੁਲਸ ਕੁੜੀ ਦੀ ਭਾਲ ਕਰ ਰਹੀ ਹੈ।

# ਪੰਜਾਬੀਆਂ ਲਈ ਵੱਡੇ ਖ਼ਤਰੇ ਦੀ ਘੰਟੀ ! ਹੋਸ਼ ਉਡਾ ਦੇਵੇਗੀ ਰਿਪੋਰਟ

ਚੰਡੀਗੜ੍ਹ 1 ਅਗਸਤ। ਪੰਜਾਬ ਵਾਸੀਆਂ ਲਈ ਵੱਡੇ ਖ਼ਤਰੇ ਦੀ ਘੰਟੀ ਹੈ। ਦਰਅਸਲ ਜਲ ਸ਼ਕਤੀ ਮੰਤਰਾਲੇ ਦੀ ਹੋਸ਼ ਉਡਾ ਦੇਣ ਵਾਲੀ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਪੰਜਾਬ ਦੇ ਭੂਜਲ 'ਚ ਫਲੋਰਾਈਡ ਦੀ ਮਾਤਰਾ ਜ਼ਿਆਦਾ ਹੈ, ਜੋ ਕਿ ਬੀਮਾਰੀਆਂ ਦਾ ਕਾਰਨ ਬਣ ਰਹੀ ਹੈ ਅਤੇ ਦੰਦ ਅਤੇ ਹੱਡੀਆਂ ਨੂੰ ਕਮਜ਼ੋਰ ਕਰ ਰਹੀ ਹੈ। ਇਸ ਰਿਪੋਰਟ ਮੁਤਾਬਕੇ ਸੂਬੇ ਦੇ 17 ਜ਼ਿਲ੍ਹਿਆਂ ਦੇ 119 ਖੇਤਰ ਫਲੋਰਾਈਡ ਦੀ ਸਮੱਸਿਆ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਇਨ੍ਹਾਂ ਜ਼ਿਲ੍ਹਿਆਂ 'ਚ ਅੰਮ੍ਰਿਤਸਰ, ਬਠਿੰਡਾ, ਫ਼ਰੀਦਕੋਟ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਫ਼?ਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਨਵਾਂਸ਼ਹਿਰ, ਪਟਿਆਲਾ, ਸੰਗਰੂਰ, ਮੋਹਾਲੀ ਅਤੇ ਤਰਨਤਾਰਨ ਸ਼ਾਮਲ ਹਨ। ਸਰਵੇ ਦੌਰਾਨ ਇਹ ਜ਼ਿਲ੍ਹੇ ਪਾਣੀ 'ਚ ਜ਼ਿਆਦਾ ਫਲੋਰਾਈਡ ਤੋਂ ਪ੍ਰਭਾਵਿਤ ਪਾਏ ਗਏ ਹਨ। ਰਿਪੋਰਟ ਦੇ ਮੁਤਾਬਕ ਜਦੋਂ ਤੱਕ ਇਨ੍ਹਾਂ ਜ਼ਿਲ੍ਹਿਆਂ 'ਚ ਪੀਣ ਦੇ ਪਾਣੀ ਦਾ ਪੱਕਾ ਪ੍ਰਬੰਧ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸਰਕਾਰ ਵਲੋਂ ਆਰਜ਼ੀ ਤੌਰ 'ਤੇ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਲੋਕਾਂ ਨੂੰ ਸਾਫ਼ ਪਾਣੀ ਮਿਲ ਸਕੇ। ਇਸੇ ਤਰ੍ਹਾਂ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹੇ ਭੂਜਲ 'ਚ ਯੂਰੇਨੀਅਮ ਦੀ ਜ਼ਿਆਦਾ ਮੰਤਰਾ ਨਾਲ ਵੀ ਜੂਝ ਰਹੇ ਹਨ, ਜਿਸ ਨੂੰ ਕੈਂਸਰ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਪਾਣੀ 'ਚ ਜ਼ਿਆਦਾ ਫਲੋਰਾਈਡ ਥਾਇਰਾਇਡ ਹਾਰਮੋਨ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਿਸ ਨਾਲ ਥਾਈਰਾਇਡ ਰੋਗ ਵਿਕਸਿਤ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਨਾਲ ਹੀ ਇਹ ਗੁਰਦੇ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ। ਫਲੋਰਾਈਡ ਦੰਦਾਂ ਲਈ ਫ਼ਾਇਦੇਮੰਦ ਹੁੰਦਾ ਹੈ ਪਰ ਪਾਣੀ 'ਚ ਜ਼ਿਆਦਾ ਫਲੋਰਾਈਡ ਹੋਣ ਨਾਲ ਕਈ ਵਾਰ ਬੁਰੇ ਪ੍ਰਭਾਵ ਵੀ ਸਰੀਰ 'ਤੇ ਪੈ ਸਕਦੇ ਹਨ।

# ''ਮੇਰੀ ਕੁੜੀ ਦਾ ਪਿੱਛਾ ਛੱਡ ਦੇ...'', ਗੁੱਸੇ 'ਚ ਆਏ ਮੁੰਡੇ ਨੇ ਪ੍ਰੇਮਿਕਾ ਦੀ ਮਾਂ ਨੂੰ ਦਿੱਤੀ ਰੂਹ ਕੰਬਾਊ ਮੌਤ

**ਕੌਮੀ ਪਤ੍ਰਿਕਾ**

ਰਾਏਗੜ੍ਹ 1 ਅਗਸਤ। ਛੱਤੀਸਗੜ੍ਹ ਦੇ ਰਾਏਗੜ੍ਹ ਜ਼ਿਲ੍ਹੇ ਦੇ ਪਿੰਡ ਧੌਰਾਦੰਡ ਨਵਗਾਓਂ 'ਚ ਪੁਰਾਣੀ ਰੰਜਿਸ਼ ਕਾਰਨ ਇਕ ਔਰਤ ਦਾ ਕੁਹਾੜੀ ਨਾਲ ਕਤਲ ਕਰ ਦਿੱਤਾ ਗਿਆ। ਪੁਲਸ ਨੇ ਦੋਸ਼ੀ ਨੂੰ 36 ਘੰਟਿਆਂ ਦੇ ਅੰਦਰ-ਅੰਦਰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਮੰਗਲਵਾਰ ਨੂੰ ਦੱਸਿਆ ਕਿ 25 ਜੁਲਾਈ ਦੀ ਸ਼ਾਮ ਨੂੰ ਲਗਭਗ 5:30 ਵਜੇ ਰੇਖਾ ਰਾਉਤ (45) ਜਦੋਂ ਪਾਰਾ ਤੋਂ ਵਾਪਸ ਆ ਰਹੀ ਸੀ ਤਾਂ ਲੁਕੇਸ਼ਵਰ ਯਾਦਵ (21) ਨੇ ਉਸ 'ਤੇ ਲੋਹੇ ਦੀ ਕੁਹਾੜੀ ਨਾਲ ਹਮਲਾ ਕਰ ਦਿੱਤਾ। ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ 20 ਦਿਨ ਪਹਿਲਾਂ ਦੋਸ਼ੀ ਨੇ ਮ੍ਰਿਤਕ ਦੀ ਧੀ ਪ੍ਰੀਤੀ ਨਾਲ ਅਸ਼ਲੀਲ ਵਿਵਹਾਰ ਕੀਤਾ ਸੀ। ਰੇਖਾ ਰਾਉਤ ਨੇ ਇਸ ਘਟਨਾ ਲਈ ਦੋਸ਼ੀ ਨੂੰ ਬਹੁਤ ਝਿੜਕਿਆ ਸੀ। ਹਾਲਾਂਕਿ ਦੋਸ਼ੀ ਦੇ ਪਿਤਾ ਨੇ ਮੁਆਫੀ ਮੰਗ ਲਈ ਸੀ ਪਰ ਲੁਕੇਸ਼ਵਰ ਆਪਣੇ ਮਨ 'ਚ ਬਦਲਾ ਲੈਣ ਬਾਰੇ ਸੋਚਦਾ ਰਿਹਾ ਅਤੇ ਅੰਤ 'ਚ ਉਸ ਦਾ ਕਤਲ ਕਰ ਦਿੱਤਾ ਗਿਆ। ਪੁਲਸ ਨੇ ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਕਿਹਾ




ਕਿ ਦੋਸ਼ੀ ਨੂੰ ਘਟਨਾ ਦੇ 36 ਘੰਟਿਆਂ ਦੇ ਅੰਦਰ-ਅੰਦਰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਕਤਲ ਦੇ ਹਥਿਆਰ ਵਜੋਂ ਵਰਤੀ ਗਈ ਲੋਹੇ ਦੀ ਕੁਹਾੜੀ ਜ਼ਬਤ ਕਰ ਲਿਆ। ਪੁਲਸ ਨੇ ਮੰਗਲਵਾਰ ਨੂੰ ਦੱਸਿਆ ਕਿ 25 ਜੁਲਾਈ ਦੀ ਸ਼ਾਮ ਨੂੰ ਲਗਭਗ 5:30 ਵਜੇ ਰੇਖਾ ਰਾਉਤ (45) ਜਦੋਂ ਪਾਰਾ ਤੋਂ ਵਾਪਸ ਆ ਰਹੀ ਸੀ ਤਾਂ ਲੁਕੇਸ਼ਵਰ ਯਾਦਵ (21) ਨੇ ਉਸ 'ਤੇ ਲੋਹੇ ਦੀ ਕੁਹਾੜੀ ਨਾਲ ਹਮਲਾ ਕਰ ਦਿੱਤਾ। ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ 20 ਦਿਨ ਪਹਿਲਾਂ ਦੋਸ਼ੀ ਨੇ ਮ੍ਰਿਤਕ ਦੀ ਧੀਕਰ ਲਈ ਗਈ ਸੀ। ਦੋਸ਼ੀ ਦੇ ਖ਼ੂਨ ਨਾਲ ਲੱਥਪੱਥ ਕੱਪੜੇ ਵੀ ਬਰਾਮਦ ਕਰ ਲਏ ਗਏ ਸਨ ਅਤੇ ਭਾਰਤੀ ਦੰਡਾਵਲੀ ਦੀ ਧਾਰਾ 103 (1) ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਕੀਤੀ ਗਈ ਹੈ। ਪੁਲਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ ਰੋਹਿਤ ਬੰਜਾਰੇ ਦੀ ਅਗਵਾਈ ਵਾਲੀ ਪੁਲਸ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਦੋਸ਼ੀ ਨੂੰ ਫੜ ਲਿਆ। ਟੀਮ 'ਚ ਸਬ-ਇੰਸਪੈਕਟਰ ਹੇਮੰਤ ਕਸ਼ਯਪ ਅਤੇ ਹੋਰ ਸਟਾਫ਼ ਸ਼ਾਮਲ ਸੀ। ਦੋਸ਼ੀ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ। ਪੁਲਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਅਤੇ ਗਵਾਹਾਂ ਦੇ ਬਿਆਨ ਦਰਜ ਕਰ ਰਹੀ ਹੈ। ਸਥਾਨਕ ਲੋਕਾਂ ਨੇ ਪੁਲਸ ਦੀ ਤੇਜ਼ ਕਾਰਵਾਈ ਦੀ ਸ਼ਲਾਘਾ ਕੀਤੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਹਿਮਾਚਲ ਦੇ ਮੰਡੀ 'ਚ ਬੱਦਲ ਫਟਣ ਕਾਰਨ ਅਚਾਨਕ ਆਇਆ ਹੜ੍ਹ, 3 ਲੋਕਾਂ ਦੀ ਮੌਤ, ਕਈ ਵਾਹਨ ਦੱਬੇ

**ਕੌਮੀ ਪੱਤ੍ਰਿਕਾ**

ਸ਼ਿਮਲਾ 1 ਅਗਸਤ। ਹਿਮਾਚਲ ਪ੍ਰਦੇਸ਼ ਦੇ ਮੰਡੀ ਸ਼ਹਿਰ ਵਿੱਚ ਸੋਮਵਾਰ ਰਾਤ ਨੂੰ ਬੱਦਲ ਫਟਣ ਕਾਰਨ ਆਏ ਅਚਾਨਕ ਹੜ੍ਹ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਇਸ ਆਫ਼ਤ ਕਾਰਨ 20 ਤੋਂ ਵੱਧ ਵਾਹਨ ਮਲਬੇ ਹੇਠ ਦੱਬ ਗਏ ਅਤੇ ਕਈ ਘਰ ਪਾਣੀ ਵਿੱਚ ਡੁੱਬ ਗਏ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਮੀਂਹ ਇੰਨਾ ਜ਼ਿਆਦਾ ਸੀ ਕਿ ਸ਼ਹਿਰ ਵਿੱਚੋਂ ਲੰਘਦੀਆਂ ਨਾਲੀਆਂ ਵਿੱਚ ਤੇਜ਼ ਵਹਾਅ ਦੇ ਨਾਲ ਵੱਡੀ ਮਾਤਰਾ ਵਿੱਚ ਮਲਬਾ ਲਗਭਗ ਪੰਜ ਕਿਲੋਮੀਟਰ ਦੇ ਖੇਤਰ ਵਿੱਚ ਫੈਲ ਗਿਆ। ਇਸ ਦੇ ਕਾਰਨ ਜੇਲ੍ਹ ਰੋਡ, ਸੈਣੀ ਮੁਹੱਲਾ ਅਤੇ ਜ਼ੋਨਲ ਹਸਪਤਾਲ ਦੇ ਇਲਾਕੇ ਸਭ ਤੋਂ ਵੱਧ ਪ੍ਰਭਾਵਿਤ ਹੋਏ। ਮੰਡੀ ਦੇ ਡਿਪਟੀ ਕਮਿਸ਼ਨਰ ਅਪੂਰਵ ਦੇਵਗਨ ਨੇ ਮੰਗਲਵਾਰ ਨੂੰ ਦੱਸਿਆ, ਤਿੰਨ ਲੋਕਾਂ ਦੀ ਮੌਤ ਹੋ ਗਈ, ਇੱਕ ਜ਼ਖ਼ਮੀ ਹੈ ਅਤੇ ਇੱਕ ਔਰਤ ਲਾਪਤਾ ਹੈ। ਉਨ੍ਹਾਂ ਕਿਹਾ ਕਿ ਬਚਾਅ ਕਾਰਜ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਅਤੇ ਕਰੀਬ 15-20 ਲੋਕਾਂ ਨੂੰ



ਬਚਾਇਆ ਗਿਆ ਹੈ। ਚੰਡੀਗੜ੍ਹ-ਮਨਾਲੀ ਰਾਸ਼ਟਰੀ ਰਾਜਮਾਰਗ ਤੇ ਚਾਰ ਮੀਲ, 9 ਮੀਲ ਅਤੇ ਦਵਾੜਾ ਨੇੜੇ ਸੜਕ ਰੁੜ੍ਹ ਗਈ, ਜਿਸ ਕਾਰਨ ਇਨ੍ਹਾਂ ਖੇਤਰਾਂ ਵਿਚ ਹਾਈਵੇਅ ਬੰਦ ਕਰ ਦਿੱਤਾ ਗਿਆ ਹੈ। ਇਸ ਹਾਲੀਆ ਆਫ਼ਤ ਨੇ ਮੰਡੀ ਜ਼ਿਲ੍ਹੇ ਦੇ ਲੋਕਾਂ ਅਤੇ ਪ੍ਰਸ਼ਾਸਨ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ ਹੈ। ਲਗਭਗ ਇੱਕ ਮਹੀਨਾ ਪਹਿਲਾਂ 30 ਜੂਨ ਅਤੇ 1 ਜੁਲਾਈ ਦੀ ਵਿਚਕਾਰਲੀ ਰਾਤ ਨੂੰ ਹੋਈ ਮੋਹਲੇਧਾਰ ਬਾਰਿਸ਼ ਨੇ ਸੇਰਾਜ, ਨਾਚਨ, ਧਰਮਪੁਰ ਅਤੇ ਕਾਰਸੋਗ ਵਿਧਾਨ ਸਭਾ ਹਲਕਿਆਂ ਵਿੱਚ 15 ਲੋਕਾਂ ਦੀ ਜਾਨ ਲੈ ਲਈ ਸੀ। ਇਸ ਦੌਰਾਨ ਲਗਾਤਾਰ ਬਾਰਿਸ਼ ਕਾਰਨ ਹੋਏ ਜ਼ਮੀਨ ਖਿਸਕਣ ਕਾਰਨ ਪੁਰਾਣੇ ਕਾਂਗੜਾ ਘਾਟ 'ਤੇ ਸ਼ਿਮਲਾ-ਮਤੌਰ ਰਾਸ਼ਟਰੀ ਰਾਜਮਾਰਗ ਵੀ ਬੰਦ ਹੋ ਗਿਆ ਹੈ ਅਤੇ ਰਾਜ ਦੇ ਕਈ ਹਿੱਸਿਆਂ ਤੋਂ ਦਰੱਖ਼ਤ ਉਖੜਨ ਅਤੇ ਬਿਜਲੀ ਸਪਲਾਈ ਵਿੱਚ ਵਿਘਨ ਪੈਣ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਮੌਸਮ ਵਿਭਾਗ ਦੇ ਸਥਾਨਕ ਦਫ਼ਤਰ ਨੇ ਵੱਖ-ਵੱਖ ਖੇਤਰਾਂ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਦਾ 'ਆਰੇਂਜ ਚੇਤਾਵਨੀ' ਜਾਰੀ ਕੀਤਾ ਸੀ। ਮੰਗਲਵਾਰ ਨੂੰ ਕਾਂਗੜਾ, ਮੰਡੀ ਅਤੇ ਕੁੱਲੂ ਜ਼ਿਲ੍ਹਿਆਂ ਵਿੱਚ ਭਾਰੀ ਬਾਰਿਸ਼ ਦੀ ਚੇਤਾਵਨੀ ਜਾਰੀ ਕੀਤੀ ਗਈ ਸੀ। ਇਸ ਤੋਂ ਇਲਾਵਾ ਮੰਗਲਵਾਰ ਨੂੰ ਚੰਬਾ, ਸ਼ਿਮਲਾ ਅਤੇ ਸਿਰਮੌਰ ਜ਼ਿਲ੍ਹਿਆਂ ਵਿੱਚ ਅਤੇ ਬੁੱਧਵਾਰ ਨੂੰ ਊਨਾ, ਕਾਂਗੜਾ, ਮੰਡੀ ਅਤੇ ਕੁੱਲੂ ਜ਼ਿਲ੍ਹਿਆਂ ਵਿੱਚ ਕੁਝ ਥਾਵਾਂ 'ਤੇ ਭਾਰੀ ਬਾਰਿਸ਼ ਦਾ 'ਯੈਲੋ ਚੇਤਾਵਨੀ' ਜਾਰੀ ਕੀਤਾ ਗਿਆ ਹੈ।

## ਹੁਣ ਦੱਖਣ ਹਰਿਆਣਾ ਵਿੱਚ ਪੈਦਾ ਹੋਵੇਗਾ ਵਧੀਆ ਗੁਣਵੱਤਾ ਦਾ ਆਲੂ ਬੀਜ

ਚੰਡੀਗੜ੍ਹ, 1 ਅਗਸਤ: ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਦੀ ਮੌਜੂਦਗੀ ਵਿੱਚ ਅੱਜ ਰਾਜ ਦੇ ਬਾਗਬਾਨੀ ਵਿਭਾਗ ਅਤੇ ਕੌਮਾਂਤਰੀ ਆਲੂ ਕੇਂਦਰ (CIP) ਦੇ ਵਿੱਚ ਇੱਕ ਮਹੱਤਵਪੂਰਨ ਸਮਝੌਤਾ ਮੈਮੋ (MoU) 'ਤੇ ਹਸਤਾਖਰ ਕੀਤੇ ਗਏ ਹਨ ਇਸ ਸਮਝੌਤੇ ਦਾ ਮੁੱਖ ਉਦੇਸ਼ ਦੱਖਣੀ ਹਰਿਆਣਾ ਵਿੱਚ ਉੱਚ ਗੁਣਵੱਤਾ ਵਾਲੇ ਆਲੂ ਬੀਜ ਦਾ ਉਤਪਾਦਨ ਵਧਾਉਣਾ ਹੈ। ਇਸ ਮੌਕੇ 'ਤੇ ਖੇਤੀਬਾੜੀ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਪੰਕਜ ਅਗਰਵਾਲ ਦੇ ਇਲਾਵਾ ਹੋਰ ਸੀਨੀਅਰ ਅਧਿਕਾਰੀ, ਕੌਮਾਂਤਰੀ ਆਲੂ ਕੇਂਦਰ ਦੇ ਵਿਗਿਆਨਕ ਵੀ ਮੌਜੂਦ ਸਨ। ਖੇਤੀਬਾੜੀ ਮੰਤਰੀ ਨੇ ਦਸਿਆ ਕਿ ਅੱਜ ਹੋਏ ਐਮਓਯੂ ਦੇ ਤਹਿਤ ਇਹ ਸਹਿਯੋਗ ਪ੍ਰਧਾਨ ਮੰਤਰੀ ਖੇਤੀਬਾੜੀ ਯੋਜਨਾ-ਰਾਸ਼ਟਰੀ ਖੇਤੀਬਾੜੀ ਵਿਕਾਸ ਯੋਜਨਾ (RKVY) ਤਹਿਤ ਪ੍ਰਸਤਾਵਿਤ ਹੈ। ਇਸ ਦੇ ਤਹਿਤ ਸਾਲ 2025-26 ਵਿੱਚ 4.48 ਕਰੋੜ ਰੁਪਏ ਦੀ ਰਕਮ ਕੇਂਦਰ ਸਰਕਾਰ ਤੋਂ ਅਨੁਮੋਦਿਤ ਕੀਤੀ ਜਾ ਚੁੱਕੀ ਹੈ, ਅਤੇ ਕੁੱਲ 18.70 ਕਰੋੜ ਰੁਪਏ ਦੀ ਪਰਿਯੋਜਨਾ 4 ਸਾਲਾਂ ਦੇ ਸਮੇਂ ਵਿੱਚ ਲਾਗੂ ਕੀਤੀ ਜਾਵੇਗੀ। ਸ੍ਰੀ ਰਾਣਾ ਨੇ ਦਸਿਆ ਕਿ ਐਮਓਯੂ ਦਾ ਉਦੇਸ਼ ਹਰਿਆਣਾ ਦੇ ਦੱਖਣੀ ਜ਼ਿਲ੍ਹਿਆਂ ਵਰਗੇ ਦਾਦਰੀ, ਭਿਵਾਨੀ, ਮਹੇਂਦਰਗੜ੍ਹ ਅਤੇ ਰਿਵਾੜੀ ਵਿੱਚ ਆਲੂ ਦਾ ਏਰੋਲੀ ਜਨਰੇਸ਼ਨ ਸੀਡ ਦਾ ਉਤਪਾਦਨ ਕਰ ਕਿਸਾਨਾਂ ਨੂੰ ਉੱਚ ਗੁਣਵੱਤਾ ਵਾਲਾ ਤੇ ਰੋਗਮੁਕਤ ਬੀਜ ਉਪਲਬਧ ਕਰਾਉਣਾ ਹੈ। ਇਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਹਰਿਆਣਾ ਆਲੂ ਬੀਜ ਉਤਪਾਦਕ ਰਾਜ ਵਜੋ ਉਭਰ ਸਕੇਗਾ। ਉਨ੍ਹਾਂ ਨੇ ਦਸਿਆ ਬਾਗਬਾਨੀ ਵਿਭਾਗ ਵੱਲੋਂ ਕਰਨਾਲ ਦੇ ਸ਼ਾਮਗੜ੍ਹ ਵਿੱਚ ਸਥਾਪਿਤ ਪੋਟੇਟੋ ਤਕਨਾਲੋਜੀ ਸੈਂਟਰ (PTC) ਨੂੰ ਇਸ ਪਰਿਯੋਜਨਾ ਦਾ ਲਾਗੂ ਕਰਨ ਕੇਂਦਰ ਬਣਾਇਆ ਗਿਆ ਹੈ, ਜਿੱਥੇ ਏਆਰਸੀ ਤਕਨੀਕ, ਏਰੋਪੋਨਿਕਸ ਯੂਨਿਟਸ ਅਤੇ ਕੰਟਰੋਲਡ ਕਲਾਈਮੇਟ ਫੈਸਿਲਿਟੀਜ ਵਰਗੀ ਆਧੁਨਿਕ ਸਹੂਲਤਾਂ ਉਪਲਬਧ ਹਨ।

## ਬੰਦ ਖਿੜਕੀ ਤੇ ਏਅਰ ਫਿਲਟਰ ਵੀ ਨਹੀਂ ਰੋਕ ਸਕਦੇ 'ਗੰਦੀ ਹਵਾ' !

ਲੰਡਨ 1 ਅਗਸਤ। ਭਾਰਤ ਸਮੇਤ ਦੁਨੀਆ ਦੇ ਕਈ ਦੇਸ਼ਾਂ ਵਿਚ ਵਧਦਾ ਪ੍ਰਦੂਸ਼ਣ ਚਿੰਤਾ ਦਾ ਕਾਰਨ ਹੈ। ਖਾਸ ਕਰ ਕੇ ਹਵਾ ਪ੍ਰਦੂਸ਼ਣ ਜਿਸ ਕਾਰਨ ਫੇਫੜਿਆਂ ਦੀ ਬੀਮਾਰੀ ਦਾ ਖ਼ਤਰਾ ਸਭ ਤੋਂ ਵੱਧ ਦੱਸਿਆ ਗਿਆ ਹੈ। ਇਕ ਨਵੇਂ ਅਧਿਐਨ ਅਨੁਸਾਰ ਸੈਂਸ ਜਾਂ ਫਿਲਟਰ ਲਾ ਕੇ ਵੀ ਹਵਾ ਵਿਚ ਮੌਜੂਦ ਪ੍ਰਦੂਸ਼ਿਤ ਕਣਾਂ 'ਚੋਂ ਸਿਰਫ਼ 29 ਫੀਸਦੀ ਨੂੰ ਹੀ ਘਟਾਇਆ ਜਾ ਸਕਦਾ ਹੈ। ਅਧਿਐਨ ਵਿਚ ਕਿਹਾ ਗਿਆ ਹੈ ਕਿ ਸਕੂਲਾਂ ਦੇ ਕਮਰਿਆਂ ਦੀਆਂ ਖਿੜਕੀਆਂ ਬੰਦ ਕਰਨ ਤੋਂ ਬਾਅਦ ਵੀ ਵਿਦਿਆਰਥੀਆਂ ਨੂੰ ਪ੍ਰਦੂਸ਼ਿਤ ਹਵਾ ਤੋਂ ਨਹੀਂ ਬਚਾਇਆ ਜਾ ਸਕਦਾ। ਬ੍ਰਿਟੇਨ ਦੇ ਇੰਪੀਰੀਅਲ ਕਾਲਜ ਦੇ ਖੋਜਕਾਰਾਂ ਨੇ ਲੰਡਨ ਦੇ ਸਕੂਲਾਂ ਵਿਚ ਕਲਾਸਰੂਮਾਂ ਦੀ ਨਿਗਰਾਨੀ ਕੀਤੀ। ਖੋਜਕਾਰਾਂ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਤੋਂ ਵਿਦਿਆਰਥੀਆਂ ਨੂੰ ਬਚਾਉਣ ਲਈ ਜਿਨ੍ਹਾਂ ਸਕੂਲਾਂ 'ਚ ਖਿੜਕੀਆਂ ਬੰਦ ਕਰਨ ਦਾ ਹੁਕਮ ਦਿੱਤਾ ਗਿਆ ਸੀ, ਉੱਥੇ 6 ਫੀਸਦੀ ਕਲਾਸਰੂਮਾਂ ਵਿਚ ਪ੍ਰਦੂਸ਼ਣ ਦਾ ਪੱਧਰ ਵਿਸ਼ਵ ਸਿਹਤ ਸੰਗਠਨ ਵੱਲੋਂ ਨਿਰਧਾਰਤ ਮਾਪਦੰਡਾਂ ਤੋਂ ਵੱਧ ਸੀ। ਉੱਥੇ ਵੀ ਕੋਈ ਖਾਸ ਫਰਕ ਨਹੀਂ ਨਜ਼ਰ ਆਇਆ। ਖੋਜਕਾਰਾਂ ਨੇ ਦਾਅਵਾ ਕੀਤਾ ਕਿ ਬੰਦ ਕਲਾਸਰੂਮਾਂ ਵਿਚ ਕਾਰਬਨ ਡਾਈਆਕਸਾਈਡ (ਸੀ.ਓ.2) ਦੀ ਮਾਤਰਾ ਵਿਚ ਵਾਧਾ ਦੇਖਿਆ ਗਿਆ। ਇਹ ਅਧਿਐਨ ਇੰਪੀਰੀਅਲ ਕਾਲਜ ਲੰਡਨ ਦੀ ਅਗਵਾਈ ਹੇਠ ਚਲਾਏ ਜਾ ਰਹੇ ਪ੍ਰਾਜੈਕਟ ਐੱਸ.ਏ.ਐੱਮ.ਐੱਚ.ਈ. (ਸਕੂਲ ਏਅਰ ਕੁਆਲਿਟੀ ਮਾਨੀਟਰਿੰਗ ਫਾਰ ਹੈਲਥ ਐਂਡ ਐਜੂਕੇਸ਼ਨ) ਦੇ ਤਹਿਤ ਕੀਤਾ ਗਿਆ। ਅਧਿਐਨ ਦੇ ਲੇਖਕ ਡਾ. ਐਲਿਸ ਹੈਂਡੀ ਨੇ ਕਿਹਾ ਕਿ ਸਿਰਫ਼ ਵੈਂਟੀਲੇਸ਼ਨ ਬੰਦ ਕਰਨ ਨਾਲ ਪ੍ਰਦੂਸ਼ਿਤ ਕਣਾਂ (ਪੀ.ਐੱਮ.2.5) ਨੂੰ ਕਲਾਸਰੂਮ ਵਿਚ ਦਾਖਲ ਹੋਣ ਤੋਂ ਨਹੀਂ ਰੋਕਿਆ ਜਾ ਸਕਦਾ।


**ਉੱਤਰ ਰੇਲਵੇ**

**ਨਿਵਿਦਾ ਮੰਗ ਸੂਚਨਾ**

| | |
|---|---|
| ਕੰਮ ਦਾ ਨਾਮ ਅਤੇ ਇਸਦੀ ਸਥਿਤੀ:- | 30-Elect-19-T-2025-26-E3. ਦਿੱਲੀ ਮੰਡਲ ਦੇ ਸਟੇਸ਼ਨਾਂ ਤੇ 11 ਕੇਵੀ ਐਚਟੀ ਸਥਾਪਨਾ ਦੀ ਮੁਰੰਮਤ, ਸਵ੍ਰਿਸਿੰਗ, ਓਵਰਹਾਲਿੰਗ ਅਤੇ ਮਜਬੂਤੀਕਰਨ ਦੇ ਸਬੰਧ ਵਿਚ ਬਿਜਲੀ ਕੰਮ। |
| ਨਿਵਿਦਾ ਦੀ ਅੰਦਾਜਨ ਲਾਗਤ:- | ₹ 13195334 |
| ਦਫਤਰ ਦਾ ਪਤਾ:- | ਸੀਨੀਅਰ ਮੰਡਲ ਬਿਜਲੀ ਇੰਜੀਨੀਅਰ/ਜੀ, ਸਟੇਟ ਐਂਟ੍ਰੀ ਰੋਡ, ਨਵੀਂ ਦਿੱਲੀ |
| ਬਿਆਨਾ ਰਾਸ਼ੀ:- | ₹ 216000 |
| ਨਿਵਿਦਾ ਨਿਵੇਦਨ ਦੀ ਮਿਤੀ ਤੇ ਸਮਾਂ:- | 26.08.2025, 16.00 ਵਜੇ |
| ਨਿਵਿਦਾ ਖੋਹਲਣ ਦੀ ਮਿਤੀ ਤੇ ਸਮਾਂ:- | 26.08.2025, 16.00 ਵਜੇ |
| ਵੈਬ ਸਾਈਟ ਤੇ ਨੋਟਿਸ ਬੋਰਡ:- | www.ireps.gov.in/ਸੀਨੀਅਰ ਮੰਡਲ ਬਿਜਲੀ ਇੰਜੀਨੀਅਰ/ਜੀ, ਨਵੀਂ ਦਿੱਲੀ 2354/2025 |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਬੱਚਿਆਂ ਦੇ ਪਾਲਣ ਪੋਸ਼ਣ ਵਿਚ ਬਜ਼ੁਰਗਾਂ ਦੀ ਭੂਮਿਕਾ

**ਪ੍ਰੋ. ਕੁਲਜੀਤ ਕੌਰ ਅਠਵਾਲ**



ਬੱਚਿਆਂ ਦੀ ਵਧੀਆ ਢੰਗ ਨਾਲ ਪਾਲਣਾ-ਪੋਸ਼ਣਾ ਕਰਨੀ ਹਰ ਮਾਪਿਆਂ ਦੀ ਰੀਝ ਹੁੰਦੀ ਹੈ। ਪਰ ਅਜੋਕੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਮਾਪਿਆਂ ਦੇ ਨੌਕਰੀ ਪੇਸ਼ਾ ਜਾਂ ਵਪਾਰਕ ਕੰਮ ਵਿਚ ਰੁੱਝੇ ਹੋਣ ਕਾਰਨ ਬੱਚਿਆਂ ਨੂੰ ਕਿਸੇ ਹੋਰ ਵੱਡੇ ਦੀ ਅਗਵਾਈ ਅਤੇ ਸਹਾਰੇ ਦੀ ਲੋੜ ਹੁੰਦੀ ਹੈ। ਜੇਕਰ ਘਰ ਵਿਚ ਬਜ਼ੁਰਗ ਦਾਦਾ-ਦਾਦੀ, ਨਾਨਾ-ਨਾਨੀ ਮੌਜੂਦ ਹੋਣ ਤਾਂ ਬੱਚਿਆਂ ਦੀ ਪਾਲਣਾ-ਪੋਸ਼ਣਾ ਮਾਪਿਆਂ ਲਈ ਥੋੜ੍ਹੀ ਸੌਖੀ ਹੋ ਜਾਂਦੀ ਹੈ, ਕਿਉਂ ਜੋ ਉਹ ਬੇਫ਼ਿਕਰ ਹੋ ਕੇ ਆਪਣੇ ਕੰਮਕਾਰ ਉੱਪਰ ਜਾ ਸਕਦੇ ਹਨ। ਬੱਚੇ ਦੋ ਪੀੜ੍ਹੀਆਂ ਨੂੰ ਆਪਸ ਵਿਚ ਜੋੜਨ ਲਈ ਪੁਲ ਦਾ ਕੰਮ ਵੀ ਕਰਦੇ ਹਨ। ਇਨ੍ਹਾਂ ਦੋਵਾਂ ਪੀੜ੍ਹੀਆਂ (ਬੱਚੇ ਅਤੇ ਬਜ਼ੁਰਗ) ਲਈ ਇਕ-ਦੂਜੇ ਦਾ ਸਾਥ ਬਹੁਤ ਹੀ ਜ਼ਰੂਰੀ ਹੈ। ਆਓ, ਕੁਝ ਨੁਕਤਿਆਂ ਉੱਪਰ ਵਿਚਾਰ ਕਰੀਏ-

ਚੰਗੇ ਸੰਸਕਾਰਾਂ ਦੀ ਬੁਨਿਆਦ ਬੱਚਿਆਂ ਦੀ ਬਜ਼ੁਰਗਾਂ ਦੇ ਸਾਥ ਨਾਲ ਹੋ ਸਕਦੀ ਹੈ। ਜੇਕਰ ਪਰਿਵਾਰ ਵਿਚ ਦਾਦਾ-ਦਾਦੀ ਰਹਿੰਦੇ ਹਨ ਤਾਂ ਆਪਣੀਆਂ ਪਰੰਪਰਾਵਾਂ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਬੱਚਿਆਂ ਦਾ ਨਾਤਾ ਗੂੜ੍ਹਾ ਹੋ ਜਾਂਦਾ ਹੈ। ਦਾਦਾ-ਦਾਦੀ/ਨਾਨਾ-ਨਾਨੀ ਦੇ ਸਾਥ ਵਿਚ ਬੱਚੇ ਆਪਣੇ ਮਾਤਾ-ਪਿਤਾ ਦੇ ਪਰਿਵਾਰਕ ਰਿਸ਼ਤਿਆਂ ਨੂੰ ਹੋਰ ਬਿਹਤਰ ਢੰਗ ਨਾਲ ਜਾਣਨ ਵਿਚ ਕਾਮਯਾਬ ਹੋ ਸਕਦੇ ਹਨ। ਇਸ ਲਈ ਮਾਪਿਆਂ ਨੂੰ ਬਹੁਤੇ ਯਤਨ ਕਰਨ ਦੀ ਲੋੜ ਨਹੀਂ ਪੈਂਦੀ।

ਮਾਪਿਆਂ ਦੇ ਕੰਮਕਾਜੀ ਹੋਣ ਕਾਰਨ ਬੱਚੇ ਆਪਣੇ ਬਜ਼ੁਰਗਾਂ ਨਾਲ ਖੁੱਲ੍ਹ ਕੇ ਗੱਲ ਕਰਦੇ, ਖੇਡਦੇ, ਘੁੰਮਦੇ ਹਨ, ਜਿਸ ਨਾਲ ਬੱਚਿਆਂ ਦਾ ਤਨਾਓ ਵੀ ਦੂਰ ਰਹਿੰਦਾ ਹੈ। ਬੱਚੇ ਵੀ ਆਪਣੇ ਬਜ਼ੁਰਗਾਂ ਨਾਲ ਭਾਵਾਤਮਕ ਤੌਰ 'ਤੇ ਵਧੇਰੇ ਜੁੜ ਕੇ ਆਪਣੀ ਜ਼ਿੰਦਗੀ ਦੇ ਨਿੱਕੇ-ਨਿੱਕੇ ਤਣਾਓ ਤੇ ਮੁਸ਼ਕਿਲਾਂ ਬਜ਼ੁਰਗਾਂ ਨਾਲ ਸਾਂਝੀਆਂ ਕਰਕੇ ਖ਼ੁਸ਼ੀ ਦਾ ਅਨੁਭਵ ਕਰਦੇ ਹਨ। ਬੱਚਿਆਂ ਦੀ ਸੰਗਤ ਵਿਚ ਬਜ਼ੁਰਗ ਵੀ ਮਾਨਸਿਕ ਤੇ ਸਰੀਰਕ ਤੌਰ 'ਤੇ ਆਪਣੇ-ਆਪ ਨੂੰ ਸੰਤੁਸ਼ਟ ਅਤੇ ਖ਼ੁਸ਼ ਮਹਿਸੂਸ ਕਰਦੇ ਹਨ, ਉਹ ਵੀ ਬੱਚਿਆਂ ਤੋਂ ਸਿੱਖਦੇ ਹਨ।

ਬਜ਼ੁਰਗਾਂ ਦੀ ਛਤਰ-ਛਾਇਆ ਹੇਠ ਪਲਣ ਵਾਲੇ ਬੱਚੇ ਪਰਿਵਾਰ ਅਤੇ ਰਿਸ਼ਤਿਆਂ ਦੇ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਉਹ ਵੱਡਿਆਂ ਦਾ ਸਤਿਕਾਰ ਕਰਨਾ, ਮਿਲਜੁਲ ਕੇ ਰਹਿਣਾ ਸਿੱਖਦੇ ਹਨ। ਉਹ ਵੀ ਇਹ ਜਾਣ ਜਾਂਦੇ ਹਨ ਕਿ ਜਦੋਂ ਉਨ੍ਹਾਂ ਦੇ ਮਾਪੇ ਬਜ਼ੁਰਗ ਹੋਣਗੇ ਤਾਂ ਉਨ੍ਹਾਂ ਨੂੰ ਵੀ ਆਪਣੇ ਮਾਪਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ ਤੇ ਰੱਖਣਾ ਪਵੇਗਾ। ਬਜ਼ੁਰਗਾਂ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਦੇ ਬੱਚਿਆਂ ਦੀਆਂ ਆਦਤਾਂ 'ਤੇ ਨਜ਼ਰ ਰੱਖਣ ਤੇ ਕਿਸੇ ਵੀ ਗ਼ਲਤੀ 'ਤੇ ਉਨ੍ਹਾਂ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨ। ਜੇਕਰ ਤੇ ਬੱਚੇ ਕਿਸ਼ੋਰ ਉਮਰ ਦੇ ਹਨ ਤਾਂ ਬਜ਼ੁਰਗ ਦਾਦਾ-ਦਾਦੀ, ਨਾਨਾ-ਨਾਨੀ ਨੂੰ ਉਨ੍ਹਾਂ ਨਾਲ ਦੋਸਤਾਨਾ ਵਿਹਾਰ ਰੱਖਣਾ ਚਾਹੀਦਾ ਹੈ। ਉਨ੍ਹਾਂ ਦੇ ਤਿਆਰ ਹੋਣ ਦੇ ਢੰਗ-ਤਰੀਕੇ ਨੂੰ ਆਪਣੇ ਸਮੇਂ ਨਾਲ ਤੁਲਨਾ ਦੇ ਕੇ ਉਨ੍ਹਾਂ ਦੀ ਨੁਕਤਾਚੀਨੀ ਕਰਨ ਦੀ ਬਜਾਏ ਉਨ੍ਹਾਂ ਦੇ ਸਮੇਂ ਦੇ ਫ਼ੈਸ਼ਨ ਅਤੇ ਲੋੜਾਂ ਦੇ ਮੁਤਾਬਿਕ ਸੋਚੋ। ਬੱਚਿਆਂ ਨੂੰ ਬਹੁਤ ਜ਼ਿਆਦਾ ਝਾੜ-ਝੰਬ ਕਰਕੇ ਰੋਹਬ ਪਾ ਕੇ ਗੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਪਿਆਰ ਭਰੇ ਢੰਗ ਨਾਲ ਸਮਝਾਇਆ ਜਾਣਾ ਚਾਹੀਦਾ ਹੈ।

ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਸ਼ੁਰੂ ਤੋਂ ਹੀ ਬੱਚਿਆਂ ਨੂੰ ਸਮਝਾਉਣ ਕਿ ਉਹ ਉਨ੍ਹਾਂ ਦੇ ਬਜ਼ੁਰਗ ਮਾਪਿਆਂ ਦਾ ਆਦਰ ਕਰਨ। ਮਾਪਿਆਂ ਦੇ ਆਪਣੇ ਵਿਹਾਰ ਵਿਚ ਵੀ ਆਪਣੇ ਬਜ਼ੁਰਗ ਮਾਪਿਆਂ ਲਈ ਸਹਿਜਤਾ ਅਤੇ ਸਤਿਕਾਰ ਹੋਣਾ ਚਾਹੀਦਾ ਹੈ, ਤਾਂ ਹੀ ਬੱਚੇ ਆਪਣੇ ਬਜ਼ੁਰਗਾਂ ਦਾ ਕਿਹਾ ਮੰਨਣਗੇ। ਬੱਚਿਆਂ ਦੀਆਂ ਆਦਤਾਂ ਅਤੇ ਰੁਟੀਨ ਦੀ ਜਾਣਕਾਰੀ ਬਜ਼ੁਰਗਾਂ ਨੂੰ ਦੇਣੀ ਚਾਹੀਦੀ ਹੈ। ਬਜ਼ੁਰਗਾਂ ਦੇ ਕਮਰੇ ਵਿਚ ਆਪਣਾ ਅਲੱਗ ਟੀ. ਵੀ. ਜਾਂ ਹੋਰ ਮਨੋਰੰਜਨ ਦਾ ਸਾਧਨ ਹੋਵੇ ਤਾਂ ਜੋ ਉਹ ਆਪਣੇ ਸਮੇਂ ਅਨੁਸਾਰ ਦੇਖ ਸਕਣ ਅਤੇ ਬੱਚਿਆਂ ਦੀ ਪੜ੍ਹਾਈ ਵਿਚ ਵਿਘਨ ਨਾ ਪਵੇ। ਦਾਦਾ-ਦਾਦੀ, ਨਾਨਾ-ਨਾਨੀ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਜੇਕਰ ਬੱਚੇ ਅਨੁਸ਼ਾਸਨਹੀਣ ਵਿਹਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਟੋਕਿਆ ਜਾਵੇ ਤੇ ਮਾਪਿਆਂ ਨੂੰ ਵੀ ਇਸ ਦੀ ਜਾਣਕਾਰੀ ਦਿੱਤੀ ਜਾਵੇ।

ਅੱਜ ਦੇ ਯੁੱਗ ਵਿਚ ਬਦਲਦੀਆਂ ਲੋੜਾਂ ਅਤੇ ਬਦਲਦੇ ਜੀਵਨ ਢੰਗ ਨਾਲ ਮਾਪੇ ਅਤੇ ਬੱਚਿਆਂ ਲਈ ਬਜ਼ੁਰਗਾਂ ਦੇ ਸਾਥ ਨਾਲ ਤਾਲਮੇਲ ਬਣਾਉਣ ਦੀ ਲੋੜ ਹੈ। ਇਸ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਬੱਚੇ ਬਜ਼ੁਰਗਾਂ ਤੋਂ ਸੇਧ ਲੈਣ ਤੇ ਆਪਣਾ ਸਮਾਂ ਅਤੇ ਸ਼ਕਤੀ ਸਹੀ ਪਾਸੇ ਲਗਾਉਣ। ਅੱਜ ਦੇ ਦੌਰ ਵਿਚ ਬੱਚੇ ਅਤੇ ਬਜ਼ੁਰਗ ਇਕ-ਦੂਜੇ ਦੇ ਪੂਰਕ ਬਣ ਚੁੱਕੇ ਹਨ ਅਤੇ ਇਨ੍ਹਾਂ ਦੀ ਵਜ੍ਹਾ ਨਾਲ ਹੀ ਪਰਿਵਾਰ ਦਾ ਮਾਹੌਲ ਖ਼ੁਸ਼ਨੁਮਾ ਬਣ ਸਕਦਾ ਹੈ। ਦੋਵਾਂ ਲਈ ਇਕ-ਦੂਜੇ ਦਾ ਸਾਥ ਨਿੱਘ ਅਤੇ ਸ਼ਾਂਤੀ ਭਰਿਆ ਹੋਣਾ ਚਾਹੀਦਾ ਹੈ।

# ਖ਼ੁਦ ਬਣਾਓ ਤੁਸੀਂ ਆਪਣੀ ਪਹਿਚਾਣ

**ਅਮਰਜੀਤ ਬਰਾੜ**



ਅਕਸਰ ਉਹ ਦੁਨੀਆ ਦੀ ਭੀੜ 'ਚ ਗੁਆਚ ਜਾਂਦੇ ਹਨ, ਜਿਨ੍ਹਾਂ ਦੀ ਆਪਣੀ ਕੋਈ ਪਛਾਣ ਨਹੀਂ ਹੁੰਦੀ। ਜ਼ਿੰਦਗੀ ਵਿਚ ਘਾਟ ਮੰਜ਼ਿਲਾਂ ਜਾਂ ਟੀਚਿਆਂ ਦੀ ਨਹੀਂ ਹੁੰਦੀ, ਬਲਕਿ ਘਾਟ ਇਰਾਦੇ ਦੀ ਹੁੰਦੀ ਹੈ। ਮੰਜ਼ਿਲ ਜਾਂ ਮਨੋਰਥ ਭਾਵੇਂ ਇਕ ਹੋਵੇ ਪਰ ਉਸ ਤੱਕ ਪਹੁੰਚਣ ਲਈ ਰਸਤੇ ਬਹੁਤ ਹੁੰਦੇ ਹਨ। ਬਹੁਤ ਸਾਰੀਆਂ ਘਾਟਾਂ, ਮੁਸ਼ਕਿਲਾਂ, ਸਮੱਸਿਆਵਾਂ ਅਤੇ ਬੰਦਸ਼ਾਂ ਦੇ ਬਾਵਜੂਦ ਕਈ ਲੜਕੀਆਂ ਆਪਣੇ ਆਲੇ-ਦੁਆਲੇ ਦੇ ਸਮਾਜ ਲਈ ਪ੍ਰੇਰਨਾ ਸਰੋਤ ਬਣ ਜਾਂਦੀਆਂ ਹਨ। ਆਪਣੇ-ਆਪ ਨੂੰ ਪਛਾਣ ਲੈਣਾ ਹੀ ਤੁਹਾਡੀ ਅਸਲ ਪਹਿਚਾਣ ਹੈ ਅਤੇ ਇਹ ਕੰਮ ਤੁਸੀਂ ਖ਼ੁਦ ਹੀ ਕਰ ਸਕਦੇ ਹੋ। ਤੁਸੀਂ ਆਪਣੇ ਦੋਵਾਂ ਹੱਥਾਂ ਨਾਲ ਕੋਸ਼ਿਸ਼ ਕਰੋਗੇ ਤਾਂ ਹੋਰਾਂ ਦੇ ਕਈ ਹੱਥ ਆਪਣੇ-ਆਪ ਹੀ ਤੁਹਾਡੀ ਮਦਦ ਲਈ ਪਹੁੰਚ ਜਾਂਦੇ ਹਨ। ਆਪਣੇ ਟੀਚੇ ਤੱਕ ਪਹੁੰਚਣ ਲਈ ਸਿਰਫ ਤੁਹਾਡੇ ਪੈਰ ਹੀ ਨਹੀਂ, ਬਲਕਿ ਤੁਹਾਡੀ ਸੋਚ ਅਤੇ ਸਮਝ, ਇਰਾਦਾ ਅਤੇ ਨਿਸ਼ਚਾ ਵੀ ਤੁਹਾਨੂੰ ਅੱਗੇ ਤੋਰਦਾ ਹੈ। ਤੁਹਾਡਾ ਸਰੀਰ ਤੁਹਾਡਾ ਸਹਾਇਕ, ਤੁਹਾਡੀ ਸੋਚ, ਤੁਹਾਡਾ ਸਾਥੀ, ਤੁਹਾਡੀ ਸਮਝ, ਤੁਹਾਡੀ ਸਲਾਹਕਾਰ ਅਤੇ ਤੁਹਾਡਾ ਹੌਸਲਾ ਤੁਹਾਡਾ ਰਸਤਾ ਬਣਦਾ ਹੈ। ਕੁਝ ਸਮਾਂ ਇਕਾਂਤ ਵਿਚ ਵੀ ਰਹਿਣਾ ਸਿੱਖੋ, ਕਿਉਂਕਿ ਇਕਾਂਤ ਤੁਹਾਨੂੰ ਆਪਣੇ-ਆਪ ਨੂੰ ਸਮਝਣ ਦਾ ਮੌਕਾ ਦਿੰਦੀ ਹੈ। ਆਪਣੇ-ਆਪ ਨਾਲ ਵੀ ਗੱਲ ਕਰਨੀ ਸਿੱਖੋ। ਕੁਝ ਆਪਣੇ-ਆਪ ਲਈ ਗਾਓ। ਕੁਝ ਆਪਣੇ-ਆਪ ਲਈ ਚੰਗਾ ਪੜ੍ਹੋ ਅਤੇ ਚੰਗੇ ਦੇਖੋ। ਦੂਜਿਆਂ ਨੂੰ ਸਮਝਾਓ ਅਤੇ ਮੁਆਫ ਕਰੋ ਪਰ ਮੂਰਖ ਕਦੇ ਨਾ ਬਣੋ। ਜੇਕਰ ਇਕੋ ਲਤੀਫੇ ਤੋਂ ਤੁਸੀਂ ਵਾਰ-ਵਾਰ ਹੱਸ ਨਹੀਂ ਸਕਦੇ ਤਾਂ ਤੁਸੀਂ ਇਕੋ ਗੱਲ 'ਤੇ ਵਾਰ-ਵਾਰ ਦੁਖੀ ਵੀ ਨਾ ਹੋਵੋ। ਜ਼ਿੰਦਗੀ ਇਕ ਵੱਡੀ ਕਿਤਾਬ ਦੀ ਤਰ੍ਹਾਂ ਹੈ ਅਤੇ ਇਸ ਦੇ ਸਾਰੇ ਚੈਪਟਰ ਇਕੋ ਜਿਹੇ ਨਹੀਂ ਹੁੰਦੇ। ਇਕ ਬੁਰੇ ਚੈਪਟਰ ਦਾ ਮਤਲਬ ਇਹ ਨਹੀਂ ਕਿ ਤੁਹਾਡੀ ਜ਼ਿੰਦਗੀ ਦੇ ਸਾਰੇ ਚੈਪਟਰ ਹੀ ਬੁਰੇ ਹਨ। ਸਿਰਫ ਤੁਹਾਡੇ ਆਪਣੇ ਵਿਚਾਰ ਹੀ ਹੁੰਦੇ ਹਨ, ਜਿਹੜੇ ਤੁਹਾਨੂੰ ਪ੍ਰੇਸ਼ਾਨ ਕਰਦੇ ਹਨ।

ਕਈ ਗੱਲਾਂ ਨੂੰ ਅਣਦੇਖਿਆਂ ਕਰਨ ਵਿਚ ਹੀ ਤੁਹਾਡੀ ਭਲਾਈ ਹੁੰਦੀ ਹੈ। ਕਿਸੇ ਸਫਲ ਵਿਅਕਤੀ ਨੂੰ ਦੇਖ ਕੇ ਈਰਖਾ ਕਰਨ ਵਾਲੇ ਖ਼ੁਦ ਹੀ ਆਪਣੇ-ਆਪ ਨੂੰ ਜ਼ਖ਼ਮੀ ਕਰਦੇ ਹਨ। ਕਿਸੇ ਚੰਗੀ ਪ੍ਰਾਪਤੀ ਵਾਲੇ ਸਫਲ ਵਿਅਕਤੀ ਨੂੰ ਤੁਸੀਂ ਆਪਣਾ ਆਦਰਸ਼ ਬਣਾਓ। ਤੁਹਾਡੇ ਲਈ ਇਕ ਬੇਟੀ ਜਾਂ ਔਰਤ ਹੋਣਾ ਮਾਣ ਦੀ ਗੱਲ ਹੈ, ਕਿਉਂਕਿ ਜੋ ਕੰਮ ਔਰਤ ਕਰ ਸਕਦੀ ਹੈ, ਉਸ ਨੂੰ ਸਮਾਜ ਵਿਚ ਹੋਰ ਕੋਈ ਵੀ ਨਹੀਂ ਕਰ ਸਕਦਾ। ਇਸ ਗੱਲ ਦੀ ਪ੍ਰਵਾਹ ਨਾ ਕਰੋ ਕਿ ਲੋਕ ਤੁਹਾਡੇ ਬਾਰੇ ਕੀ ਸੋਚਦੇ ਹਨ। ਤੁਸੀਂ ਆਪਣੀ ਜ਼ਿੰਦਗੀ ਦਾ ਇਕ ਟੀਚਾ ਮਿਥੋ ਅਤੇ ਤੁਰਦੇ ਜਾਓ। ਤੁਹਾਡੇ ਬਾਰੇ ਬੁਰਾ ਸੋਚਣ ਵਾਲੇ ਲੋਕ ਉਹ ਹੁੰਦੇ ਹਨ, ਜੋ ਖ਼ੁਦ ਵੀ ਆਪਣੇ ਬਾਰੇ ਕਦੇ ਚੰਗਾ ਨਹੀਂ ਸੋਚਦੇ। ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਲੋਕਾਂ ਬਾਰੇ ਤੁਹਾਡੀ ਆਪਣੀ ਸੋਚ ਕੀ ਹੈ? ਯਾਦ ਰੱਖੋ, ਜ਼ਿੰਦਗੀ ਦੀਆਂ ਸਾਰੀਆਂ ਰੁਕਾਵਟਾਂ ਤੁਹਾਡੇ ਸਫਲ ਹੋਣ ਦੇ ਜਨੂੰਨ ਤੋਂ ਛੋਟੀਆਂ ਹਨ। ਜ਼ਿੰਦਗੀ ਦੀ ਕੋਈ ਵੀ ਸਮੱਸਿਆ ਤੁਹਾਡੇ ਤੋਂ ਵੱਡੀ ਨਹੀਂ ਹੋ ਸਕਦੀ। ਮਸ਼ਹੂਰ ਹੋਣ ਦੀ ਥਾਂ ਚੰਗੇ ਬਣੋ, ਕਿਉਂਕਿ ਮਸ਼ਹੂਰ ਤਾਂ ਅਪਰਾਧ ਕਰਨ ਵਾਲੇ ਵੀ ਬਹੁਤ ਹੋ ਜਾਂਦੇ ਹਨ। ਕੋਈ ਵੀ ਕੰਮ ਤੁਹਾਡੇ ਹੌਸਲੇ ਅਤੇ ਇਰਾਦੇ ਤੋਂ ਵੱਡਾ ਨਹੀਂ ਹੋ ਸਕਦਾ। ਤੁਹਾਡੀ ਜ਼ਿੰਦਗੀ ਦਾ ਭਵਿੱਖ ਤੁਹਾਡੀ ਅੱਜ ਦੀ ਸੋਚ ਅਤੇ ਤੁਹਾਡੇ ਅੱਜ ਦੇ ਕੰਮ ਹਨ। ਬੇਸ਼ੱਕ ਜ਼ਿੰਦਗੀ ਦੇ ਹੱਥ ਨਹੀਂ ਹੁੰਦੇ ਪਰ ਕਈ ਵਾਰ ਇਹ ਸਾਡੇ ਅਜਿਹਾ ਥੱਪੜ ਮਾਰਦੀ ਹੈ ਕਿ ਇਸ ਨਾਲ ਸਾਨੂੰ ਜ਼ਿੰਦਗੀ ਜਿਊਣ ਦਾ ਢੰਗ-ਤਰੀਕਾ ਆ ਜਾਂਦਾ ਹੈ। ਤੁਸੀਂ ਕੀ ਹੋ, ਇਸ ਨਾਲੋਂ ਇਹ ਜ਼ਿਆਦਾ ਕੀਮਤੀ ਹੈ ਕਿ ਤੁਸੀਂ ਕੀ ਬਣ ਸਕਦੇ ਹੋ।

# ਪਾਕਿਸਤਾਨ ਵਿੱਚ ਬਿਤਾਏ ਉਹ ਦਿਨ

**ਮੀਨਾ ਮੈਨਨ**



ਭਾਰਤ ਤੋਂ ਬਾਹਰ ਇਹ ਮੇਰੀ ਪਹਿਲੀ ਪੋਸਟਿੰਗ ਸੀ। ਮੈਂ ਵਿਦੇਸ਼ੀ ਪੱਤਰਕਾਰ ਸਾਂ ਪਰ ਜਿੱਥੇ ਮੇਰੀ ਪੋਸਟਿੰਗ ਹੋਈ, ਉਹ ਮੇਰੇ ਲਈ ਬਹੁਤਾ ਵਿਦੇਸ਼ੀ ਮੁਲਕ ਨਹੀਂ ਸੀ। ਉੱਥੇ ਕੰਮ ਕਰਨਾ ਆਸਾਨ ਵੀ ਸੀ ਅਤੇ ਔਖਾ ਵੀ। ਮੁੱਢ ਤੋਂ ਹੀ ਲੋਕ ਦੋਸਤਾਨਾ ਸਨ ਅਤੇ ਮੈਂ ਜੋ ਸੋਚਦੀ ਸਾਂ, ਉਸ ਤੋਂ ਮੈਨੂੰ ਕਿਤੇ ਘੱਟ ਔਖਿਆਈ ਹੋਈ। ਤੁਹਾਨੂੰ ਜਿੱਥੇ ਤਕ ਪੁੱਜਣ ਜਾਂ ਜੋ ਕੁਝ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਸੀ, ਉਸ ਲਈ ਤੁਹਾਨੂੰ ਅਧਿਕਾਰੀਆਂ ਦਾ ਸ਼ੁਕਰਗੁਜ਼ਾਰ ਹੋਣਾ ਬਣਦਾ ਸੀ- ਘੱਟੋਘੱਟ ਤੁਹਾਡੇ ਤੋਂ ਤਵੱਕੋ ਤਾਂ ਇਹੋ ਹੀ ਕੀਤੀ ਜਾਂਦੀ ਸੀ। ਨਾਲ ਹੀ ਤੁਹਾਨੂੰ ਇਹ ਵੀ ਸਮਝਣਾ ਤੇ ਮੰਨਣਾ ਪੈਣਾ ਹੀ ਸੀ ਕਿ ਬਹੁਤ ਕੁਝ ਅਜਿਹਾ ਹੈ ਜਿੱਥੇ ਤਕ ਪਹੁੰਚ ਕਰਨ ਦੀ ਤੁਹਾਨੂੰ ਖੁੱਲ੍ਹ ਨਹੀਂ ਦਿੱਤੀ ਗਈ। ਮੇਰੇ ਮਾਮਲੇ ਵਿੱਚ ਤਾਂ ਬਹੁਤ ਛੇਤੀ ਸਮਾਂ ਅਜਿਹਾ ਆ ਗਿਆ ਜਦੋਂ ਪੂਰੇ ਮੁਲਕ (ਪਾਕਿਸਤਾਨ) ਨੂੰ ਹੀ ਮੇਰੀ ਪਹੁੰਚ ਤੋਂ ਬਾਹਰ ਕਰ ਦਿੱਤਾ ਗਿਆ। ਅਜਿਹਾ ਹੋਣ ਤੋਂ ਪਹਿਲਾਂ ਮੇਰੇ ਇੱਕ ਸਾਥੀ ਪੱਤਰਕਾਰ ਨੂੰ ਅਧਿਕਾਰੀਆਂ ਨੇ ਦੱਸ ਦਿੱਤਾ ਸੀ ਕਿ ਮੇਰੀਆਂ ਰਿਪੋਰਟਾਂ ਬਹੁਤ 'ਪਾਕਿਸਤਾਨ-ਵਿਰੋਧੀ' ਹਨ; ਉਨ੍ਹਾਂ ਦੀ ਸੁਰ ਬਹੁਤ ਆਲੋਚਨਾਤਮਕ ਹੈ। ਬਹੁਤੇ ਮੁਲਕਾਂ ਵਿੱਚ ਕਿਸੇ ਨਾ ਕਿਸੇ ਪੱਧਰ 'ਤੇ ਇਹ ਵਤੀਰਾ ਹੁੰਦਾ ਹੀ ਹੈ ਕਿ ਜੇਕਰ "ਤੁਸੀਂ ਸਾਡੇ ਨਾਲ ਨਹੀਂ ਤਾਂ ਤੁਸੀਂ ਸਾਡੇ ਵਿਰੁੱਧ ਹੋ।" ਇਸਲਾਮਾਬਾਦ ਵਿੱਚ ਵੀ ਮੈਨੂੰ ਇਹੋ ਅਹਿਸਾਸ ਕਰਵਾਇਆ ਜਾਣ ਲੱਗਾ। ਇਸਲਾਮਾਬਾਦ ਵੱਲ ਰਵਾਨਾ ਹੋਣ ਤੋਂ ਪਹਿਲਾਂ ਮੈਂ ਆਪਣੀਆਂ ਦੋ ਸਹਿਕਰਮੀਆਂ- ਅਨਿਤਾ (ਪ੍ਰਤਾਪ) ਤੇ ਨਿਰੂਪਮਾ (ਸੁਬਰਾਮਨੀਅਮ) ਨਾਲ ਲੰਬਾ ਵਿਚਾਰ-ਵਟਾਂਦਰਾ ਕੀਤਾ ਸੀ। ਦੋਵੇਂ ਪਾਕਿਸਤਾਨ ਵਿੱਚ ਭਾਰਤੀ ਪੱਤਰਕਾਰ ਰਹਿ ਚੁੱਕੀਆਂ ਸਨ। ਅਜਿਹੀ ਚਰਚਾ ਸਦਕਾ ਪਾਕਿਸਤਾਨ ਵਿੱਚ ਘਰ ਕਿਵੇਂ ਬਣਾਉਣਾ ਹੈ, ਕੀ ਕਿੱਥੋਂ ਖ਼ਰੀਦਣਾ ਹੈ, ਕੀ ਕਰਨਾ ਹੈ ਤੇ ਕੀ ਨਹੀਂ ਕਰਨਾ, ਵਰਗਾ ਬਹੁਤ ਸਾਰਾ ਮੁੱਢਲਾ ਕੰਮ ਕਰਨ ਤੋਂ ਮੇਰਾ ਬਚਾਅ ਹੋ ਗਿਆ। ਹੋਰ ਚਿਤਾਵਨੀਆਂ ਦੇ ਨਾਲ ਨਾਲ ਮੈਨੂੰ ਨਿਮਰਤਾ ਨਾਲ ਬੋਲਣ ਦੀ ਚਿਤਾਵਨੀ ਵੀ ਦਿੱਤੀ ਗਈ। ਮੈਂ ਮੁੰਬਈ ਤੋਂ ਸੀ ਅਤੇ ਸਾਡੀ ਬੰਬਈਆ ਹਿੰਦੀ ਕਿਸੇ ਤਕੱਲੁਫ਼ ਜਾਂ ਸ਼ੁੱਧਤਾ ਲਈ ਨਹੀਂ ਜਾਣੀ ਜਾਂਦੀ ਸੀ। ਹਿੰਦੀ ਵਿੱਚ ਮਰਦਾਵੀਂ ਤੇ ਜ਼ਨਾਨਾ ਭਾਸ਼ਾ ਲਈ ਸਖ਼ਤ ਵਿਆਕਰਣ ਵਰਤੀ ਜਾਂਦੀ ਹੈ। ਇਸ ਦੇ ਉਲਟ ਸਾਡੀ ਅਸ਼ੁੱਧ ਬੋਲੀ ਵਿੱਚ ਅਜਿਹੀ ਕੋਈ ਸੀਮਾ ਨਹੀਂ ਹੈ। ਇੱਕ ਮਹਿਲਾ ਵੀ 'ਮੈਂ ਆਤਾ ਹੂੰ' ਆਦਿ ਕਹਿ ਸਕਦੀ ਹੈ। ਸ਼ਬਦ ਅਤੇ ਵਾਕ ਛੋਟੇ ਹੋਣ ਕਾਰਨ ਇਨ੍ਹਾਂ ਵਿੱਚ ਕੋਈ ਨਜ਼ਾਕਤ ਨਜ਼ਰ ਨਹੀਂ ਆਉਂਦੀ ਸੀ ਅਤੇ ਕੋਈ ਵੀ ਆਪਣੀ ਮਰਜ਼ੀ ਮੁਤਾਬਿਕ ਕੁਰੱਖ਼ਤ ਬੋਲ ਸਕਦਾ ਸੀ। ਕੁਬੋਲ ਬੋਲਣ ਦਾ ਰਿਵਾਜ ਸੀ। ਜ਼ਿਆਦਾਤਰ ਸਮਾਂ ਅਸੀਂ ਅੰਗਰੇਜ਼ੀ ਬੋਲਦੇ, ਪਰ ਹਿੰਦੀ ਜਾਂ ਉਰਦੂ ਵਿੱਚ ਗੱਲਬਾਤ ਕਰਨ ਸਮੇਂ ਮੈਨੂੰ ਸਹੀ ਸ਼ਬਦ ਬੋਲਣ ਦੀ ਗੱਲ ਯਾਦ ਰੱਖਣੀ ਪੈਂਦੀ। ਉਰਦੂ ਦੀ ਜਾਣਕਾਰੀ ਨਾ ਹੋਣਾ ਵੱਡਾ ਅੜਿੱਕਾ ਬਣ ਸਕਦਾ ਹੈ, ਭਾਵੇਂ ਮੈਂ ਗ਼ਜ਼ਲਾਂ ਅਤੇ ਸ਼ਾਇਰੀ ਨੂੰ ਪਸੰਦ ਕਰਦੀ ਸੀ। ਮੇਰਾ ਦੱਖਣ ਭਾਰਤੀ ਹੋਣਾ ਵੀ ਕਿਸੇ ਕੰਮ ਨਾ ਆਇਆ।

ਮਦਰਾਸੀਆਂ (ਭਾਰਤ ਵਿੱਚ ਵੀ ਸਾਰੇ ਦੱਖਣੀ ਭਾਰਤੀਆਂ ਨੂੰ ਮਦਰਾਸੀ ਕਿਹਾ ਜਾਂਦਾ ਹੈ, ਸੋ ਇਹ ਰੁਝਾਨ ਸਿਰਫ਼ ਪਾਕਿਸਤਾਨ ਤਕ ਸੀਮਿਤ ਨਹੀਂ ਹੈ) ਖ਼ਿਲਾਫ਼ ਇੱਕ ਹਾਸੋਹੀਣਾ ਰੁਝਾਨ ਸੀ ਅਤੇ ਇਸ ਵਿੱਚ ਇਹ ਵਿਸ਼ਵਾਸ ਵੀ ਸ਼ਾਮਲ ਸੀ ਕਿ ਅਸੀਂ ਕੁਝ ਅਸਭਿਅਕ, ਕਾਲੇ ਤੇ ਉਜੱਡ ਲੋਕ ਸੀ ਜੋ ਉੱਤਰੀ ਭਾਰਤ ਦੇ ਜਮਾਅ ਦੇਣ ਵਾਲੇ ਮੌਸਮ ਵਿੱਚ ਸੁੰਗੜ ਜਾਂਦੇ ਸੀ। ਦਰਅਸਲ, ਦਿੱਲੀ ਵਿੱਚ ਵੀ ਅਤਿ ਦੀ ਸਰਦੀ ਵਿੱਚ ਸਵੇਰ ਦੀ ਸੈਰ ਸਮੇਂ ਕਿਸੇ ਨੇ ਟਿੱਪਣੀ ਕੀਤੀ ਸੀ ਕਿ ਮੈਂ 'ਮਦਰਾਸੀਆਂ' ਵਰਗੇ ਕੱਪੜੇ ਪਹਿਨੇ ਹੋਏ ਸਨ।

ਮੈਨੂੰ ਮਿਲੇ ਕਈ ਲੋਕਾਂ ਨੇ ਸਾਨੂੰ ਪੰਜਾਬੀ ਘੱਟ ਸਮਝ ਆਉਂਦੀ ਹੋਣ ਦਾ ਮਖੌਲ ਵੀ ਉਡਾਇਆ ਜੋ ਮੈਨੂੰ ਬਿਲਕੁਲ ਵੀ ਨਹੀਂ ਸੀ ਆਉਂਦੀ। ਇੱਕ ਵਾਰ ਇੱਕ ਪਾਰਟੀ ਵਿੱਚ ਜਦੋਂ ਪੰਜਾਬੀ ਸ਼ਾਇਰੀ ਸੁਣਾਈ ਜਾ ਰਹੀ ਸੀ। ਮੈਂ ਇਸ ਦਾ ਮਤਲਬ ਪੁੱਛਿਆ ਤਾਂ ਮੈਨੂੰ ਚੰਗੀ ਝਾੜ ਪਾਈ ਗਈ। ਮੈਂ ਇਹ ਸਿੱਟਾ ਕੱਢਿਆ ਕਿ ਪੰਜਾਬੀ ਅਣਖ ਵੀ ਉਨ੍ਹਾਂ ਦੀ ਮਹਿਮਾਨਨਿਵਾਜ਼ੀ ਜਿੰਨੀ ਮਹਾਨ ਸੀ ਅਤੇ ਮੇਰੇ ਵੱਲੋਂ ਇਸ ਦਾ ਮਲਤਬ ਪੁੱਛੇ ਜਾਣ ਨੇ ਮਹਾਨ ਭਾਸ਼ਾ ਦੀ ਸ਼ਾਇਦ ਇੱਕ ਤਰ੍ਹਾਂ ਬੇਇੱਜ਼ਤੀ ਕੀਤੀ ਸੀ। ਸ਼ਾਇਰੀ ਸੁਣਾ ਰਹੇ ਸਿਆਸਤਦਾਨ ਨੇ ਵੀ ਕੁਝ ਅਜਿਹਾ ਹੀ ਕਿਹਾ ਸੀ। ਨੁਕਸਾਨ ਤਾਂ ਮੇਰਾ ਹੀ ਸੀ!

ਇਸ ਲਈ ਬੋਲਣ ਤੋਂ ਪਹਿਲਾਂ ਮੈਨੂੰ ਚੰਗੀ ਤਰ੍ਹਾਂ ਸੋਚ ਕੇ ਪੂਰੇ ਵਾਕ ਬਣਾਉਣੇ ਪੈਂਦੇ ਸਨ। ਕੋਈ ਵੀ ਗੱਲ ਨਿਮਰਤਾ ਨਾਲ ਆਖਣ ਵਿੱਚ ਮੈਨੂੰ ਦੁੱਗਣਾ ਸਮਾਂ ਲੱਗਿਆ, ਪਰ ਮੈਂ ਇਸ ਦੀ ਜਾਚ ਸਿੱਖ ਲਈ। ਜਦੋਂ ਮੈਂ ਇੱਕ ਵਾਰ ਫੇਸਬੁੱਕ 'ਤੇ ਗ਼ਾਲਿਬ ਦੀ ਸ਼ਾਇਰੀ ਪੋਸਟ ਕੀਤੀ ਤਾਂ ਮੇਰੇ ਇੱਕ ਪੰਜਾਬੀ ਦੋਸਤ ਨੂੰ ਇਹ ਦੇਖ ਕੇ ਝਟਕਾ ਲੱਗਿਆ ਕਿ ਮੈਨੂੰ ਇਸ ਬਾਰੇ ਪਤਾ ਸੀ। ਮੈਂ ਆਪਣੇ ਦੋਸਤ ਨੂੰ ਦੱਸਿਆ ਕਿ ਜਿਵੇਂ 'ਮਦਰਾਸੀਆਂ' ਨੂੰ ਭੰਡਿਆ ਜਾਂਦਾ ਹੈ, ਉਵੇਂ ਹੀ ਪੰਜਾਬੀਆਂ ਨੂੰ ਵੀ ਵਿਆਹ ਉੱਤੇ ਅੰਨ੍ਹਾ ਖ਼ਰਚ ਕਰਕੇ ਦਿਖਾਵਾ ਕਰਨ ਵਾਲੇ ਕੁਚੱਜੇ ਲੋਕ ਮੰਨਿਆ ਜਾਂਦਾ ਹੈ।

ਮੈਨੂੰ ਉਹ ਨਿੱਘੇ ਤੇ ਮਹਿਮਾਨਨਿਵਾਜ਼ ਜਾਪੇ ਜਿਨ੍ਹਾਂ ਨੂੰ ਆਪਣੀ ਭਾਸ਼ਾ ਤੇ ਸਭਿਆਚਾਰ ਉੱਤੇ ਮਾਣ ਹੈ। ਉਹ ਆਪਣੇ ਜਿੰਨੇ ਹੀ ਮਾਣਮੱਤੇ, ਮਹਿਮਾਨਨਿਵਾਜ਼ ਅਤੇ ਛਬੀਲੇ ਪਸ਼ਤੂਨਾਂ ਨਾਲ ਝੜਪਦੇ ਰਹਿੰਦੇ ਸਨ। ਨੁਕਸਾਨ ਰਹਿਤ ਦੋਸਤਾਨਾ ਪੱਧਰ ਉੱਤੇ ਇਹ ਬਹੁਤ ਮਜ਼ਾਹੀਆ ਸੀ, ਪਰ ਕੌਮੀ ਪੱਧਰ 'ਤੇ ਇਹ ਗੰਭੀਰ ਸਿਆਸੀ ਪਾੜੇ ਦਾ ਆਧਾਰ ਸੀ। ਜਦੋਂ ਇੱਕ ਪੰਜਾਬੀ ਵਕੀਲ ਨੇ ਇੱਕ ਪਸ਼ਤੂਨ ਮਿੱਤਰ ਨਾਲ ਪੰਜਾਬੀ ਵਿੱਚ ਗੱਲ ਕੀਤੀ ਤਾਂ ਉਸ ਨੂੰ ਵੱਢ ਖਾਣ ਨੂੰ ਪਈ ਅਤੇ ਉਸ ਨੂੰ ਉਸ ਭਾਸ਼ਾ ਵਿੱਚ ਗੱਲ ਕਰਨ ਲਈ ਕਿਹਾ ਜੋ ਉਹ ਸਮਝ ਸਕਦੀ ਸੀ। ਕਈ ਵਾਰ ਸਾਡੇ ਦੋਸਤਾਂ ਵਿੱਚ ਵੀ ਅਜਿਹੇ ਝਗੜੇ ਹੁੰਦੇ ਸਨ ਜੋ ਕਦੇ ਕਦੇ ਬਹੁਤ ਗੰਭੀਰ ਹੋ ਜਾਂਦੇ ਸਨ। ਇਹ ਗੱਲ ਨਹੀਂ ਸੀ। ਮੈਂ ਕਲਪਨਾ ਵੀ ਨਹੀਂ ਕੀਤੀ ਕਿ ਮੈਂ ਕਦੇ ਪਾਕਿਸਤਾਨ ਵਿੱਚ ਪੱਤਰਕਾਰ ਵਜੋਂ ਜਾਵਾਂਗੀ ਅਤੇ ਇਸ ਲਈ ਮੈਂ ਆਪਣੀ ਨਾਮਜ਼ਦਗੀ ਬਾਰੇ ਸੁਣ ਕੇ ਹੈਰਾਨ ਹੋ ਗਈ ਸੀ। ਜਦੋਂ 'ਦਿ ਹਿੰਦੂ' ਤਤਕਾਲੀ ਸੰਪਾਦਕ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਇਸਲਾਮਾਬਾਦ ਵਿੱਚ ਤਬਾਦਲਾ ਪਸੰਦ ਕਰਾਂਗੀ ਤਾਂ ਮੈਂ ਹਾਂ ਕਹਿਣ ਤੋਂ ਪਹਿਲਾਂ ਦੂਜੀ ਵਾਰ ਵੀ ਨਹੀਂ ਸੋਚਿਆ। 2011 ਵਿੱਚ ਕਰਾਚੀ ਦੇ ਆਪਣੇ ਦੌਰੇ ਤੋਂ ਬਾਅਦ ਹੈਦਰਾਬਾਦ ਵਿੱਚ ਮੈਂ ਰਾਜਧਾਨੀ ਜਾਣ ਲਈ ਉਤਾਵਲੀ ਸੀ, ਭਾਵੇਂ ਇਸ ਦਾ ਮਤਲਬ ਸਫ਼ਰ ਦੀ ਬਹੁਤੀ ਗੁੰਜਾਇਸ਼ ਨਾ ਹੋਣ 'ਤੇ ਉੱਥੇ ਫਸ ਜਾਣਾ ਸੀ। ਮੈਂ ਮਹਿਸੂਸ ਕੀਤਾ ਕਿ ਇਹ ਬਹੁਤ ਹੀ ਰਸ਼ਕ ਵਾਲੀ ਪੋਸਟਿੰਗ ਸੀ। ਇੱਕ ਸਾਬਕਾ ਪੱਤਰਕਾਰ ਅਤੇ ਵਿਦੇਸ਼ੀ ਸਬੰਧਾਂ ਦੀ ਮਾਹਿਰ ਨੇ ਸਭ ਤੋਂ ਯਾਦਗਾਰੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਜੋ ਇੰਨੀ ਉਤਸ਼ਾਹਿਤ ਸੀ ਕਿ ਉਸ ਨੇ ਮੈਨੂੰ ਆਪਣੇ ਸਾਰੇ ਕੱਪੜੇ ਘਰ ਹੀ ਛੱਡ ਜਾਣ ਅਤੇ ਉੱਥੇ ਜਾ ਕੇ ਸਾਰੇ ਕੱਪੜੇ ਬਣਵਾਉਣ ਲਈ ਕਿਹਾ। ਪਾਕਿਸਤਾਨ ਵਿੱਚ ਕੀਤੀ ਜਾਂਦੀ ਉੱਤਮ ਸਿਲਾਈ ਦੀ ਆਪਣੀ ਹੀ ਪ੍ਰਸਿੱਧੀ ਹੈ। ਮੈਂ ਮੰਨਦੀ ਹਾਂ ਕਿ ਮੇਰੇ ਮਨ ਵਿੱਚ ਇਹ ਗੱਲ ਸਭ ਤੋਂ ਆਖ਼ਰੀ ਚੀਜ਼ ਸੀ ਕਿਉਂਕਿ ਮੈਨੂੰ ਆਮ ਤੌਰ 'ਤੇ ਦਰਜ਼ੀਆਂ ਕੋਲ ਗੇੜੇ ਕੱਢਣਾ ਥਕਾਊ ਲੱਗਦਾ ਹੈ। ਭਾਵੇਂ ਮੈਂ ਉੱਥੋਂ ਵੀ ਕੁਝ ਕੱਪੜੇ ਸਿਲਾਏ। ਸ਼ੁਰੂਆਤ ਵਿੱਚ ਲੋਕਾਂ ਦੇ ਨਿੱਘੇ ਸੁਭਾਅ ਅਤੇ ਇਸਲਾਮਾਬਾਦ ਵਿੱਚ ਆਰਾਮ ਨਾਲ ਰਹਿਣ ਕਾਰਨ ਆਪਣੇ ਲਈ ਭਲਾਈ ਵਾਲੀ ਭਾਵਨਾ ਸਦਕਾ ਮੇਰੇ ਮਨ ਨੂੰ ਟਿਕਾਅ ਸੀ। ਗਰਮੀਆਂ ਦੇ ਅੰਤ ਵਿੱਚ ਅਸੀਂ ਉੱਥੇ ਪੁੱਜ ਗਏ ਅਤੇ ਛੇਤੀ ਹੀ ਤਾਪਮਾਨ ਘਟ ਗਿਆ ਅਤੇ ਸਾਨੂੰ ਪੱਖਿਆਂ ਦੀ ਲੋੜ ਵੀ ਨਾ ਰਹੀ। ਜਨਵਰੀ 2014 ਵਿੱਚ ਪਾਖ਼ਾਨੇ ਦੀ ਬਦਬੂ ਨਾਲ ਭਰੇ ਵਰਾਂਡੇ ਵਾਲੇ ਵੀਜ਼ਾ ਦਫ਼ਤਰ ਦੀ ਇੱਕ ਆਮ ਫੇਰੀ ਦੌਰਾਨ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਨਾਲ ਮਾੜੀ ਹੋਈ ਸੀ। ਦੋ ਆਦਮੀ ਇੱਕ ਤਰ੍ਹਾਂ ਮੇਰੇ ਨਾਲ ਟਕਰਾਏ। ਇਹ ਸਬੱਬ ਨਹੀਂ ਹੋ ਸਕਦਾ। ਸਲਵਾਰ ਕਮੀਜ਼ ਪਹਿਨੀ ਦਾੜ੍ਹੀ ਵਾਲਾ ਇੱਕ ਪ੍ਰਾਣੀ ਭੁੱਲ ਹੋਈ ਦਿਖਾਉਣ ਦੀ ਕੋਸ਼ਿਸ਼ ਕਰਦਿਆਂ ਸਾਰਾ ਸਮਾਂ ਲਲਚਾਈਆਂ ਨਜ਼ਰਾਂ ਨਾਲ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਦੂਜਾ, ਉਸ ਤੋਂ ਛੋਟੀ ਉਮਰ ਦਾ ਗੋਭਲਾ ਜਿਹਾ ਆਦਮੀ ਆਪਣੀ ਹਰਕਤ 'ਤੇ ਕਸੂਤੀ ਸਥਿਤੀ ਮਹਿਸੂਸ ਕਰ ਰਿਹਾ ਸੀ। ਉਸੇ ਸ਼ਾਮ ਉਹ ਇੱਕ ਕੈਫ਼ੇ ਵਿੱਚ ਆ ਗਏ, ਜਿੱਥੇ ਮੈਂ ਇੰਟਰਵਿਊ ਲਈ ਕਿਸੇ ਨੂੰ ਮਿਲਣ ਵਾਸਤੇ ਉਡੀਕ ਕਰ ਰਹੀ ਸੀ। ਮੈਂ ਦਰਵਾਜ਼ੇ ਨੇੜੇ ਸੋਫ਼ੇ ਉੱਤੇ ਬੈਠੀ ਸੀ ਕਿ ਦਾੜ੍ਹੀ ਵਾਲੇ ਨੇ ਕੱਚ ਦਾ ਦਰਵਾਜ਼ਾ ਖੋਲ੍ਹਿਆ ਅਤੇ ਮੈਨੂੰ ਦੇਖ ਕੇ ਅਚਾਨਕ ਰੁਕ ਗਿਆ। ਮੈਨੂੰ 'ਖੌਫ਼ਜ਼ਦਾ' ਕਰਨ ਦੀ ਸੰਤੁਸ਼ਟੀ ਹੋਣ ਉੱਤੇ ਉਸ ਨੇ ਦਰਵਾਜ਼ਾ ਇਕਦਮ ਬੰਦ ਕੀਤਾ ਅਤੇ ਬਾਹਰ ਚਲਾ ਗਿਆ। ਮੈਂ ਕਦੇ ਕਦੇ ਸੋਚਦੀ ਸੀ ਕਿ ਇਨ੍ਹਾਂ ਦੀ ਹੁਸ਼ਿਆਰੀ ਕਿਸੇ ਬਿਹਤਰ ਕੰਮ ਲਈ ਵਰਤੀ ਜਾ ਸਕਦੀ ਸੀ। ਮਿਸਾਲ ਵਜੋਂ ਨੌਜਵਾਨਾਂ ਨੂੰ ਖ਼ੁਦ ਨੂੰ ਜਨਤਕ ਥਾਵਾਂ ਉੱਤੇ ਬੰਬਾਂ ਨਾਲ ਉਡਾਉਣ ਜਾਂ ਉਨ੍ਹਾਂ ਨੂੰ ਗਿਰਜਿਆਂ, ਅਦਾਲਤਾਂ ਅਤੇ ਬਾਜ਼ਾਰਾਂ ਵਿੱਚ ਤਬਾਹੀ ਮਚਾਉਣ ਤੋਂ ਰੋਕਣ ਵਿੱਚ। ਜਦੋਂ ਮੈਂ ਪਹਿਲੀ ਵਾਰ ਕਿਸੇ ਸਫ਼ੀਰ ਦੇ ਘਰ ਗਈ ਤਾਂ ਅਸੀਂ ਹਿਚਕਿਚਾਉਂਦਿਆਂ ਕਾਰ ਵਿੱਚੋਂ ਉੱਤਰੇ। ਲਾਲ ਮੁੱਛਾਂ ਵਾਲੇ ਇੱਕ ਹੱਟੇ-ਕੱਟੇ ਆਦਮੀ ਨੇ ਸਾਡਾ ਸੁਆਗਤ ਕੀਤਾ। ਉਸ ਨੇ ਤਸੱਲੀ ਨਾਲ ਮੇਰਾ ਨਾਂ ਬੋਲਿਆ। ਮੈਂ ਪ੍ਰਭਾਵਿਤ ਹੋਈ ਕਿ ਉਹ ਮੈਨੂੰ ਜਾਣਦਾ ਸੀ ਤੇ ਇੰਨਾ ਸੁਆਗਤ ਕਰ ਰਿਹਾ ਸੀ, ਪਰ ਸਫ਼ੀਰ ਨੇ ਹੱਸਦਿਆਂ ਕਿਹਾ ਕਿ ਉਹ ਮਿੱਤਰ ਸਨ। ਪਾਕਿਸਤਾਨ ਦੀ ਕਿਸੇ ਮਿਲਟਰੀ ਯੂਨਿਟ ਵਿੱਚ ਟਰੇਡ ਯੂਨੀਅਨ ਦੀ ਮੌਜੂਦਗੀ ਦੀ ਕੋਈ ਕਲਪਨਾ ਕਰ ਸਕਦਾ ਹੈ? ਅਸਲੀਅਤ ਤਾਂ ਇਹ ਹੈ ਕਿ ਅਜਿਹੀ ਟਰੇਡ ਯੂਨੀਅਨ ਬਣੀ ਅਤੇ ਉਹ ਵੀ 1949 ਵਿੱਚ। ਪਾਕਿਸਤਾਨ ਅਵਾਮੀ ਵਰਕਰਜ਼ ਪਾਰਟੀ ਦੇ ਪ੍ਰਧਾਨ ਮਿੰਟੋ ਨੇ ਮੁਸਕਣੀਆਂ ਲੈਂਦਿਆਂ ਮੈਨੂੰ ਦੱਸਿਆ ਕਿ ਉਸ ਸਾਲ ਉਹ ਕਮਿਊਨਿਸਟ ਪਾਰਟੀ ਆਫ਼ ਪਾਕਿਸਤਾਨ (ਸੀਪੀਪੀ) ਦਾ ਮੈਂਬਰ ਬਣਿਆ ਅਤੇ ਮੈਂਬਰ ਬਣਨ ਤੋਂ ਬਾਅਦ ਉਸ ਨੇ ਪਹਿਲਾ ਕੰਮ ਮਿਲਟਰੀ ਇੰਜਨੀਅਰਿੰਗ ਸਰਵਿਸ (ਐੱਮਈਐੱਸ) ਵਿੱਚ ਟਰੇਡ ਯੂਨੀਅਨ ਦੀ ਸਥਾਪਨਾ ਦੇ ਰੂਪ ਵਿੱਚ ਕੀਤਾ। ਇਸ ਤੋਂ ਅਗਲੀ ਯੂਨੀਅਨ ਅੱਟਕ ਦੀ ਇੱਕ ਬਹੁਕੌਮੀ ਤੇਲ ਕੰਪਨੀ ਵਿੱਚ ਕਾਇਮ ਕੀਤੀ ਗਈ। ਪਾਕਿਸਤਾਨ ਵਿੱਚ ਕਮਿਊਨਿਸਟ ਲਹਿਰ ਨੂੰ ਭਾਵੇਂ ਦੇਸ਼ ਦੀ ਵਸੋਂ ਦੇ ਬਹੁਤ ਛੋਟੇ ਜਿਹੇ ਹਿੱਸੇ ਤੋਂ ਹੀ ਹੁੰਗਾਰਾ ਮਿਲਦਾ ਰਿਹਾ, ਫਿਰ ਵੀ 1990ਵਿਆਂ ਵਿੱਚ ਸੋਵੀਅਤ ਸੰਘ ਦੀ ਟੁੱਟ-ਭੱਜ ਤੋਂ ਖੱਬੇ-ਪੱਖੀਆਂ ਨੂੰ ਵੱਡਾ ਝਟਕਾ ਲੱਗਿਆ ਅਤੇ ਇਹ ਲਹਿਰ ਬਿਖ਼ਰ ਗਈ। ਹੁਣ ਇਸ ਨੂੰ ਨਵੇਂ ਸਿਰਿਉਂ ਜਥੇਬੰਦ ਕਰਨ ਦੇ ਯਤਨ ਜਾਰੀ ਹਨ ਅਤੇ ਤਿੰਨ ਪਾਰਟੀਆਂ (ਲੇਬਰ, ਅਵਾਮੀ ਪਾਰਟੀ ਅਤੇ ਵਰਕਰਜ਼ ਪਾਰਟੀ) ਦਾ ਰਲੇਵਾਂ ਖੱਬੇ-ਪੱਖੀ ਲਹਿਰ ਨੂੰ ਸੁਰਜੀਤ ਕਰਨ ਦੇ ਯਤਨਾਂ ਦਾ ਹਿੱਸਾ ਹੈ। ਕੁਝ ਖੱਬੇ-ਪੱਖੀਆਂ ਨੂੰ ਮਿਲਣ ਦਾ ਮੌਕਾ ਮੈਨੂੰ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪੀ.ਡਬਲਿਊ.ਏ) ਦੀ ਮੀਟਿੰਗ ਦੌਰਾਨ ਮਿਲਿਆ। ਐਸੋਸੀਏਸ਼ਨ ਦੇ ਕਮਿਊਨਿਸਟ ਸਿਧਾਂਤਕਾਰ ਪ੍ਰੋ. ਸੱਜਾਦ ਜ਼ਹੀਰ ਦੀ ਬੇਟੀ, ਨੂਰ ਜ਼ਹੀਰ ਨਾਲ ਮੁਲਾਕਾਤ ਦੇ ਨਾਮ 'ਤੇ ਇਹ ਪ੍ਰੋਗਰਾਮ ਕਰਵਾਇਆ। ਉਹ ਆਪਣੀਆਂ ਕਿਤਾਬਾਂ ਬਾਰੇ ਬੋਲਣ ਲਈ ਨਵੀਂ ਦਿੱਲੀ ਤੋਂ ਇਸਲਾਮਾਬਾਦ ਆਈ ਸੀ।

# ਪੰਜਾਬੀ ਸੱਭਿਅਤਾ ਉੱਤੇ ਮੰਡਰਾ ਰਿਹਾ ਖ਼ਤਰਾ

**ਡਾ. ਹਰਸ਼ਿੰਦਰ ਕੌਰ**



ਖ਼ਤਮ ਹੋ ਚੁੱਕੀਆਂ ਕੁਝ ਸੱਭਿਅਤਾਵਾਂ ਵੱਲ ਝਾਤ ਮਾਰੀਏ ਤਾਂ ਬਹੁਤ ਕੁਝ ਪਤਾ ਲੱਗਦਾ ਹੈ। ਨਾਲ ਹੀ ਇਹ ਜਾਣਕਾਰੀ ਮਿਲਦੀ ਹੈ ਕਿ ਉਨ੍ਹਾਂ ਦਾ ਅੰਤ ਕਿਉਂ ਤੇ ਕਿਵੇਂ ਹੋਇਆ। ਪਹਿਲਾਂ ਗੱਲ ਕਰੀਏ ਮਾਇਆ ਸੱਭਿਅਤਾ ਦੀ। ਮੈਕਸਿਕੋ ਤੋਂ ਗੁਟਮਲਾ ਤਕ ਫੈਲੇ ਕਮਾਲ ਦੇ ਪੱਕੇ ਪਿਰਾਮਿਡ ਬਣਾਉਣ ਵਾਲੇ, ਉਸ ਸਮੇਂ ਤੇ ਹਿਸਾਬ ਦੇ ਚੋਟੀ ਦੇ ਮਾਹਿਰ, ਲਿਖਾਰੀ, ਕੈਲੰਡਰ ਬਣਾਉਣ ਵਿੱਚ ਮਾਹਿਰ, ਪੌੜੀਦਾਰ ਫਾਰਮ ਬਣਾਉਣ ਵਿੱਚ ਕਮਾਲ ਕਰਨ ਵਾਲੇ, ਸਲੀਕੇ ਨਾਲ ਰਹਿਣ ਸਹਿਣ ਵਾਲੇ ਅਤੇ ਆਪਣੀ ਮਾਤ ਭਾਸ਼ਾ ਨੂੰ ਪਿਆਰ ਕਰਨ ਵਾਲੇ ਆਖ਼ਿਰ ਸਾਲ 900 ਵਿੱਚ ਪੂਰੀ ਤਰ੍ਹਾਂ ਖਿੰਡ ਪੁੰਡ ਕਿਉਂ ਗਏ? ਉਸ ਸਮੇਂ ਦੀਆਂ ਲਿਖਤਾਂ ਮੌਜੂਦ ਹਨ ਕਿਉਂਕਿ ਉਸ ਸਮੇਂ ਲੋਕ ਲਿਖਣ ਦਾ ਸ਼ੌਕ ਰੱਖਦੇ ਸਨ। ਗਜ਼ਬ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਬੋਲੀ ਹਾਲੇ ਤਕ ਕਿਤੇ ਨਾ ਕਿਤੇ ਬੋਲੀ ਜਾ ਰਹੀ ਹੈ ਜਿਸ ਸਦਕਾ ਉਨ੍ਹਾਂ ਬਾਰੇ ਕੁਝ ਕੁ ਚਾਨਣਾ ਹਾਲੇ ਤਕ ਪਾਇਆ ਜਾ ਸਕਦਾ ਹੈ। ਜੋ ਸੱਭਿਅਤਾ ਦੇ ਮਰ ਮੁੱਕ ਜਾਣ ਦੇ ਅਨੁਮਾਨ ਲਾਏ ਗਏ, ਉਹ ਸਨ : 1. ਮੌਸਮ ਵਿੱਚ ਬਹੁਤ ਜ਼ਿਆਦਾ ਤਬਦੀਲੀ; 2. ਲੜਾਈਆਂ; 3. ਸੋਕਾ ਅਤੇ 4. ਲੋਕਾਂ ਦਾ ਦੂਜੀ ਥਾਂ ਕਮਾਈ ਲਈ ਚਲੇ ਜਾਣਾ ਤੇ ਉੱਥੋਂ ਦਾ ਸੱਭਿਆਚਾਰ ਅਪਣਾ ਕੇ ਉੱਥੇ ਦਾ ਹੀ ਬਣ ਕੇ ਰਹਿ ਜਾਣਾ।

ਬਹੁਤੇ ਇਤਿਹਾਸਕਾਰ ਇਸ ਤੱਥ ਨਾਲ ਸਹਿਮਤ ਹਨ ਕਿ ਏਨੀ ਅਗਾਂਹ-ਵਧੂ ਸੱਭਿਅਤਾ ਜੋ ਸੋਕਿਆਂ ਨਾਲ ਲੜੀ, ਖ਼ੁਰਾਕ ਦੀ ਕਮੀ ਕਾਰਨ ਬਹੁਤੇ ਲੋਕਾਂ ਦੇ ਹੋਰ ਥਾਵਾਂ ਵਲ ਚਲੇ ਜਾਣ ਦੇ ਰੁਝਾਨ ਨੂੰ ਵੀ ਬਰਦਾਸ਼ਤ ਕਰਦੀ ਰਹੀ, ਅਖ਼ੀਰ ਲੜਾਈ-ਝਗੜਿਆਂ ਤੋਂ ਔਖੀ ਹੋ ਕੇ ਪੂਰਨ ਰੂਪ ਵਿੱਚ ਉਸ ਥਾਂ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਈ। ਇੱਕ ਗੱਲ ਜੋ ਖਿੱਚ ਪਾਉਂਦੀ ਹੈ, ਉਹ ਹੈ ਇੰਨੀਆਂ ਸਦੀਆਂ ਬਾਅਦ ਵੀ ਜ਼ੁਬਾਨ ਦਾ ਬਚੇ ਰਹਿਣਾ। ਕਾਰਨ ਸੀ-ਬਹੁਗਿਣਤੀ ਲੋਕ ਆਪਣੀ ਜ਼ੁਬਾਨ ਲਿਖਣ ਤੇ ਪੜ੍ਹਨ ਨੂੰ ਤਰਜੀਹ ਦਿੰਦੇ ਰਹੇ। ਪਿੰਡਾਂ ਵਿੱਚ ਇਹ ਜ਼ੁਬਾਨ ਬੋਲਣ ਵਾਲੇ ਬਚੇ ਰਹਿ ਗਏ। ਸ਼ਹਿਰੀ ਤਾਂ ਦੂਜੀਆਂ ਜ਼ੁਬਾਨਾਂ ਵਿੱਚ ਰਚ ਮਿਚ ਗਏ। ਸਿੰਧ ਘਾਟੀ ਦੀ ਸੱਭਿਅਤਾ ਦੀ ਗੱਲ। ਹਜ਼ਾਰਾਂ ਸਾਲ ਪਹਿਲਾਂ ਹੜੱਪਾ ਸੱਭਿਅਤਾ ਨਾਲ ਜੁੜੇ 50 ਲੱਖ ਬੰਦੇ, ਜੋ ਮੌਜੂਦਾ ਭਾਰਤ, ਪਾਕਿਸਤਾਨ, ਇਰਾਨ ਤੇ ਅਫ਼ਗਾਨਿਸਤਾਨ ਜਿੰਨੀ ਥਾਂ ਉੱਤੇ ਫੈਲੇ ਹੋਏ ਸਨ, ਉਸ ਸਮੇਂ ਦੇ ਕਮਾਲ ਦੇ ਘਰ-ਬਾਰ ਬਣਾ ਕੇ ਅਤੇ ਵੱਡੀਆਂ ਦੁਕਾਨਾਂ ਦੀ ਉਸਾਰੀ ਤੋਂ ਇਲਾਵਾ ਪਾਣੀ ਦੀ ਨਿਕਾਸੀ ਦੇ ਵਧੀਆ ਪ੍ਰਬੰਧ ਕਰਨ ਦੇ ਬਾਵਜੂਦ ਲਗਭਗ 3000 ਸਾਲ ਪਹਿਲਾਂ ਸੋਕੇ ਕਾਰਨ ਢਿੱਡ ਭਰਨ ਤੋਂ ਔਖੇ, ਹੋਰ ਥਾਵਾਂ ਵੱਲ ਤੁਰ ਜਾਣ ਨੂੰ ਮਜਬੂਰ ਹੋ ਗਏ। ਖੇਤੀਬਾੜੀ ਵਿੱਚ ਕਈ ਹੋਰ ਚੀਜ਼ਾਂ ਸ਼ਾਮਿਲ ਕੀਤੀਆਂ ਗਈਆਂ ਜਿਨ੍ਹਾਂ ਲਈ ਘੱਟ ਪਾਣੀ ਲੋੜੀਂਦਾ ਸੀ, ਪਰ ਫਿਰ ਵੀ ਮਿੱਟੀ ਦੇ ਸੈਂਪਲ ਦੱਸਦੇ ਹਨ ਕਿ ਪਾਣੀ ਦੀ ਘਾਟ ਹੀ ਅਖ਼ੀਰ ਏਨੀ ਵੱਡੀ ਸੱਭਿਅਤਾ ਨੂੰ ਖ਼ਾਤਮੇ ਵੱਲ ਲੈ ਗਈ। ਜਦੋਂ ਹੇਠਲੀ ਪੱਧਰ ਦੇ ਲੋਕ ਨਿਕਲੇ ਤਾਂ ਵੱਡੇ ਵਪਾਰੀ ਵੀ ਖਾਣ ਪੀਣ ਨੂੰ ਤਰਸਦੇ ਮਹਿੰਗਾਈ ਤੇ ਸੋਕੇ ਨੂੰ ਵੇਖਦੇ ਉਹ ਥਾਂ ਛੱਡ ਗਏ। ਫਿਰ ਰਾਜੇ ਕਿਨ੍ਹਾਂ ਉੱਤੇ ਰਾਜ ਕਰਦੇ? ਅਮੀਰ ਤਬਕਾ ਵੀ ਹੌਲੀ-ਹੌਲੀ ਇਹ ਥਾਂ ਤਿਆਗ ਗਿਆ। ਈਸਟਰ ਸੱਭਿਅਤਾ ਵੀ 700 ਤੋਂ 1200 ਸਾਲ ਤਕ ਵਧਦੀ ਫੁਲਦੀ ਰਹੀ ਤੇ ਅਖ਼ੀਰ ਸਾਰੇ ਦਰੱਖ਼ਤ ਵੱਢਣ, ਪਾਣੀ ਦਾ ਸੋਮਾ ਮੁਕਾਉਣ ਤੇ ਖੇਤੀਬਾੜੀ ਵਿੱਚ ਪਾਣੀ ਦੀ ਘਾਟ ਕਾਰਨ ਹੌਲੀ-ਹੌਲੀ ਅੰਨਦਾਤਿਆਂ ਵੱਲੋਂ ਇਸ ਥਾਂ ਨੂੰ ਤਿਆਗਣ ਸਦਕਾ ਇਹ ਸੱਭਿਅਤਾ ਵੀ ਹੌਲੀ-ਹੌਲੀ ਖ਼ਤਮ ਹੋ ਗਈ। ਤੁਰਕੀ ਵਿੱਚ ਵੀ 9000 ਸਾਲ ਪਹਿਲਾਂ ਦੀ ਸੱਭਿਅਤਾ ਅਜਿਹੇ ਕਾਰਨਾਂ ਕਰ ਕੇ ਖ਼ਤਮ ਹੋ ਗਈ। ਇਲੀਨੋਇ ਵਿਚਲੇ ਮਿੱਸੀਸਿੱਪੀ ਵੀ ਬਹੁਤ ਵਧੀਆ ਕਾਰੀਗਰ ਸਨ। ਖੇਤੀਬਾੜੀ ਤੋਂ ਇਲਾਵਾ, ਭਾਂਡੇ, ਘਰ ਬਾਰ ਤੇ ਵੱਡੇ ਮਕਾਨ ਵੀ ਸਾਲ 600 ਤੋਂ 1400 ਈਸਵੀ ਤਕ ਉਨ੍ਹਾਂ ਨੇ ਸਾਂਭੀ ਰੱਖੇ। ਪਰ, ਅਖ਼ੀਰ ਕੰਮ ਕਾਰ ਦੀ ਤਲਾਸ਼ ਵਾਸਤੇ ਨੌਜਵਾਨ ਤਬਕਾ ਹੋਰ ਥਾਈਂ ਨਿਕਲ ਗਿਆ। ਪਾਣੀ ਦੀ ਘਾਟ ਤੇ ਬਿਮਾਰੀਆਂ ਕਰਕੇ 40,000 ਲੋਕਾਂ ਨੂੰ ਇਹ ਥਾਂ ਹਮੇਸ਼ਾਂ ਲਈ ਛੱਡਣ ਉੱਤੇ ਮਜਬੂਰ ਕਰ ਗਈ।

ਇਨ੍ਹਾਂ ਤੋਂ ਇਲਾਵਾ ਵੀ ਬਹੁਤ ਹੋਰ ਸੱਭਿਅਤਾਵਾਂ ਹਨ ਜੋ ਖ਼ਤਮ ਹੋਈਆਂ, ਉਨ੍ਹਾਂ ਦੇ ਵੱਡੇ ਕਾਰਨ ਇਹੋ ਲੱਭੇ ਗਏ ਹਨ : ਸੋਕਾ ਤੇ ਧਰਤੀ ਹੇਠਲੇ ਪਾਣੀ ਦੀ ਕਮੀ; ਬਿਮਾਰੀਆਂ; ਹੋਰ ਥਾਵਾਂ ਵੱਲ ਕੰਮ ਕਾਰ ਦੀ ਭਾਲ ਵਾਸਤੇ ਚਲੇ ਜਾਣਾ; ਮੌਸਮ ਦੀ ਤਬਦੀਲੀ ਅਤੇ ਕੁਦਰਤੀ ਕਹਿਰ।

ਧਿਆਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਸਿਰਫ਼ ਉਸ ਸੱਭਿਅਤਾ ਦੀ ਜ਼ੁਬਾਨ ਬਚੀ ਹੈ ਜਿਸ ਵਿੱਚ ਹੇਠਲੇ ਪੱਧਰ ਦੇ ਲੋਕ, ਕਾਰੀਗਰ ਜਾਂ ਖੇਤੀਬਾੜੀ ਨਾਲ ਜੁੜੇ ਲੋਕਾਂ ਨੇ ਇਸ ਜ਼ੁਬਾਨ ਨੂੰ ਬੋਲਣਾ ਜਾਰੀ ਰੱਖਿਆ ਅਤੇ ਥਾਂ ਬਦਲਣ ਤੋਂ ਬਾਅਦ ਵੀ ਇੱਕ ਗੁੱਟ ਵਿੱਚ ਜੁੜੇ ਰਹਿ ਕੇ ਆਪਸੀ ਸਾਂਝ ਬਣਾਈ ਰੱਖੀ। ਯਾਨੀ ਰਹਿਣ ਸਹਿਣ ਬਦਲਣ ਬਾਅਦ ਵੀ ਬੱਚਿਆਂ ਨਾਲ ਤੇ ਰਿਸ਼ਤੇਦਾਰੀ ਨਾਲ ਸੱਭਿਆਚਾਰ ਤੇ ਜ਼ੁਬਾਨ ਦੀ ਸਾਂਝ ਦੀ ਤੰਦ ਟੁੱਟਣ ਨਾ ਦਿੱਤੀ। ਅਮੀਰ ਤਬਕਾ ਤੇ ਪੜ੍ਹੇ ਲਿਖੇ ਨੌਜਵਾਨ ਆਪਣੀ ਮਾਂ ਬੋਲੀ ਨੂੰ ਤਿਲਾਂਜਲੀ ਦੇ ਕੇ ਹਮੇਸ਼ਾਂ ਲਈ ਕਿਸੇ ਹੋਰ ਸੱਭਿਅਤਾ ਵਿੱਚ ਗੁੰਮ ਹੋ ਗਏ।

ਬਾਕੀ ਸਾਰੀਆਂ ਸੱਭਿਅਤਾਵਾਂ ਥਾਂ ਦੀ ਤਬਦੀਲੀ ਨਾਲ ਰਹਿਣ ਸਹਿਣ ਦਾ ਢੰਗ ਬਦਲ ਕੇ ਦੂਜੀ ਸੱਭਿਅਤਾ ਨੂੰ ਪੂਰੀ ਤਰ੍ਹਾਂ ਅਪਣਾ ਕੇ, ਆਪਣਾ ਅਸਲ ਰੂਪ, ਜ਼ੁਬਾਨ ਤੇ ਸੱਭਿਆਚਾਰ ਦਾ ਭੋਗ ਪਾ ਗਈਆਂ। ਉਨ੍ਹਾਂ ਸਾਰੇ ਥਾਂ ਤਬਦੀਲ ਕਰ ਕੇ ਜਾਣ ਵਾਲਿਆਂ ਨੇ ਦੂਜਾ ਸੱਭਿਆਚਾਰ ਤੇ ਜ਼ੁਬਾਨ ਅਪਣਾਈ ਅਤੇ ਉਨ੍ਹਾਂ ਦੇ ਬੱਚਿਆਂ ਨੇ ਅੱਗੋਂ ਆਪਣੀ ਮਾਂ ਬੋਲੀ ਦੇ ਅੱਧੇ ਸ਼ਬਦ ਛੱਡ ਕੇ ਦੂਜੀ ਸੱਭਿਅਤਾ ਦੇ ਸ਼ਾਮਲ ਕੀਤੇ ਤੇ ਤੀਜੀ ਪੁਸ਼ਤ ਤਕ ਜ਼ੁਬਾਨ ਹੌਲੀ-ਹੌਲੀ ਦਫ਼ਨ ਹੋ ਗਈ। ਉਸ ਵਿੱਚ ਨਾਂ ਤਾਂ ਅੱਗੋਂ ਸਾਹਿਤ ਰਚਿਆ ਗਿਆ ਤੇ ਨਾ ਹੀ ਕੋਈ ਪੜ੍ਹਨ ਵਾਲਾ ਬਚਿਆ। ਉਨ੍ਹਾਂ ਦੀ ਜ਼ੁਬਾਨ ਬੋਲਣ ਵਾਲਿਆਂ ਦਾ ਖੁਰਾ ਖੋਜ ਹੁਣ ਇਸ ਧਰਤੀ ਉੱਤੇ ਨਹੀਂ ਮਿਲਦਾ। ਸਿਰਫ਼ ਖੰਡਰ ਹੀ ਬਚੇ ਹਨ।


ਪੰਜਾਬ ਅੰਦਰ ਝਾਤ ਮਾਰੀਏ ਤਾਂ ਪੁਰਾਣੇ ਸਮੇਂ ਤੋਂ ਹੁਣ ਤਕ ਇਸ ਦੇ ਇੰਨੇ ਟੋਟੇ ਹੋ ਚੁੱਕੇ ਹਨ ਕਿ ਆਕਾਰ ਵਜੋਂ ਇਹ ਬਹੁਤ ਛੋਟਾ ਰਹਿ ਗਿਆ ਹੈ। ਇਸ ਦੀ ਸੱਭਿਅਤਾ ਉੱਤੇ ਅਸਰ ਪਿਆ ਗੁਰੂਆਂ, ਪੀਰਾਂ, ਪੈਗੰਬਰਾਂ ਦੀਆਂ ਸਿੱਖਿਆਵਾਂ ਦਾ। ਮਨੁੱਖ ਨੂੰ ਉੱਚਾ ਆਚਰਣ ਰੱਖ ਕੇ, ਹੱਕ ਹਲਾਲ ਦੀ ਕਮਾਈ ਕਰਨ, ਦੂਜਿਆਂ ਦਾ ਹੱਕ ਨਾ ਮਾਰਨ, ਪਿਆਰ ਮੁਹੱਬਤ ਦੀਆਂ ਧੁਨਾਂ, ਔਰਤ ਦਾ ਸਤਿਕਾਰ, ਬੱਚਿਆਂ ਦਾ ਮਾਪਿਆਂ ਦੇ ਆਖੇ ਲੱਗਣਾ, ਖੁੱਲ੍ਹਾ ਡੁੱਲ੍ਹਾ ਸੁਭਾਅ, ਮਹਿਮਾਨ ਦਾ ਸਤਿਕਾਰ, ਖੁੱਲ੍ਹਾ ਖਾਣਾ, ਵੰਡ ਕੇ ਖਾਣਾ ਤੇ ਕਿਸੇ ਇੱਕ ਦੇ ਘਰ ਦੇ ਵਿਆਹ ਵੇਲੇ ਪੂਰੇ ਪਿੰਡ ਵੱਲੋਂ ਜਸ਼ਨ ਮਨਾਉਣਾ ਆਦਿ ਅੰਗ ਪੰਜਾਬੀ ਸੱਭਿਅਤਾ ਦੇ ਅਹਿਮ ਅੰਸ਼ ਰਹੇ ਹਨ। ਕੀ ਇਹ ਸਾਰੇ ਤੱਤ ਪੰਜਾਬੀ ਸੱਭਿਅਤਾ ਦੇ ਵਿਗਾੜ ਤੇ ਵਿਨਾਸ਼ ਵੱਲ ਇਸ਼ਾਰਾ ਨਹੀਂ ਕਰ ਰਹੇ? ਇਹੋ ਜਿਹੀਆਂ ਅਨੇਕ ਤਬਦੀਲੀਆਂ ਜੋ ਕਾਫ਼ੀ ਸਮੇਂ ਤੋਂ ਲਗਾਤਾਰ ਦਿਸ ਰਹੀਆਂ ਹਨ, ਇਹ ਸਪੱਸ਼ਟ ਕਰ ਰਹੀਆਂ ਹਨ ਕਿ ਪੰਜਾਬੀ ਸੱਭਿਅਤਾ ਨੂੰ ਸੰਭਾਲ ਦੇ ਰੱਖਣ ਵਾਲੇ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ। ਜੇ ਇਹੀ ਹਾਲ ਰਿਹਾ ਤਾਂ ਪੰਜਾਬੀਆਂ ਦੀ ਗਿਣਤੀ ਪੰਜਾਬ ਅੰਦਰੋਂ ਘੱਟ ਕੇ ਹੋਰਨਾਂ ਮੁਲਕਾਂ ਵਿੱਚ ਵੱਧ ਹੋ ਜਾਵੇਗੀ ਤੇ ਪਾਣੀ ਵਿਹੂਣਾ, ਕੈਂਸਰ ਪੀੜਤ, ਨਸ਼ੇ ਦੀ ਮਾਰ ਝੱਲਦਾ ਪੰਜਾਬ ਆਪਣੀ ਮਾਤ ਭਾਸ਼ਾ ਨੂੰ ਤਿਲ-ਤਿਲ ਮਰਦਾ ਵੇਖ ਹੌਲੀ-ਹੌਲੀ ਇਸ ਨਾਲ ਜੁੜੀ ਸੱਭਿਅਤਾ ਦਾ ਅੰਤ ਵੀ ਵੇਖ ਲਵੇਗਾ ਕਿਉਂਕਿ ਕੁੱਖਾਂ ਖ਼ਤਮ ਕਰ ਕੇ ਪੰਜਾਬੀਆਂ ਦਾ ਜੀਨ ਵੀ ਸਾਬਤ ਨਹੀਂ ਬਚਣ ਲੱਗਿਆ।

ਉਹ ਸੱਭਿਆਤਾਵਾਂ, ਜੋ ਖ਼ਤਮ ਹੋ ਗਈਆਂ, ਵਿੱਚੋਂ ਲੱਭੇ ਕਾਰਨ ਅੱਜ ਸਾਨੂੰ ਅਗਾਊਂ ਖ਼ਤਰਿਆਂ ਬਾਰੇ ਸਪੱਸ਼ਟ ਕਰ ਰਹੇ ਹਨ। ਮੌਜੂਦਾ ਵਿਗੜੇ ਹਾਲਾਤ ਜੇ ਵੇਲੇ ਸਿਰ ਨਾ ਸੰਭਾਲੇ ਗਏ ਤਾਂ ਅਗਲੇ 50 ਸਾਲ ਪੰਜਾਬੀ ਸੱਭਿਅਤਾ ਤੇ ਜ਼ੁਬਾਨ ਉੱਤੇ ਭਾਰੇ ਸਾਬਤ ਹੋਣਗੇ।

# ਨਵੀਂ ਸਿੱਖਿਆ ਨੀਤੀ ਦੀ ਆੜ ਹੇਠ ਕੇਂਦਰ ਸੂਬਿਆਂ ਦੇ ਹੱਕ ਖੋਹ ਰਿਹਾ ਹੈ: ਹਰਜੋਤ ਬੈਂਸ

**ਚੰਡੀਗੜ੍ਹ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਸ.ਹਰਜੋਤ ਸਿੰਘ ਬੈਂਸ ਨੇ ਸਖਤ ਵਿਰੋਧ ਦਰਜ ਕਰਵਾਉਂਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਆਪਣੀਆਂ ਹੱਦਾਂ ਤੋਂ ਬਾਹਰ ਜਾ ਕੇ ਨਵੀਂ ਸਿੱਖਿਆ ਨੀਤੀ ਦੀ ਆੜ ਹੇਠ ਸੂਬਿਆਂ ਦੇ ਹੱਕ ਖੋਹ ਰਹੀ ਹੈ। ਬੈਂਸ ਇਥੋਂ ਦੇ ਭਾਰਤ ਮੰਡਪਮ ਵਿਖੇ ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਕਰਵਾਏ ਗਏ ਅਖਿਲ ਭਾਰਤੀਯ ਸਿਖਿਆ ਸੰਮੇਲਨ ਵਿਚ ਭਾਗ ਲੈਣ ਲਈ ਆਏ ਹੋਏ ਸਨ। ਕੌਮੀ ਪੱਧਰ ਦੇ ਕਰਵਾਏ ਗਏ ਇਸ ਸੰਮੇਲਨ ਵਿਚ ਕੇਂਦਰੀ ਸਿੱਖਿਆ ਮੰਤਰੀ ਸ੍ਰੀ ਧਰਮੇਂਦਰ ਪ੍ਰਧਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵੱਖ-ਵੱਖ ਸੂਬਿਆਂ ਦੇ ਸਿੱਖਿਆ ਮੰਤਰੀਆਂ ਵੱਲੋਂ ਵੀ ਇਸ ਸੰਮੇਲਨ ਵਿਚ ਹਾਜ਼ਰੀ ਭਰੀ ਗਈ। ਸ. ਬੈਂਸ ਨੇ ਕਿਹਾ ਕਿ ਸਿੱਖਿਆ ਦਾ ਵਿਸ਼ਾ ਕੇਂਦਰ ਤੇ ਸੂਬਿਆਂ ਦੀ ਸਾਂਝੀ ਸੂਚੀ ਵਿਚ ਸ਼ਾਮਲ ਹੈ ਪਰ ਕੇਂਦਰ ਆਪਣਾ ਦਬਦਬਾ ਸੂਬਿਆਂ ਉੱਪਰ ਵਧਾਉਣ ਲਈ ਨਵੀਂ ਸਿੱਖਿਆ ਨੀਤੀ ਦੀ ਆੜ ਲੈ ਰਿਹਾ ਹੈ। ਪੰਜਾਬ ਦੇ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਸੰਵਿਧਾਨ ਤਹਿਤ ਦਰਜ 22 ਭਾਸ਼ਾਵਾਂ ਵਿਚ ਸ਼ਾਮਲ ਹੋਣ ਅਤੇ ਪੰਜਾਬ ਤੋਂ ਇਲਾਵਾ ਹੋਰ ਸੂਬਿਆਂ ਵਿਚ ਬੋਲੀ ਤੇ ਪੜ੍ਹੀ ਜਾਂਦੀ ਹੋਣ ਦੇ ਬਾਵਜੂਦ ਸੀ.ਬੀ.ਐਸ.ਸੀ ਵੱਲੋਂ ਸ਼ੁਰੂਆਤ ਵਿਚ ਪੰਜਾਬੀ ਨੂੰ ਜਰਮਨ,ਥਾਈ ਅਤੇ ਮੈਂਡਰਿਨ ਵਾਂਗ ਚੋਣਵੇਂ ਵਿਸ਼ੇ ਦੇ ਵਰਗ ਵਿਚ ਰੱਖਿਆ ਗਿਆ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਸਖਤ ਵਿਰੋਧ ਦਰਜ ਕਰਵਾਉਣ ਉਪਰੰਤ ਹੀ ਪੰਜਾਬੀ ਨੂੰ ਮੁੱਖ ਭਾਸ਼ਾ ਦੇ ਵਰਗ ਵਿਚ ਸ਼ਾਮਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਸ਼ੁਰੂਆਤ ਵਿਚ ਦਾਅਵੇ ਕੀਤੇ ਗਏ ਸਨ ਕਿ ਨਵੀਂ ਸਿੱਖਿਆ ਨੀਤੀ ਨਾਲ ਖੇਤਰੀ ਭਾਸ਼ਾਵਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਪਰ ਇਨਾਂ ਦਾਅਵਿਆਂ ਦੇ ਉਲਟ ਕੇਂਦਰ ਖੇਤਰੀ ਭਾਸ਼ਾਵਾਂ ਨੂੰ ਚੋਣਵੇਂ ਵਿਸ਼ਿਆਂ ਵਿਚ ਰਖਕੇ ਖੇਤਰੀ ਭਾਸ਼ਾਵਾਂ ਦੇ ਦਰਜੇ ਨੂੰ ਘਟਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਵੱਖਰੀ ਸਿਖਿਆ ਨੀਤੀ ਬਣਾਉਣ ਦਾ ਐਲਾਨ ਕੀਤਾ ਹੋਇਆ ਹੈ ਅਤੇ ਇਹ ਜਲਦ ਬਣਾਈ ਜਾਵੇਗੀ। ਉਨਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਦੇ ਪਰਦੇ ਹੇਠ ਕੇਂਦਰ ਦੇ ਕਿਸੇ ਵੀ ਅਜਿਹੇ ਕਦਮ ਨੂੰ ਬਰਦਾਸ਼ਤ ਨਹੀਂ ਕਰੇਗਾ ਜਿਸ ਨਾਲ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਭਾਸ਼ਾਂ ਦੀ ਅਹਿਮੀਅਤ ਘਟੇ। ਉਨ੍ਹਾਂ ਕਿਹਾ ਪੰਜਾਬ ਪਹਿਲਾਂ ਹੀ ਆਪਣੀ ਸਿੱਖਿਆ ਨੀਤੀ ਦਾ ਐਲਾਨ ਕਰ ਚੁੱਕਿਆ ਹੈ ਅਤੇ ਪੰਜਾਬ ਸਰਕਾਰ ਸਿੱਖਿਆ ਖੇਤਰ ਦੇ ਸਰਬਪੱਖੀ ਵਿਕਾਸ ਲਈ ਸੁਹਿਰਦ ਤੇ ਸੰਜੀਦਾ ਉਪਰਾਲੇ ਕਰ ਰਹੀ ਹੈ।

ਸ. ਬੈਂਸ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਕੌਮੀ ਪੱਧਰ ਤੇ ਸਿਖਿਆ ਦੇ ਹਰ ਖੇਤਰ ਵਿਚ ਮਿਸਾਲੀ ਕਾਰਗੁਜ਼ਾਰੀ ਦਿਖਾ ਰਹੇ ਹਨ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਕਾਮਯਾਬੀ ਹਾਸਿਲ ਕਰਕੇ ਸੂਬੇ ਦਾ ਨਾਮ ਰੌਸ਼ਨ ਕਰ ਰਹੇ ਹਨ।

ਸ. ਬੈਂਸ ਨੇ ਕਿਹਾ ਕਿ ਇਸ ਸਮਾਗਮ ਦੌਰਾਨ ਰਾਜਸਥਾਨ ਵਿਚ ਸਕੂਲ ਦੀ ਇਮਾਰਤ ਡਿੱਗਣ ਕਾਰਨ ਵਾਪਰੇ ਦਰਦਨਾਕ ਹਾਦਸੇ ਤੇ ਵਿਚਾਰ ਚਰਚਾ ਤੱਕ ਨਹੀਂ ਕੀਤੀ ਗਈ ਅਤੇ ਨਾ ਮਾਸੂਮ ਬੱਚਿਆਂ ਦੀ ਮੌਤ ਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ ਜੋ ਕਿ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਇਸ ਸੰਮੇਲਨ ਵਿਚ ਮਿਡ-ਡੇ ਮੀਲ ਨਾਲ ਜੁੜੇ ਮਸਲੇ ਅਤੇ ਵਰਕਰਾਂ ਦੀ ਤਨਖਾਹ ਵਧਾਉਣ, ਸਕੂਲੀ ਵਰਦੀਆਂ ਦੇ ਪੈਸੇ ਕਈ ਸਾਲਾਂ ਤੋਂ ਨਾ ਵਧਾਏ ਜਾਣ ਵਰਗੇ ਅਹਿਮ ਮੁੱਦਿਆਂ ਤੇ ਚਰਚਾ ਹੀ ਨਹੀਂ ਕੀਤੀ ਗਈ ਜਦੋਂਕਿ ਪੰਜਾਬ ਵਿਚ ਗਰਮੀ ਤੇ ਸਰਦੀ ਲਈ ਵੱਖਰੀਆਂ ਸਕੂਲੀ ਵਰਦੀਆਂ ਦੀ ਜ਼ਰੂਰਤ ਹੁੰਦੀ ਹੈ। ਉਨਾਂ ਕਿਹਾ ਕਿ ਇਸ ਸੰਮੇਲਨ ਵਿਚ ਅਜੋਕੇ ਸਮੇਂ ਵਿਚ ਵਿਦਿਆ ਦੇ ਨਵੇਂ ਤਰੀਕਿਆਂ, ਬਲਾਕ ਚੇਨ, ਮਸ਼ੀਨੀ ਬੁੱਧੀਮਾਨਤਾ (ਏ.ਆਈ,) ਡਿਜੀਟਲ ਲਰਨਿੰਗ ਅਤੇ ਹੋਰ ਮੁੱਦੇ ਵਿਚਾਰੇ ਜਾਣੇ ਚਾਹੀਦੇ ਸਨ।

# ਡੈਰੀ ਮਾਲਕਾ ਕਰ ਸਕਦੇ ਨੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਵਿੱਚ ਪਹਿਲ : ਮੇਅਰ

## 15 ਦਿਨਾਂ ਵਿੱਚ ਕੰਸੈਨਮੈਂਟ ਤੇ ਐਗਰੀਮੈਂਟ ਵਿਚਾਰਨ ਲਈ ਕੀਤੀ ਅਪੀਲ



ਡੈਰੀ ਮਾਲਕਾਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ।

**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਕਾਸ ਅਤੇ ਸਫ਼ਾਈ ਪ੍ਰਬੰਧਨ ਨੂੰ ਧਿਆਨ ਵਿਚ ਰੱਖਦਿਆਂ ਨਗਰ ਨਿਗਮ ਵੱਲੋਂ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਵਿੱਚ ਸ਼ਹਿਰੀ ਖੇਤਰ ਵਿਚਲੇ ਡੈਰੀ ਮਾਲਕਾਂ ਨਾਲ ਖੁਲ ਕੇ ਖੁਸ਼ਨੁਮਾ ਗੱਲਬਾਤ ਹੋਈ. ਨਗਰ ਨਿਗਮ ਮੁਤਾਬਿਕ 2018 ਦੇ ਸਰਵੇ ਅਨੁਸਾਰ ਸ਼ਹਿਰੀ ਖੇਤਰ ਅਤੇ ਜੈਕਬ ਡ੍ਰੇਨ ਦੇ ਨੇੜੇ ਡੈਰੀ ਫਾਰਮਾਂ ਦੀ ਗਿਣਤੀ ਕੁਲ 71 ਹੈ। ਇਨ੍ਹਾਂ ਨੂੰ ਨਗਰ ਨਿਗਮ ਦੀ ਨਵੀਂ ਨੀਤੀ ਦੇ ਅਧੀਨ ਸ਼ਹਿਰ ਤੋਂ ਬਾਹਰ ਸ਼ਿਫਟ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ, ਤਾਂ ਜੋ ਨਿਵਾਸੀ ਇਲਾਕਿਆਂ ’ਚੋਂ ਗੰਦਗੀ, ਗੋਹੇ ਕਾਰਨ ਸੀਵਰੇਜ ਬੰਦ ਅਤੇ ਪਾਣੀ ਆਦਿ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਸਕੇ।

ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਹਾਲਾਂਕਿ ਸ਼ੁਰੂਆਤ ਵਿੱਚ ਕਈ ਡੈਰੀ ਮਾਲਕਾਂ ਨੇ ਨਗਰ ਨਿਗਮ ਨਾਲ ਸਹਿਯੋਗ ਦਿੰਦੇ ਹੋਏ ਆਪਣੀ ਡੈਰੀਆਂ ਸ਼ਿਫਟ ਕਰਨ ਦੀ ਇੱਛਾ ਜਤਾਈ ਸੀ, ਪਰ ਹੁਣ ਦੇਖਣ ਵਿਚ ਆ ਰਿਹਾ ਹੈ ਕਿ ਕੁਝ ਡੈਰੀ ਮਾਲਕ ਸ਼ਿਫਟ ਕਰਨ ਦੇ ਮਸਲੇ ਤੇ ਤਸੱਲੀ ਬਖ਼ਸ਼ ਕੰਮ ਨਹੀਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਗਿਣਤੀ ਦੇ ਡੈਰੀ ਮਾਲਕ ਹੀ ਹੁਣ ਤਕ ਨਵੇਂ ਕੰਸੈਨਮੈਂਟ ਅਤੇ ਐਗਰੀਮੈਂਟ ਦੀ ਪ੍ਰਕਿਰਿਆ ਪੂਰੀ ਕਰ ਚੁੱਕੇ ਹਨ, ਜਦਕਿ ਜ਼ਿਆਦਾਤਰ ਨੇ ਹੁਣ ਤਕ ਕੋਈ ਕਾਰਵਾਈ ਨਹੀਂ ਕੀਤੀ।

ਉਨ੍ਹਾਂ ਹੋਰ ਕਿਹਾ ਕਿ ਇਸ ਲਾਪਰਵਾਹੀ ਅਤੇ ਨਗਰ ਨਿਗਮ ਦੇ ਆਦੇਸ਼ਾਂ ਦੀ ਉਲੰਘਣਾ ਨੂੰ ਗੰਭੀਰਤਾ ਨਾਲ ਲੈਂਦਿਆਂ ਤੈਅ ਕੀਤਾ ਗਿਆ ਹੈ ਕਿ ਜਿਨ੍ਹਾਂ ਡੈਰੀ ਮਾਲਕਾਂ ਨੇ ਹੁਣ ਤਕ ਨਗਰ ਨਿਗਮ ਦਫ਼ਤਰ ’ਚ ਕੰਸੈਨਮੈਂਟ ਅਤੇ ਐਗਰੀਮੈਂਟ ਦੀ ਕਾਰਵਾਈ ਪੂਰੀ ਨਹੀਂ ਕੀਤੀ, ਉਨ੍ਹਾਂ ਨੂੰ ਤੁਰੰਤ 15 ਦਿਨਾਂ ਦਾ ਨੋਟਿਸ ਭੇਜਿਆ ਜਾ ਰਿਹਾ ਹੈ। ਇਸ ਨੋਟਿਸ ਵਿੱਚ ਸਾਫ਼ ਲਿਖਿਆ ਜਾ ਰਿਹਾ ਹੈ ਕਿ ਜੇਕਰ ਉਨ੍ਹਾਂ ਨੇ 15 ਦਿਨਾਂ ਦੀ ਮਿਆਦ ਦੇ ਅੰਦਰ ਨਗਰ ਨਿਗਮ ਦਫ਼ਤਰ ’ਚ ਲਾਜ਼ਮੀ ਕਾਨੂੰਨੀ ਪ੍ਰਕਿਰਿਆ ਪੂਰੀ ਨਹੀਂ ਕਰਦੇ, ਤਾਂ ਇਹ ਮੰਨਿਆ ਜਾਵੇਗਾ ਕਿ ਉਹ ਸ਼ਹਿਰ ਦੇ ਵਿਕਾਸ ਅਤੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਵਿੱਚ ਪਹਿਲ ਨਹੀਂ ਕਰਨਾ ਚਾਹੁੰਦੇ ।

ਮੇਅਰ ਗੋਗੀਆ ਨੇ ਕਿਹਾ ਕਿ ਕਈ ਇਲਾਕਿਆਂ ਵਿੱਚ ਗੋਬਰ, ਗੰਦਗੀ, ਮੱਖੀਆਂ ਅਤੇ ਗੰਦੇ ਪਾਣੀ ਕਾਰਨ ਬਿਮਾਰੀਆਂ ਲੱਗਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਸ ਦੇ ਨਾਲ ਸੜਕਾਂ ਅਤੇ ਸਫਾਈ ਕਾਰਜ ਵੀ ਪ੍ਰਭਾਵਿਤ ਹੋ ਰਹੇ ਹਨ। ਇਸ ਸੰਬੰਧੀ ਨਗਰ ਨਿਗਮ ਨੇ ਇੱਕ ਵਾਰ ਫਿਰ ਡੈਰੀ ਮਾਲਕਾਂ ਨੂੰ 15 ਦਿਨਾਂ ਵਿੱਚ ਕੰਸੈਨਮੈਂਟ ਤੇ ਐਗਰੀਮੈਂਟ ਵਿਚਾਰਨ ਲਈ ਅਪੀਲ ਕਰਦਿਆਂ ਕਿਹਾ ਕਿ ਉਹ ਨਗਰ ਨਿਗਮ ਨਾਲ ਸਹਿਯੋਗ ਕਰਦਿਆਂ ਨਿਰਧਾਰਤ ਸਮੇਂ ਵਿੱਚ ਕੰਸੈਨਮੈਂਟ ਅਤੇ ਐਗਰੀਮੈਂਟ ਦੀ ਕਾਰਵਾਈ ਪੂਰੀ ਕਰਨ, ਤਾਂ ਜੋ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਵਿਕਸਤ ਬਣਾਇਆ ਜਾ ਸਕੇ।

# ਮੋਹਿੰਦਰ ਭਗਤ ਵੱਲੋਂ ਜੰਗੀ ਯਾਦਗਾਰਾਂ ਦੇ ਨਿਰਮਾਣ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼

## ਮੰਤਰੀ ਨੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਕੰਮਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

**ਚੰਡੀਗੜ੍ਹ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੇ ਮੰਤਵ ਦੀ ਪੂਰਤੀ ਲਈ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਅਧਿਕਾਰੀਆਂ ਨੂੰ ਸੂਬੇ ਭਰ ਵਿੱਚ ਜੰਗੀ ਯਾਦਗਾਰਾਂ ਦੇ ਨਿਰਮਾਣ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।



ਪੰਜਾਬ ਸਿਵਲ ਸਕੱਤਰੇਤ ਵਿਖੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੂਬਾ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਨੂੰ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

ਮੀਟਿੰਗ ਦੌਰਾਨ, ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ (ਸੇਵਾਮੁਕਤ) ਨੇ ਪਿਛਲੇ ਤਿੰਨ ਮਹੀਨਿਆਂ ਦੀਆਂ ਗਤੀਵਿਧੀਆਂ ਬਾਰੇ ਇੱਕ ਵਿਆਪਕ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਮੰਤਰੀ ਨੂੰ ਸਾਬਕਾ ਸੈਨਿਕਾਂ ਲਈ ਵਿੱਤੀ ਸਹਾਇਤਾ, ਸਿੱਖਿਆ ਲਾਭ, ਡਾਕਟਰੀ ਸਹਾਇਤਾ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਸਬੰਧਤ ਚੱਲ ਰਹੀਆਂ ਯੋਜਨਾਵਾਂ ਬਾਰੇ ਵਿਸਥਾਪੂਰਵਕ ਜਾਣਕਾਰੀ ਦਿੱਤੀ।

ਸ੍ਰੀ ਭਗਤ ਨੇ ਅਧਿਕਾਰੀਆਂ ਨੂੰ ਕਿਹਾ ਕਿ ਸਾਬਕਾ ਸੈਨਿਕਾਂ ਨਾਲ ਸਬੰਧਤ ਸਾਰੇ ਮਾਮਲਿਆਂ ਨੂੰ ਤਰਜੀਹ ਦਿੱਤੀ ਜਾਵੇ। ਉਨ੍ਹਾ ਕਿਹਾ ਕਿ ਅਧਿਕਾਰੀ ਸਰਕਾਰੀ ਸਕੀਮਾਂ ਸਬੰਧੀ ਜਾਗਰੂਕਤਾ ਮੁਹਿੰਮਾਂ ਨੂੰ ਯਕੀਨੀ ਬਣਾਉਣ ਤਾਂ ਜੋ ਯੋਗ ਲਾਭਪਾਤਰੀ ਸਰਕਾਰੀ ਯੋਜਨਾਵਾਂ ਦਾ ਪੂਰਾ ਲਾਭ ਲੈ ਸਕਣ। ਮੰਤਰੀ ਨੇ ਸੂਬੇ ਵਿੱਚ ਸੈਨਿਕ ਰੈਸਟ ਹਾਊਸਾਂ ਦੇ ਨਵੀਨੀਕਰਨ ਅਤੇ ਰੱਖ-ਰਖਾਅ ਦੇ ਕੰਮ ਵੀ ਸਮੇਂ ਸਿਰ ਪੂਰਾ ਕਰਨ ਲਈ ਕਿਹਾ।

# ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਸੜਕ ਦਾ ਨਾਮ ਹੁਣ ‘ਸ਼ਹੀਦ ਊਧਮ ਸਿੰਘ ਮਾਰਗ’ ਹੋਵੇਗਾ: ਅਮਨ ਅਰੋੜਾ

**ਚੰਡੀਗੜ੍ਹ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਤੇ ‘ਆਪ’ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਜੀ ਦੀ ਅਮੀਰ ਵਿਰਾਸਤ ਦੇ ਸਨਮਾਨ ਅਤੇ ਕੰਬੋਜ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਇਸ ਮਹਾਨ ਆਜ਼ਾਦੀ ਘੁਲਾਟੀਏ ਦੇ ਸ਼ਹੀਦੀ ਦਿਵਸ ਮੌਕੇ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਹੈ।



ਅੱਜ ਇਥੇ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਸੜਕ ਦਾ ਨਾਮ ‘ਸ਼ਹੀਦ ਊਧਮ ਸਿੰਘ ਮਾਰਗ’ ਰੱਖਣ ਦਾ ਵੀ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਹਾਨ ਇਨਕਲਾਬੀ ਆਜ਼ਾਦੀ ਘੁਲਾਟੀਏ ਸਰਦਾਰ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਉਨ੍ਹਾਂ ਦੀ ਜਨਮ ਭੂਮੀ ਸੁਨਾਮ ਵਿਖੇ ਇੱਕ ਰਾਜ ਪੱਧਰੀ ਸਮਾਗਮ ਕਰਵਾਉਣ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ‘ਆਪ’ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਇਸ ਰਾਜ ਸਮਾਗਮ ਦੌਰਾਨ ਅਧਿਕਾਰਤ ਤੌਰ ’ਤੇ ਸ਼ਹੀਦ ਊਧਮ ਸਿੰਘ ਦੇ ਨਾਮ ’ਤੇ ਸੜਕ ਦਾ ਨਾਮ ਰੱਖਣਗੇ।

ਉਨ੍ਹਾਂ ਨੇ ਲੰਡਨ ਜਾ ਕੇ ਜਲ੍ਹਿਆਂਵਾਲਾ ਬਾਗ਼ ਕਤਲੇਆਮ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਾਨਾਮੱਤੀ ਵਿਰਾਸਤ ਦੇ ਸਨਮਾਨ ਵਿੱਚ ਇਹ ਉਪਰਾਲੇ ਕਰਨ ਲਈ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਸ. ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ ‘ਤੇ ਧੰਨਵਾਦ ਕੀਤਾ।

ਸ੍ਰੀ ਅਮਨ ਅਰੋੜਾ ਨੇ ਕੇਂਦਰ ਸਰਕਾਰ ਨੂੰ ਪਟਿਆਲਾ-ਭਵਾਨੀਗੜ੍ਹ ਸੜਕ ਦਾ ਨਾਮ ਸ਼ਹੀਦ ਊਧਮ ਸਿੰਘ ਜੀ ਦੇ ਨਾਮ ’ਤੇ ਰੱਖਣ ਦੀ ਵੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਇਹ ਮਾਮਲਾ ਕੇਂਦਰ ਸਰਕਾਰ ਕੋਲ ਵੀ ਉਠਾਇਆ ਜਾ ਰਿਹਾ ਹੈ।

ਜਲਾਲਾਬਾਦ ਤੋਂ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਅਤੇ ਪੰਜਾਬ ਰਾਜ ਬੀ.ਸੀ. ਕਮਿਸ਼ਨ ਦੇ ਚੇਅਰਮੈਨ ਡਾ. ਮਲਕੀਅਤ ਸਿੰਘ ਥਿੰਦ ਨੇ ਵੀ ਕੰਬੋਜ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਮੰਗਾਂ ਨੂੰ ਪੂਰਾ ਕਰਨ ਲਈ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਭਾਈਚਾਰੇ ਦੀਆਂ ਮੰਗਾਂ ਦੀ ਪੂਰਤੀ ਨੂੰ ਯਕੀਨੀ ਬਣਾਉਣ, ਇਸ ਸ਼ਹੀਦ ਦੇ ਸਨਮਾਨ ਲਈ ਅਣਥੱਕ ਯਤਨਾਂ ਲਈ ਸ੍ਰੀ ਅਮਨ ਅਰੋੜਾ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ।

# ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵਲੋਂ ਲੋਕਾਂ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੀਤਾ ਜਾ ਰਿਹਾ ਜਾਗਰੂਕ

**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਾਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ,ਐਸ ਪੀ ਹੈਡਕੁਆਰਟਰ- ਕਮ ਜ਼ਿਲਾ ਕਮਾਊਨਿਟੀ ਅਫੇਅਰ ਅਫ਼ਸਰ ਵੈਭਵ ਚੋਧਰੀ ਦੀ ਅਗਵਾਈ ਹੇਠ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਪਬਲਿਕ ਨੂੰ ਇੱਕ ਪਲੇਟਫਾਰਮ ਤੇ ਦਿੱਤੀਆਂ ਜਾ ਇੱਕਠੀਆਂ ਸੁਵਿਧਾਵਾਂ ਬਾਰੇ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਬਰ ਜ਼ਿਲ੍ਹਾ ਸਾਂਝ ਕੇਂਦਰ, ਮੈਬਰ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੋਸਲਿੰਗ ਸੈਲ, ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ,ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ। ਵਿਸ਼ੇਸ਼ ਤੌਰ ’ਤੇ ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਰਾਜਿੰਦਰ ਸਿੰਘ ਥਿੰਦ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਖਰੋੜ ਅਪਰੇਟਰ ਸਾਂਝ ਕੇਂਦਰ, ਏ ਐਸ ਆਈ ਹਾਕਮ ਸਿੰਘ, ਏ ਐਸ ਆਈ ਦੇਵੀ ਨੰਦ, ਗੁਰਪ੍ਰੀਤ ਸਿੰਘ, ਸਤਵੰਤ ਸਿੰਘ, ਨਵਕਿਰਨ ਸਿੰਘ, ਹਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਭਿੰਦਰ ਜਲਵੇੜਾ, ਹਰਮਨਜੀਤ ਸਿੰਘ ਰੰਧਾਵਾ ਵੀ ਹਜਾਰ ਸਨ। ਇਸ ਮੌਕੇ ਸੰਬੋਧਨ ਕਰਦਿਆ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਵੱਖ ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਪਿੰਡਾਂ , ਸ਼ਹਿਰਾਂ, ਕਸਬਿਆਂ ਵਿੱਚ ਵਿੱਚ ਜਾਂ ਕੇ ਵਿਦਿਆਰਥੀਆਂ, ਨੌਜਵਾਨਾਂ ਅਤੇ ਪਬਲਿਕ ਨੂੰ ਸਾਂਝ ਕੇਂਦਰਾਂ ਵਲੋਂ ਇੱਕ ਪਲੇਟਫਾਰਮ ਤੇ ਇੱਕਠੀਆਂ 44 ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਜਿਸ ਵਿੱਚ ਅਸਲਾ ਲਾਇਸੈਂਸ, ਪਾਸਪੋਰਟ ਵੈਰੀਫਿਕੇਸ਼ਨ, ਕੋਈ ਵੀ ਦਸਤਾਵੇਜ਼ ਗੁੰਮ ਹੋਣ ਤੇ ਐਫ .ਆਈ.ਆਰ ਇਸ ਤੋਂ ਇਲਾਵਾ ਅਨੇਕਾਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਦਾ ਫਾਇਦਾ ਪਬਲਿਕ ਨੂੰ ਉਠਾਉਣਾ ਚਾਹੀਦਾ ਹੈ, ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਵਿਦਿਆਰਥੀਆਂ, ਨੌਜਵਾਨਾਂ ਅਤੇ ਪਬਲਿਕ ਨੂੰ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਏ ਜਾ ਰਹੇ ਹਨ ਤਾਂ ਉਹਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ ।ਇਸ ਮੌਕੇ ਸੁਖਜਿੰਦਰ ਸਿੰਘ ਨੇ ਕਿਹਾ ਕਿ ਸ਼ਕਤੀ ਐਪ,ਪੀ ਪੀ ਸਾਂਝ ਐਪ ਅਤੇ ਸਾਈਬਰ ਸੁਰੱਖਿਆ, ਬੱਚਿਆਂ ਔਰਤਾਂ , ਬੁਜ਼ੁਰਗਾਂ ਦੀ ਸੁਰੱਖਿਆ ਲਈ ਸ਼ੁਰੂ ਕੀਤੇ 112, 181,1091 ਨੰਬਰਾਂ ਬਾਰੇ ਵੀ ਵਿਦਿਆਰਥੀਆਂ ਅਤੇ ਪਬਲਿਕ ਨੂੰ ਜਾਣਕਾਰੀ ਦਿੱਤੀ ਜਾ ਰਹੀ।



# ਅੰਮ੍ਰਿਤਧਾਰੀ ਉਮੀਦਵਾਰ ਨੂੰ ਜੈਪੁਰ ਵਿਚ ਜੁਡੀਸ਼ਰੀ ਦਾ ਇਮਤਿਹਾਨ ਦੇਣ ਤੋਂ ਰੋਕਣਾ, ਸਿੱਖ ਘੱਟ-ਗਿਣਤੀ ਦੀ ਧਾਰਮਿਕ ਆਜ਼ਾਦੀ ’ਤੇ ਹਮਲਾ: ਕੇਂਦਰੀ ਸ੍ਰੀ ਗੁਰੂ ਸਿੰਘ ਸਭ



**ਚੰਡੀਗੜ੍ਹ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਕੰਪਲੈਕਸ, ਸ੍ਰੀ ਗੁਰੂ ਗ੍ਰੰਥ ਸਹਿਬ ਭਵਨ, ਚੰਡੀਗੜ੍ਹ ਵਿਖੇ ਸਿੱਖ ਚਿੰਤਕਾਂ ਨੇ ਸਾਂਝੇ ਤੌਰ ਤੇ ਬਿਆਨ ਜਾਰੀ ਕੀਤਾ ਕਿ ਰਾਜਸਥਾਨ ਦੇ ਸਿਵਲ ਜੱਜ ਦੀ ਭਰਤੀ ਲਈ ਅੰਮ੍ਰਿਤਧਾਰੀ ਲੜਕੀ ਗੁਰਪ੍ਰੀਤ ਕੌਰ ਨੂੰ ਜੈਪੁਰ ਵਿਚ ਇਮਤਿਹਾਨ ਦੇਣ ਤੋਂ ਸਰਕਾਰੀ ਤੌਰ ਉਤੇ ਰੋਕਣਾ ਸੰਵਿਧਾਨ ਦੀ ਘੋਰ ਉਲੰਘਣਾ ਦੇ ਨਾਲ ਨਾਲ ਸਿੱਖ ਘੱਟ-ਗਿਣਤੀ ਭਾਈਚਾਰੇ ਦੀ ਧਾਰਮਿਕ ਆਜ਼ਾਦੀ ਉਤੇ ਸਿੱਧਾ ਹਮਲਾ ਹੈ।

ਸਿੰਘ ਸਭਾ ਨਾਲ ਜੁੜੇ ਚਿੰਤਕਾਂ ਨੇ ਕਿਹਾ ਕਿ ਸਿੱਖਾਂ ਨੇ ਅੰਗ੍ਰੇਜ਼ੀ ਸਰਕਾਰ ਦੇ ਸਮੇਂ ਦੌਰਾਨ ਇਕ ਲੰਬੇ ਸੰਘਰਸ਼ ਪਿਛੋਂ ਕਿਰਪਾਨ ਪਹਿਨਣ ਦਾ ਹੱਕ ਪ੍ਰਾਪਤ ਕੀਤਾ ਸੀ। ਹਿੰਦੂਤਵ ਨੀਤੀਆਂ ਦੇ ਪ੍ਰਭਾਵ ਹੇਠ ਰਾਜਸਥਾਨ ਦੀ ਭਾਜਪਾ ਸਰਕਾਰ ਨੇ ਸਿੱਖ ਘੱਟ-ਗਿਣਤੀ ਵਿਰੁੱਧ ਵਿਤਕਰੇ ਵਾਲਾ ਰਵੱਈਆ ਅਖਤਿਆਰ ਕੀਤਾ ਹੋਇਆ ਹੈ। ਪਹਿਲਾਂ ਵੀ ਰਾਜਸਥਾਨ ਜੁਡੀਸ਼ੀਅਲ ਸਰਵਿਸਿਜ਼ ਦਾ ਇਮਤਿਆਨ ਦੇਣ ਆਈ ਇਕ ਅੰਮ੍ਰਿਤਧਾਰੀ ਲੜਕੀ ਨੂੰ ਇਮਤਿਹਾਨ ਦੇਣ ਤੋਂ ਰੋਕਿਆ ਗਿਆ ਸੀ। ਰਾਜਸਥਾਨ ਸਿਰਫ ਪੰਜਾਬ ਨਾਲ ਜੁੜਦਾ ਇਲਾਕਾ ਨਹੀਂ, ਬਲਕਿ ਵੱਡੀ ਗਿਣਤੀ ਵਿਚ ਸਿੱਖ ਇਸ ਸੂਬੇ ਵਿਚ ਸਦੀਆਂ ਤੋਂ ਵਸਦੇ ਹਨ। ਇਥੋਂ ਤੱਕ ਕਿ ਗੰਗਾਨਗਰ ਅਤੇ ਹਨੂੰਮਾਨਗੜ੍ਹ ਜ਼ਿਲ੍ਹਿਆਂ ਨੂੰ ਤਾਂ ਸਿੱਖ ਕਿਸਾਨਾਂ ਨੇ ਹੀ ਆਬਾਦ ਕੀਤਾ ਹੈ।

ਰਾਜਸਥਾਨ ਦੇ ਭਾਜਪਾ ਦੇ ਹਾਕਮ ਅਤੇ ਸਰਕਾਰੀ ਅਫਸਰ ਭਲੀ-ਭਾਂਤ ਜਾਣੂ ਹਨ ਕਿ ਕਿਰਪਾਨ ਤੇ ਦੂਜੇ ਚਾਰ ਕਕਾਰ0 ਅੰਮ੍ਰਿਤਧਾਰੀ ਸਿੱਖਾਂ ਦੇ ਅਨਿੱਖੜਵੇਂ ਅੰਗ ਹਨ। ਪਰ ਹਿੰਦੂਤਵੀ ਮਾਹੌਲ ਖੜ੍ਹਾ ਕਰਨ ਲਈ ਅਤੇ ਬਹੁ-ਗਿਣਤੀ ਸਮਾਜ ਵਿਚ ਵੋਟ ਬੈਂਕ ਖੜ੍ਹਾ ਕਰਨ ਲਈ ਰਾਜਸਥਾਨ ਦੀ ਸਰਕਾਰੀ ਮਸ਼ੀਨਰੀ ਤੇ ਭਾਜਪਾ ਹਾਕਮ ਜਾਣ ਬੁੱਝ ਕੇ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਦੂਜੇ ਪਾਸੇ, ਪੰਜਾਬ ਵਿਚ ਆਉਂਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਕੇਂਦਰ ਦੀ ਭਾਜਪਾ ਸਰਕਾਰ ਸਿੱਖਾਂ ਨੂੰ ਖੁਸ਼ ਕਰਨ ਲਈ ਲੁਭਾਊ ਨਾਹਰੇ ਲਾ ਰਹੀ ਹੈ। ਅਸੀਂ ਰਾਜਸਥਾਨ ਦੇ ਮੁੱਖ ਮੰਤਰੀ ਨੂੰ ਅਪੀਲ ਕਰਦੇ ਹਾਂ ਕਿ ਉਹ ਸਿੱਖਾਂ ਦੇ ਸੰਵਿਧਾਨਕ ਹੱਕਾਂ ਨੂੰ ਮੁੱਖ ਰੱਖਦਿਆਂ, ਅੰਮ੍ਰਿਤਧਾਰੀ ਵਿਦਿਆਰਥਣ ਨੂੰ ਇਮਤਿਹਾਨ ਦੇਣ ਤੋਂ ਰੋਕਣ ਵਾਲੇ ਸਰਕਾਰੀ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰੇ ਅਤੇ ਭਵਿੱਖ ਵਿਚ ਅਜਿਹੀ ਘਟਨਾ ਵਾਪਰਨ ਤੋਂ ਰੋਕਣ ਲਈ ਲੋੜੀਂਦੇ ਹੁਕਮ ਜਾਰੀ ਕਰੇ। ਇਹ ਬਿਆਨ ਪ੍ਰੋਫੈਸਰ ਸ਼ਾਮ ਸਿੰਘ (ਪ੍ਰਧਾਨ), ਪੱਤਰਕਾਰ ਜਸਪਾਲ ਸਿੰਘ ਸਿੱਧੂ, ਗੁਰਪ੍ਰੀਤ ਸਿੰਘ (ਗਲੋਬਲ ਸਿੱਖ ਕੌਂਸਲ), ਰਾਜਵਿੰਦਰ ਸਿੰਘ ਰਾਹੀ, ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਆਦਿਕ ਚਿੰਤਕਾਂ ਵੱਲੋਂ ਜਾਰੀ ਕੀਤਾ ਗਿਆ।

# ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਦਾ ਆਲ ਇੰਡੀਆ ਰਾਮਗੜ੍ਹੀਆ ਬੋਰਡ ਵੱਲੋਂ ਸਨਮਾਨ



**ਲੁਧਿਆਣਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਪਰਸ਼ੋਤਮ ਖਲੀਫਾ, ਸੁਸ਼ੀਲ ਮਲਹੋਤਰਾ ਅਤੇ ਪ੍ਰਿੰਸੀਪਲ ਸੁੱਚਾ ਸਿੰਘ ਤਲਵਾੜਾ, ਅਨਿਲ ਸਚਦੇਵਾ ਨੂੰ ਆਲ ਇੰਡੀਆ ਰਾਮਗੜ੍ਹੀਆ ਬੋਰਡ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ।

ਇਹ ਸਮਾਰੋਹ ਬੋਰਡ ਦੇ ਦਫ਼ਤਰ, ਗਿੱਲ ਰੋਡ ਵਿਖੇ ਹੋਇਆ, ਜਿਸ ਵਿੱਚ ਬੋਰਡ ਦੇ ਚੇਅਰਮੈਨ ਸ. ਸੁਖਵਿੰਦਰ ਸਿੰਘ ਸੋਹਲ ਅਤੇ ਮੈਂਬਰ ਦਿਲਬਾਗ ਸਿੰਘ ਕਲਸੀ ਵੱਲੋਂ ਉਨ੍ਹਾਂ ਨੂੰ ਸਨਮਾਨ-ਭੇਂਟ ਅਰਪਿਤ ਕੀਤਾ ਗਿਆ। ਇਸ ਮੌਕੇ ਤੇ ਬੋਲਦੇ ਹੋਏ ਚੇਅਰਮੈਨ ਸੋਹਲ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਸਾਮਾਜਿਕ ਜਾਗਰੂਕਤਾ, ਸੈਕਲਰ ਵੈਲਿਊਜ਼ ਅਤੇ ਲੋਕ ਹਿੱਤਾਂ ਦੀ ਪੈਰਵਾਈ ਕਰਦੇ ਹੋਏ ਜੋ ਯੋਗਦਾਨ ਦਿੱਤਾ ਹੈ, ਉਹ ਕਾਬਿਲ-ਏ-ਤਾਰੀਫ਼ ਹੈ।

ਉਨ੍ਹਾਂ ਨੇ ਆਸ ਪ੍ਰਗਟਾਈ ਕਿ ਇਨ੍ਹਾਂ ਜਿਹੀਆਂ ਸ਼ਖਸੀਅਤਾਂ ਦੀ ਮਦਦ ਨਾਲ ਰਾਮਗੜ੍ਹੀਆ ਭਾਈਚਾਰੇ ਦੀ ਅਗਵਾਈ ਹੋਰ ਮਜ਼ਬੂਤ ਹੋਵੇਗੀ।

ਇਸ ਮੌਕੇ ਮੌਜੂਦ ਹੋਰ ਪ੍ਰਮੁੱਖ ਵਿਅਕਤੀਆਂ ਅਤੇ ਸਥਾਨਕ ਆਗੂਆਂ ਨੇ ਵੀ ਇਨ੍ਹਾਂ ਆਗੂਆਂ ਦੀ ਲੰਬੀ ਸਿਆਸੀ ਤੇ ਸਾਮਾਜਿਕ ਸੇਵਾ ਦੀ ਪ੍ਰਸ਼ੰਸਾ ਕੀਤੀ।

# ਪੰਜ-ਆਬ ਉਦਯੋਗ ਐਂਡ ਵਪਾਰ ਮੰਡਲ ਵੱਲੋਂ ਨਵੀਂ ਕਾਰਜਕਾਰੀ ਕਮੇਟੀ ਦੀ ਸਥਾਪਨਾ - ਹਰ ਜ਼ਿਲ੍ਹੇ ਵਿਚ ਅਹੁਦੇਦਾਰੀਆਂ ਨਿਰਧਾਰਤ ਕਰਨ ਦਾ ਕੀਤਾ ਐਲਾਨ



**ਲੁਧਿਆਣਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜ-ਆਬ ਉਦਯੋਗ ਐਂਡ ਵਪਾਰ ਮੰਡਲ ਵੱਲੋਂ ਇੰਡਸਟਰੀ ਏਰੀਆ-ਏ, ਲੁਧਿਆਣਾ ਵਿੱਚ ਹੋਈ ਇਕ ਵਿਸ਼ੇਸ਼ ਮੀਟਿੰਗ ਦੌਰਾਨ ਨਵੀਂ 25 ਮੈਂਬਰੀ ਕਾਰਜਕਾਰੀ ਕਮੇਟੀ ਦੀ ਸਥਾਪਨਾ ਕੀਤੀ ਗਈ। ਮੰਡਲ ਵੱਲੋਂ ਇਹ ਕਦਮ ਪੰਜਾਬ ਦੇ ਉਦਯੋਗਿਕ ਅਤੇ ਵਪਾਰਕ ਹਿੱਤਾਂ ਨੂੰ ਸੁਰੱਖਿਅਤ ਕਰਨ, ਵਧਾਉਣ ਅਤੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਹਰ ਉਦਯੋਗਪਤੀ ਤੇ ਵਪਾਰੀ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ।

ਨਵੀਂ ਕਾਰਜਕਾਰੀ ਕਮੇਟੀ ਵਿੱਚ ਕਿਰਪਾਲ ਸਿੰਘ ਸਾਗਰ-ਪ੍ਰਧਾਨ, ਪਰਮਜੀਤ ਸਿੰਘ ਭਾਰਜ-ਜਨਰਲ ਸਕੱਤਰ ਅਤੇ ਕਾਰਜਕਾਰੀ ਪ੍ਰਧਾਨ, ਸੁਸ਼ੀਲ ਮਲਹੋਤਰਾ- ਵਾਈਸ ਪ੍ਰਧਾਨ,ਸੁਖਵਿੰਦਰ ਸਿੰਘ ਸੋਹਲ-ਕੈਸ਼ੀਅਰ, ਕੁਲਦੀਪ ਦੁੱਗਰੀ-ਪ੍ਰੈਸ ਸਕੱਤਰ, ਰਾਮ ਪ੍ਰਕਾਸ਼ ਬਾਂਸਲ-ਲੀਗਲ ਸਲਾਹਕਾਰ, ਅਨਿਲ ਸਚਦੇਵਾ-ਜੋਇੰਟ ਸਕੱਤਰ, ਊਧਮ ਸਿੰਘ ਚਾਨਾ-ਸਲਾਹਕਾਰ, ਵਿਨੋਦ ਭਾਰਤੀ-ਸਲਾਹਕਾਰ, ਮਲਕੀਤ ਸਿੰਘ ਬੀਰਮੀ (ਸਾਬਕਾ ਕੈਬਨਿਟ ਮੰਤਰੀ, ਪੰਜਾਬ)-ਸੀਨੀਅਰ ਸਰਪ੍ਰਸਤ,ਪ੍ਰਸ਼ੋਤਮ ਲਾਲ ਸੇਤੀਆ-ਸਰਪ੍ਰਸਤ ਅਹੁਦੇਦਾਰ ਚੁਣੇ ਗਏ।

ਇਸ ਮੌਕੇ ਮੰਡਲ ਵੱਲੋਂ ਐਲਾਨ ਕੀਤਾ ਗਿਆ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਸੰਗਠਨਕ ਢਾਂਚਾ ਵਧਾਇਆ ਜਾਵੇਗਾ।

ਵਪਾਰੀ ਤੇ ਉਦਯੋਗਿਕ ਭਾਈਚਾਰੇ ਨੂੰ ਸਰਕਾਰੀ ਸਕੀਮਾਂ ਬਾਰੇ ਜਾਣੂ ਕਰਵਾਉਣ ਲਈ ਸਰਗਰਮੀਆਂ ਤੇਜ਼ ਕੀਤੀਆਂ ਜਾਣਗੀਆਂ। ਨਵੇਂ ਚੁਣੇ ਗਏ ਪ੍ਰਧਾਨ ਕਿਰਪਾਲ ਸਿੰਘ ਸਾਗਰ ਨੇ ਭਰੋਸਾ ਦਿਵਾਇਆ ਕਿ ਮੰਡਲ ਵਪਾਰਕ ਤੇ ਉਦਯੋਗਿਕ ਹਿੱਤਾਂ ਦੀ ਰੱਖਿਆ ਲਈ ਨਿਰੰਤਰ ਕੰਮ ਕਰਦਾ ਰਹੇਗਾ।

# ਜਲੰਧਰ ਕੈਂਟ ਦੇ ਅਧੀਨ ਡਾਕ ਘਰਾਂ ਵੱਲੋਂ ਆਈਟੀ 2.0 ਐਪਲੀਕੇਸ਼ਨ ਦੀ 4 ਅਗਸਤ ਤੋਂ ਹੋਵੇਗੀ ਸ਼ੁਰੂਆਤ

**ਜਲੰਧਰ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਕ ਵਿਭਾਗ ਵੱਲੋਂ ਡਿਜੀਟਲ ਬਦਲਾਅ ਦੀ ਲੜੀ ਹੇਠ ਏਪੀਟੀ(1♦“) ਐਪਲੀਕੇਸ਼ਨ ਦੀ ਸ਼ੁਰੂਆਤ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਡਿਜ਼ੀਟਲ ਉੱਤਮਤਾ ਅਤੇ ਕੌਮੀ ਨਿਰਮਾਣ ਵੱਲ ਇਕ ਵੱਡੀ ਪਹਿਲ ਹੈ। ਇਸ ਬਦਲਾਅ ਪੂਰਨ ਪਹਿਲਕਦਮੀ ਵਜੋਂ, ਨਵੀਂ ਅੱਪਗ੍ਰੇਡ ਪ੍ਰਣਾਲੀ ਨੂੰ ਮਿਤੀ 04.08.2025 ਤੋਂ ਜਲੰਧਰ ਕੈਂਟ ਮੁੱਖ ਡਾਕ ਘਰ ਦੇ ਅਧੀਨ ਸਾਰੇ ਡਾਕ ਘਰਾਂ ’ਚ ਲਾਗੂ ਕੀਤਾ ਜਾਵੇਗਾ।

ਇਸ ਆਧੁਨਿਕ ਡਿਜ਼ੀਟਲ ਪਲੇਟਫਾਰਮ ‘ਤੇ ਸੁਰੱਖਿਅਤ ਅਤੇ ਸੁਚੱਜੇ ਬਦਲਾਅ ਯਕੀਨੀ ਬਣਾਉਣ ਲਈ ਮਿਤੀ 02.08.2025 ਨੂੰ ਨਿਸ਼ਚਿਤ ਡਾਊਨਟਾਈਮ ਰੱਖਿਆ ਗਿਆ ਹੈ। ਇਸ ਦਿਨ ਕੋਈ ਵੀ ਜਨਤਕ ਲੈਣ-ਦੇਣ ਨਹੀਂ ਕੀਤਾ ਜਾਵੇਗਾ। ਇਹ ਅਸਥਾਈ ਸੇਵਾਵਾਂ ਦੀ ਰੋਕਥਾਮ ਡਾਟਾ ਮਾਈਗ੍ਰੇਸ਼ਨ, ਸਿਸਟਮ ਵੈਰੀਫਿਕੇਸ਼ਨ ਅਤੇ ਕਨਫਿਗ੍ਰੇਸ਼ਨ ਪ੍ਰਕਿਰਿਆਵਾਂ ਲਈ ਜ਼ਰੂਰੀ ਹੈ, ਤਾਂ ਜੋ ਨਵਾਂ ਸਿਸਟਮ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਾਲੂ ਕੀਤਾ ਜਾ ਸਕੇ।

ਜਨਤਕ ਸਹੂਲਤ ਲਈ, ਜਲੰਧਰ ਸ਼ਹਿਰ ਮੁੱਖ ਡਾਕ ਘਰ ਦੇ ਅਧੀਨ ਆਉਣ ਵਾਲੇ ਦਫ਼ਤਰਾਂ ਦੀਆਂ ਸੇਵਾਵਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਏਪੀਟੀ (APT) ਐਪਲੀਕੇਸ਼ਨ ਨੂੰ ਚੰਗੇ ਉਪਭੋਗਤਾ ਅਨੁਭਵ, ਤੇਜ਼ ਸੇਵਾ ਪ੍ਰਦਾਨ ਅਤੇ ਗਾਹਕ-ਅਨੁਕੂਲ ਇੰਟਰਫੇਸ ਦੇਣ ਲਈ ਡਿਜ਼ਾਈਨ ਕੀਤਾ ਗਿਆ ਹੈ, ਜੋ ਸਾਡੀ ਸਮਰਪਿਤ ਵਚਨਬੱਧਤਾ ਨੂੰ ਦਰਸਾਉਂਦਾ ਹੈ ਕਿ ਅਸੀਂ ਸੂਝਵਾਨ, ਨਿਪੰਨ ਅਤੇ ਭਵਿੱਖ ਲਈ ਚੰਗੀਆਂ ਡਾਕ ਸੇਵਾਵਾਂ ਦੇਣ ਲਈ ਤਿਆਰ ਹਾਂ।

ਅਸੀਂ ਆਪਣੇ ਸਤਿਕਾਰਯੋਗ ਗਾਹਕਾਂ ਨੂੰ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਆਪਣੇ ਆਉਣ ਦੀ ਯੋਜਨਾ ਪਹਿਲਾਂ ਦਰਜ ਕਰਵਾਈ ਜਾਵੇ ਤਾਂ ਜੋ ਇਸ ਅਸੁਵਿਧਾ ਦੌਰਾਨ ਸਾਡੇ ਨਾਲ ਸਹਿਯੋਗ ਕੀਤਾ ਜਾ ਸਕੇ। ਅਸੀਂ ਅਸੁਵਿਧਾ ਲਈ ਦੁੱਖ ਪ੍ਰਗਟਾਉਂਦੇ ਹਾਂ ਅਤੇ ਤੁਹਾਨੂੰ ਇਹ ਭਰੋਸਾ ਦਿੰਦੇ ਹਾਂ ਕਿ ਇਹ ਕਦਮ ਹਰ ਨਾਗਰਿਕ ਲਈ, ਚੰਗਾ, ਤੇਜ਼ ਅਤੇ ਡਿਜ਼ੀਟਲ ਤਰੀਕੇ ਨਾਲ ਸ਼ਕਤੀਸ਼ਾਲੀ ਸੇਵਾਵਾਂ ਪ੍ਰਦਾਨ ਕਰਨ ਲਈ ਚੁੱਕਿਆ ਜਾ ਰਿਹਾ ਹੈ।

# ਚੇਅਰਮੈਨ ਰਣਜੋਧ ਹਡਾਣਾ ਨੂੰ ਮਿਲੀ ਡਾਕਟਰੇਟ ਦੀ ਡਿਗਰੀ

➢ ਬਿਜਨਸ ਮੈਨੇਜਮੈਂਟ ਅਤੇ ਸੋਸ਼ਲ ਵਰਕ ’ ਦੇ ਖੇਤਰ ਵਿਚ ਹਡਾਣਾ ਦੀ ਚੰਗੀ ਪਕੜ ਹੋਣ ਕਰਕੇ ਮਿਲਿਆ ਸਨਮਾਨ ➢ ਸਿਆਸੀ ਅਤੇ ਪ੍ਰਸ਼ਾਸਕੀ ਵਰਗਾਂ ਨੇ ਦਿੱਤੀਆਂ ਵਧਾਈਆਂ

**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਲਿੰਗਟਨ ਸਟੇਟ ਯੂਨੀਵਰਸਿਟੀ ਆਫ ਅਮਰੀਕਾ’ ਵਲੋਂ ਇੰਡੀਆ ਇੰਟਲੈਕਚੁਅਲ ਕੌਨਕਲੇਵ 2025 ਪ੍ਰੋਗਰਾਮ ਰਾਹੀਂ ਬਿਜਨਸ ਮੈਨੇਜਮੈਂਟ ਅਤੇ ਸੋਸ਼ਲ ਵਰਕ ’ ਦੇ ਖੇਤਰ ਵਿਚ ਪੀ.ਐਚ.ਡੀ (ਡਾਕਟਰੇਟ) ਦੀ ਡਿਗਰੀ ਮਿਲਣ ਮਗਰੋਂ ਚੇਅਰਮੈਨ ਪੀ ਆਰ ਟੀ ਸੀ ਅਤੇ ਸਟੇਟ ਸਕੱਤਰ ਪੰਜਾਬ ਰਣਜੋਧ ਸਿੰਘ ਹਡਾਣਾ ਨੂੰ ਲਗਾਤਾਰ ਵਧਾਈਆਂ ਮਿਲ ਰਹੀਆਂ ਹਨ. ਦੱਸ ਦੇਈਏ ਕਿ ਹਡਾਣਾ ਲੰਮੇ ਸਮੇਂ ਤੋਂ ਸਮਾਜਿਕ ਨਿਆਂ, ਸਿੱਖਿਆ, ਸਿਹਤ ਅਤੇ ਸਮਾਜ ਸੇਵਾ ਵਿੱਚ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਨ. ਬਿਜਨਸ ਮੈਨੇਜਮੈਂਟ ਅਤੇ ਸੋਸ਼ਲ ਵਰਕ ਦੇ ਖੇਤਰ ਵਿਚ ਚੰਗੀ ਪਕੜ ਹੋਣ ਕਰਕੇ ਉਨ੍ਹਾਂ ਦੇ ਵਿਅਕਤੀਗਤ ਉਤਸ਼ਾਹ ਦੀ ਸਰਾਹਨਾ ਕਰਦੇ ਹੋਏ ਯੂਨੀਵਰਸਿਟੀ ਮੈਂਬਰਾਂ ਨੇ ਇਹ ਸਨਮਾਨ ਉਨ੍ਹਾਂ ਨੂੰ ਅਮਰੀਕਾ ਅਧਾਰਿਤ ਗਲੋਬਲ ਹਿਊਮਿਨਿਟੀ ਯੂਨੀਵਰਸਿਟੀ ਵੱਲੋਂ ਦਿੱਤਾ। ਇਸ ਮੌਕੇ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਦੇਸ਼-ਵਿਦੇਸ਼ ਤੋਂ ਆਏ ਹੋਏ ਵਿਦਵਾਨਾਂ, ਅਧਿਕਾਰੀਆਂ, ਸਮਾਜ ਸੇਵਕਾਂ ਅਤੇ ਸਿਆਸੀ ਹਸਤੀਆਂ ਨੇ ਭਾਗ ਲਿਆ, ਜਿਥੇ ਚੇਅਰਮੈਨ ਹਡਾਣਾ ਨੂੰ ਵਿਸ਼ੇਸ਼ ਸਨਮਾਨ ਪੱਤਰ ਅਤੇ ਡਿਗਰੀ ਦੇ ਕੇ ਨਵਾਜਿਆ ਗਿਆ।



ਸਨਮਾਨ ਮਿਲਣ ਤੇ ਹਡਾਣਾ ਨੇ ਕਿਹਾ, ਕਿ ਇਹ ਸਿਰਫ਼ ਮੇਰਾ ਨਹੀਂ, ਉਹਨਾਂ ਸਾਰੇ ਲੋਕਾਂ ਦਾ ਸਨਮਾਨ ਹੈ ਜੋ ਮੇਰੇ ਨਾਲ ਮਿਲ ਕੇ ਸਮਾਜਿਕ ਬਦਲਾਅ ਦੀ ਲਹਿਰ ਚਲਾ ਰਹੇ ਹਨ। ਮੈਂ ਇਹ ਡਿਗਰੀ ਆਪਣੀ ਮਾਂ, ਪਿੰਡ, ਅਤੇ ਪੰਜਾਬ ਨੂੰ ਸਮਰਪਿਤ ਹਰੇਕ ਵਿਅਕਤੀ ਨੂੰ ਸਮਰਪਿਤ ਕਰਦਾ ਹਾਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਡਿਗਰੀ ਨਾਲ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੱਧ ਗਈ ਹੈ ਅਤੇ ਹੁਣ ਉਹ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਅਤੇ ਸਮਾਜਿਕ ਨਿਆਂ ਦੀ ਲਹਿਰ ਨੂੰ ਹੋਰ ਆਗੇ ਵਧਾਉਣ ਲਈ ਦੋ ਗੁਣਾ ਜੋਸ਼ ਨਾਲ ਕੰਮ ਕਰਨਗੇ।

ਇਸ ਮੌਕੇ ਉੱਤੇ ਕਈ ਰਾਜਨੀਤਿਕ ਅਤੇ ਪ੍ਰਸ਼ਾਸਕੀ ਹਸਤੀਆਂ ਨੇ ਫੋਨ ਕਰਕੇ ਵਧਾਈ ਦੇ ਰਹੇ ਹਨ। ਪੰਜਾਬ ਦੇ ਕੈਬਿਨਟ ਮੰਤਰੀ, ਐਮ.ਐਲ.ਏ., ਚੇਅਰਮੈਨ, ਆਮ ਆਦਮੀ ਪਾਰਟੀ ਦੇ ਸੈਂਕੜੇ ਵਰਕਰਾਂ ਤੋਂ ਇਲਾਵਾ ਹੋਰਨਾਂ ਪਟਿਆਲਾ ਵਾਸੀਆਂ ਨੇ ਹਡਾਣਾ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਡਿਗਰੀ ਹਡਾਣਾ ਦੀ ਲੰਬੀ ਸਮਾਜ ਸੇਵਾ ਅਤੇ ਆਪਣੇ ਕਾਰੋਬਾਰ ਪ੍ਰਤੀ ਇਮਾਨਦਾਰੀ ਸਮਰਪਿਤ ਯਾਤਰਾ ਦੀ ਇੱਕ ਮਾਨਤਾ ਹੈ।

ਚੇਅਰਮੈਨ ਹਡਾਣਾ ਨੇ ਕਿਹਾ ਕਿ ਇਹ ਉਪਲਬਧੀ ਨੌਜਵਾਨ ਪੀੜ੍ਹੀ ਨੂੰ ਸੇਧ ਦੇ ਸਕਦੀ ਹੈ ਕਿ ਕਿਵੇ ਆਪਣੇ ਕਾਰੋਬਾਰ ਦੇ ਨਾਲ ਨਾਲ ਰਾਜਨੀਤੀ ਵਿੱਚ ਲੋਕ ਪੱਖੀ ਕੰਮਾਂ ਨੂੰ ਪਹਿਲ ਦੇ ਕੇ ਅਤੇ ਆਪ ਮੁਹਾਰੇ ਸਮਾਜ ਲਈ ਕੰਮ ਕਰਦਿਆਂ ਵੀ ਇੱਕ ਵਿਅਕਤੀ ਸਿੱਖਰ ਤੇ ਪਹੁੰਚ ਸਕਦਾ ਹੈ। ਉਨ੍ਹਾਂ ਕਿਹਾ ਕਿ ਸੇਵਾ ਵਿਸ਼ਵਾਸ ਅਤੇ ਇਮਾਨਦਾਰੀ ਨਾਲ ਜੋ ਵੀ ਕੰਮ ਕੀਤਾ ਜਾਂਦਾ ਹੈ, ਉਹ ਇੱਕ ਦਿਨ ਨਿਰਦੇਸ਼ਕ ਬਣ ਜਾਂਦਾ ਹੈ।

## ਸੰਪਾਦਕੀ

# ਚੋਣ ਸੂਚੀਆਂ ਕਾਰਨ ਬਿਹਾਰ ਦੀ ਵਿਗੜਦੀ ਕਾਨੂੰਨ ਵਿਵਸਥਾ

ਪਿਛਲੇ ਕੁਝ ਹਫ਼ਤਿਆਂ ਦੌਰਾਨ ਚੋਣ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸਆਈਆਰ–Special Intensive Revision) ’ਤੇ ਚੱਲ ਰਹੀ ਸਿਆਸੀ ਅਤੇ ਕਾਨੂੰਨੀ ਖਿੱਚੋਤਾਣ ਨੇ ਬਿਹਾਰ ਨੂੰ ਘੇਰਦੇ ਭਖਵੇਂ ਮੁੱਦੇ, ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਤੋਂ ਧਿਆਨ ਲਗਭਗ ਭਟਕਾ ਦਿੱਤਾ ਸੀ। ਹੁਣ ਜਾਪਦਾ ਹੈ ਕਿ ਇਸ ਬਾਰੇ ਤੱਥ ਲਗਾਤਾਰ ਬਾਹਰ ਆਉਣੇ ਸ਼ੁਰੂ ਹੋ ਗਏ ਹਨ। ਇੱਕ ਔਰਤ ਨਾਲ ਕਥਿਤ ਤੌਰ ’ਤੇ ਦੋ ਵਿਅਕਤੀਆਂ ਵੱਲੋਂ ਐਂਬੂਲੈਂਸ ਵਿੱਚ ਜਬਰ–ਜਨਾਹ ਕੀਤਾ ਗਿਆ, ਜਿਹੜੀ ਉਸ ਨੂੰ ਸਰਕਾਰੀ ਭਰਤੀ ਪ੍ਰੀਖਿਆ ਦੌਰਾਨ ਬੇਹੋਸ਼ ਹੋਣ ਤੋਂ ਬਾਅਦ ਹਸਪਤਾਲ ਲੈ ਕੇ ਜਾ ਰਹੀ ਸੀ। ਵਾਹਨ ਵਿੱਚ ਮਹਿਲਾ ਸਹਾਇਕ ਦੀ ਗ਼ੈਰ–ਹਾਜ਼ਰੀ ਨੇ ਸਰਕਾਰੀ ਐਮਰਜੈਂਸੀ ਸਿਹਤ ਸੇਵਾਵਾਂ ਦੀ ਮਾੜੀ ਤਸਵੀਰ ਪੇਸ਼ ਕੀਤੀ ਹੈ। ਗਯਾਜੀ (ਗਯਾ ਦਾ ਨਵਾਂ ਨਾਮ) ਵਿੱਚ ਵਾਪਰੀ ਹੈਰਾਨ ਕਰਨ ਵਾਲੀ ਇਸ ਘਟਨਾ ਨੇ ਵਿਧਾਨ ਸਭਾ ਚੋਣਾਂ ਤੋਂ ਕਈ ਮਹੀਨੇ ਪਹਿਲਾਂ ਸੱਤਾਧਾਰੀ ਐੱਨਡੀਏ ਅੰਦਰਲੀਆਂ ਦਰਾੜਾਂ ਐਨ ਪ੍ਰਗਟ ਕਰ ਦਿੱਤੀਆਂ ਹਨ। ਕੇਂਦਰੀ ਮੰਤਰੀ ਚਿਰਾਗ਼ ਪਾਸਵਾਨ ਨੇ ਸਥਿਤੀ ਨੂੰ ‘ਡਰਾਉਣਾ’ ਦੱਸਿਆ ਹੈ; ਇਸ ਦੇ ਨਾਲ ਹੀ ਉਨ੍ਹਾਂ ਅਜਿਹੀ ਸਰਕਾਰ ਦਾ ਸਮਰਥਨ ਕਰਨ ’ਤੇ ਅਫ਼ਸੋਸ ਪ੍ਰਗਟਾਇਆ ਜੋ ਕਾਨੂੰਨ ਵਿਵਸਥਾ ਨੂੰ ਕੰਟਰੋਲ ਕਰਨ ਵਿੱਚ ਅਸਮਰੱਥ ਹੈ।

ਨਿਤੀਸ਼ ਕੁਮਾਰ ਸਰਕਾਰ ਲੜੀਵਾਰ ਘਿਨਾਉਣੇ ਅਪਰਾਧਾਂ ਕਾਰਨ ਨਿਸ਼ਾਨੇ ’ਤੇ ਹੈ। ਬੀਤੀ 17 ਜੁਲਾਈ ਨੂੰ ਹੱਤਿਆ ਦਾ ਦੋਸ਼ੀ ਗੈਂਗਸਟਰ ਚੰਦਨ ਮਿਸ਼ਰਾ, ਜੋ ਪੈਰੋਲ ’ਤੇ ਜੇਲ੍ਹ ਤੋਂ ਬਾਹਰ ਸੀ, ਨੂੰ ਪਟਨਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਪਿਛਲੇ ਮਹੀਨੇ 11 ਸਾਲਾ ਜਬਰ–ਜਨਾਹ ਪੀੜਤਾ ਦੀ ਪਟਨਾ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਸੱਟਾਂ ਕਾਰਨ ਮੌਤ ਹੋ ਗਈ ਸੀ; ਦਲਿਤ ਲੜਕੀ ਮੁਜ਼ੱਫਰਪੁਰ ਵਿੱਚ ਚਾਕੂ ਦੇ 20 ਜ਼ਖ਼ਮਾਂ ਨਾਲ ਟੋਏ ਵਿੱਚੋਂ ਮਿਲੀ ਸੀ। ਅਜਿਹੀਆਂ ਘਟਨਾਵਾਂ ਨਾਲ ਹੁਣ ਸਰਕਾਰੀ ਸਿਹਤ ਸੇਵਾਵਾਂ ਵੀ ਸ਼ੱਕ ਦੇ ਘੇਰੇ ਵਿੱਚ ਆ ਗਈਆਂ ਹਨ। ਲੜਕੀ ਦੇ ਪਰਿਵਾਰ ਅਤੇ ਵਿਰੋਧੀ ਪਾਰਟੀਆਂ ਨੇ ਇਲਾਜ ਵਿੱਚ ਦੇਰੀ ਕਾਰਨ ਉਸ ਦੀ ਮੌਤ ਹੋਣ ਦਾ ਦੋਸ਼ ਲਾਇਆ ਹੈ। ਵਰਤਮਾਨ ਗੜਬੜੀ ਲਾਲੂ ਪ੍ਰਸਾਦ ਯਾਦਵ ਦੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਨਜ਼ਰ ਆਏ ‘ਜੰਗਲ ਰਾਜ’ ਦੀ ਯਾਦ ਦਿਵਾਉਂਦੀ ਹੈ। ਕਾਨੂੰਨ ਦੀ ਉਲੰਘਣਾ ਫਿਰ ਤੋਂ ਆਮ ਹੋ ਗਈ ਹੈ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਇਸ ਗੜਬੜ ਨੂੰ ਰੋਕਣ ’ਚ ਬੇਵੱਸ ਜਾਪ ਰਹੇ ਹਨ। ਉਨ੍ਹਾਂ ਦੀ ਮਾੜੀ ਸ਼ਾਸਨ ਪ੍ਰਣਾਲੀ ਨੇ ਭਾਰਤੀ ਜਨਤਾ ਪਾਰਟੀ ਨੂੰ ਸ਼ਰਮਸਾਰ ਕਰ ਦਿੱਤਾ ਹੈ ਕਿਉਂਕਿ ‘ਡਬਲ ਇੰਜਣ’ ਵਾਲੀ ਸਰਕਾਰ ਨੂੰ ਚੁਫ਼ੇਰਿਓਂ ਨਿੰਦਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਨੂੰਨ ਵਿਵਸਥਾ (ਜਿੰਨੀ ਕੁ ਵੀ ਬਚੀ ਹੈ) ਇੱਕ ਵਾਰ ਫਿਰ ਤੋਂ ਚੋਣ ਮੁੱਦਾ ਬਣ ਰਹੀ ਹੈ, ਭਾਵੇਂ ਚੋਣਾਂ ਤੋਂ ਪਹਿਲਾਂ ਸਿਆਸੀ ਪੁਨਰ ਲਾਮਬੰਦੀ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਬਦਕਿਸਮਤੀ ਨਾਲ ਇੱਕ ਤੋਂ ਬਾਅਦ ਇੱਕ ਬਣੀਆਂ ਰਾਜ ਸਰਕਾਰਾਂ ਅਪਰਾਧ ਨੂੰ ਰੋਕਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀਆਂ ਹਨ। ਵੱਡੀ ਅਤੇ ਪੁਰਾਣੀ ਸਮੱਸਿਆ ਰਾਜਨੀਤੀ ਦਾ ਬੇਸ਼ਰਮੀ ਨਾਲ ਕੀਤਾ ਅਪਰਾਧੀਕਰਨ ਹੈ, ਜਿਸ ਕਾਰਨ ਬਿਹਾਰ ਦੇ ਵਸਨੀਕਾਂ ਨੂੰ ਹਮੇਸ਼ਾ ਦੁੱਖ ਝੱਲਣਾ ਪਿਆ ਹੈ, ਭਾਵੇਂ ਕੋਈ ਵੀ ਪਾਰਟੀ ਜਾਂ ਗਠਜੋੜ ਸੱਤਾ ਵਿੱਚ ਰਿਹਾ ਹੋਵੇ। ਇਸ ਨੇ ਸਿਆਸੀ ਪਾਰਟੀਆਂ ਦੀ ਪਹੁੰਚ ’ਤੇ ਵੱਡਾ ਸਵਾਲੀਆ ਨਿਸ਼ਾਨ ਲਾਇਆ ਹੈ। ਇਸ ਲਈ ਹੁਣ ਸਾਰੀਆਂ ਸਿਆਸੀ ਧਿਰਾਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

# ਟ੍ਰੈਫਿਕ ਜਾਂ ਪ੍ਰਦੂਸ਼ਣ ਕਰਕੇ ਗੁਰੂਗ੍ਰਾਮ ਦਾ ਘੁੱਟ ਰਿਹੈ ਦਮ

ਗੁਰੂਗ੍ਰਾਮ ਦਾ ਦਮ ਘੁਟ ਰਿਹਾ ਹੈ– ਟਰੈਫਿਕ ਜਾਂ ਪ੍ਰਦੂਸ਼ਣ ਕਰ ਕੇ ਨਹੀਂ, ਸਗੋਂ ਕੂੜੇ ਅਤੇ ਪ੍ਰਸ਼ਾਸਕੀ ਲਾਪਰਵਾਹੀ ਕਾਰਨ। ‘ਗ਼ੈਰ–ਕਾਨੂੰਨੀ ਪਰਵਾਸੀਆਂ’ ਵਿਰੁੱਧ ਕਾਰਵਾਈ ਦੇ ਨਾਂ ’ਤੇ ਪੁਲੀਸ ਵੱਲੋਂ ਕੀਤੀ ਗਈ ਸਖ਼ਤੀ ਨੇ ਮਾਨਵੀ ਅਤੇ ਨਾਗਰਿਕ ਸੰਕਟ ਪੈਦਾ ਕਰ ਦਿੱਤਾ ਹੈ। ਸੈਂਕੜੇ ਬੰਗਾਲੀ ਭਾਸ਼ਾਈ ਪਰਵਾਸੀ ਮਜ਼ਦੂਰ (ਜ਼ਿਆਦਾਤਰ ਅਸਾਮ ਤੇ ਪੱਛਮੀ ਬੰਗਾਲ ਤੋਂ) ਰਾਤੋ–ਰਾਤ ਸ਼ਹਿਰ ਛੱਡ ਕੇ ਭੱਜ ਗਏ ਹਨ, ਜਿਨ੍ਹਾਂ ਨੂੰ ਪ੍ਰੇਸ਼ਾਨ ਕੀਤੇ ਜਾਣ, ਪੱਖਪਾਤੀ ਨਜ਼ਰਬੰਦੀ ਅਤੇ ਕਾਨੂੰਨੀ ਸਹਾਇਤਾ ਨਾ ਮਿਲਣ ਦਾ ਡਰ ਸਤਾ ਰਿਹਾ ਸੀ। ਨਤੀਜੇ ਵਜੋਂ ਸ਼ਹਿਰ ਵਿੱਚ ਕੂੜੇ ਦੇ ਢੇਰ ਲੱਗ ਗਏ ਹਨ ਅਤੇ ਸ਼ਹਿਰ ਦੀ ਹਾਲਤ ਮਾੜੀ ਹੋ ਗਈ ਹੈ। ਇਹ ਪਰਵਾਸ ਗੁਰੂਗ੍ਰਾਮ ਪੁਲੀਸ ਵੱਲੋਂ ਅਣਅਧਿਕਾਰਤ ਬੰਗਲਾਦੇਸ਼ੀ ਪਰਵਾਸੀਆਂ ਦੀ ਸ਼ਨਾਖ਼ਤ ਦੀ ਮੁਹਿੰਮ ਵਿੱਢਣ ਤੋਂ ਬਾਅਦ ਹੋਇਆ ਹੈ। ਲਗਭਗ 250 ਤੋਂ ਵੱਧ ਜਣਿਆਂ ਵਿੱਚੋਂ, ਸਿਰਫ਼ 10 ਦੀ ਹੀ ਬੰਗਲਾਦੇਸ਼ੀ ਪਰਵਾਸੀਆਂ ਵਜੋਂ ਪੁਸ਼ਟੀ ਹੋਈ ਸੀ। ਬਾਕੀਆਂ ਨੂੰ ਹਾਲਾਂਕਿ ਰਿਹਾਅ ਕਰ ਦਿੱਤਾ ਗਿਆ, ਪਰ ਜਿਹੜਾ ਨੁਕਸਾਨ ਹੋਣਾ ਸੀ, ਉਹ ਪਹਿਲਾਂ ਹੀ ਹੋ ਚੁੱਕਾ ਸੀ। ਇਹ ਗੱਲ ਫੈਲ ਗਈ, ਡਰ ਹੋਰ ਜਿ ?ਆਦਾ ਗਹਿਰਾ ਹੋ ਗਿਆ ਅਤੇ ਸ਼ਹਿਰ ਦੀ ਅਤਿ ਮਹੱਤਵਪੂਰਨ ਪਰ ਆਮ ਤੌਰ ’ਤੇ ਅਦ੍ਰਿਸ਼ ਰਹਿਣ ਵਾਲੀ ਕਿਰਤ ਸ਼ਕਤੀ– ਸਫ਼ਾਈ ਕਰਮਚਾਰੀ, ਘਰੇਲੂ ਕੰਮਕਾਜ ਕਰਨ ਵਾਲੇ ਤੇ ਦਿਹਾੜੀਦਾਰ ਮਜ਼ਦੂਰ– ਰਾਤੋ–ਰਾਤ ਸ਼ਹਿਰ ਵਿੱਚੋਂ ਗਾਇਬ ਹੋ ਗਏ। ਨਜ਼ਰਬੰਦੀ ਕੈਂਪਾਂ ਅਤੇ ਕੇਂਦਰਾਂ ਨੇ ਹੋਰ ਕੁਝ ਨਹੀਂ ਬਲਕਿ ਮਾੜੇ ਰਿਕਾਰਡ ਤੇ ਬਦਸਲੂਕੀ ਦੇ ਡਰ ਨੂੰ ਹੀ ਹੋਰ ਪੱਕਾ ਕੀਤਾ ਹੈ। ਇਹ ਸੰਕਟ ਦੋ ਅਸਹਿਜ ਸਚਾਈਆਂ ਨੂੰ ਉਭਾਰਦਾ ਹੈ। ਪਹਿਲਾ, ਸ਼ਹਿਰੀ ਮੱਧਵਰਗ ਆਪਣੇ ਬੁਨਿਆਦੀ ਕੰਮਾਂ– ਸਾਫ਼ ਸੜਕਾਂ, ਪੱਕੇ ਹੋਏ ਭੋਜਨ, ਨਿਰਮਾਣ ਕਾਰਜਾਂ ਲਈ– ਅਸਥਿਰ ਪਰਵਾਸੀ ਅਰਥਚਾਰੇ ’ਤੇ ਨਿਰਭਰ ਕਰਦਾ ਹੈ ਤੇ ਦੂਜਾ, ਉਹੀ ਅਰਥਚਾਰਾ ਉਦੋਂ ਬੇਰਹਿਮੀ ਨਾਲ ਬੇਅਰਥ ਹੋ ਜਾਂਦਾ ਹੈ ਜਦੋਂ ਰਾਜਨੀਤਕ ਪੈਂਤੜੇਬਾਜ਼ੀ ਜਾਂ ਲੋਕ ਲੁਭਾਉਣੇ ਉਪਾਅ ਕਿਸੇ ਦੀ ਬਲੀ ਮੰਗਦੇ ਹਨ। ਅਣਅਧਿਕਾਰਤ ਪਰਵਾਸੀਆਂ ਅਤੇ ਭਾਰਤੀ ਨਾਗਰਿਕਾਂ ਵਿਚਕਾਰ ਨੈਤਿਕ ਅਤੇ ਕਾਨੂੰਨੀ ਫ਼ਰਕ ਨੂੰ ਬਾਕਾਇਦਾ ਜਾਂਚਿਆ ਜਾਣਾ ਚਾਹੀਦਾ ਹੈ, ਪਰ ਇਸ ਸਬੰਧੀ ਪੂਰਾ ਧਿਆਨ ਰੱਖਿਆ ਜਾਵੇ ਕਿ ਇਹ ਕਾਨੂੰਨੀ ਪ੍ਰਕਿਰਿਆ ਇੱਜ਼ਤ–ਮਾਣ ਅਤੇ ਸ਼ਿਸ਼ਟਾਚਾਰ ਦੀ ਕੀਮਤ ’ਤੇ ਅਮਲ ਵਿੱਚ ਨਾ ਲਿਆਂਦੀ ਜਾਵੇ। ਭਾਸ਼ਾਈ ਜਾਂ ਨਸਲੀ ਪਛਾਣ ’ਤੇ ਆਧਾਰਿਤ ਕਾਰਵਾਈਆਂ ਸਮਾਜਿਕ ਤਾਣੇ–ਬਾਣੇ ਨੂੰ ਖੋਰਾ ਲਾਉਂਦੀਆਂ ਹਨ। ਪਰਵਾਸੀ ਮਜ਼ਦੂਰ ਭਾਵੇਂ ਸਰਹੱਦ ਪਾਰੋਂ ਜਾਂ ਕਿਸੇ ਹੋਰ ਰਾਜ ਤੋਂ ਹੋਣ, ਮਾਨਵੀ ਸਲੂਕ ਦੇ ਹੱਕਦਾਰ ਹਨ; ਸ਼ੱਕ ਦੇ ਨਹੀਂ। ਗੁਰੂਗ੍ਰਾਮ ਪ੍ਰਸ਼ਾਸਨ ਦਾ ਬਾਅਦ ਵਿੱਚ ਕਾਰਵਾਈ ਨੂੰ ਰੋਕਣ ਦਾ ਫ਼ੈਸਲਾ ਸੰਕੇਤ ਕਰਦਾ ਹੈ ਕਿ ਨੁਕਸਾਨ ਘਟਾਉਣ ਦੀ ਕੋਸ਼ਿਸ਼ ਹੋਈ ਹੈ, ਪਰ ਹੋ ਸਕਦਾ ਹੈ ਕਿ ਹੁਣ ਬਹੁਤ ਦੇਰ ਹੋ ਗਈ ਹੋਵੇ। ਜੇ ਸਾਡੇ ਸ਼ਹਿਰ ਕਾਰਜਸ਼ੀਲ ਅਤੇ ਨਿਆਂਸੰਗਤ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਹ ਹਰ ਹਾਲ ਮਹਿਸੂਸ ਕਰਨਾ ਪਵੇਗਾ ਕਿ ਸਲਾਮਤੀ ਮਨੁੱਖਤਾ ਦੀ ਕੀਮਤ ’ਤੇ ਸੰਭਵ ਨਹੀਂ ਹੋ ਸਕਦੀ। ਪਰਵਾਸੀ ਸਮੱਸਿਆ ਨਹੀਂ ਹਨ। ਸਮੱਸਿਆ ਇਹ ਹੈ ਕਿ ਅਜਿਹੇ ਮਾਮਲਿਆਂ ਵਿੱਚ ਵਾਜਬੀਅਤ ਅਤੇ ਪਛਾਣ ਵਿਚਲਾ ਫ਼ਰਕ ਸਮਝਣ ਵਿੱਚ ਉੱਕਾ ਹੀ ਨਾਕਾਮ ਹੋਣਾ। ਇਹ ਬਹੁਤ ਸੰਵੇਦਨਸ਼ੀਲ ਮਸਲੇ ਹਨ, ਇਨ੍ਹਾਂ ਨੂੰ ਸਿਆਸਤ ਦੀ ਤੱਕੜੀ ਵਿੱਚ ਤੋਲਣਾ ਠੀਕ ਨਹੀਂ। ਉਂਝ ਵੀ ਅਜਿਹੇ ਮਾਮਲਿਆਂ ਵਿੱਚ ਸਭ ਤੋਂ ਵੱਧ ਮਾਰ ਹੇਠਲੇ ਤਬਕੇ ਦੇ ਲੋਕਾਂ ਨੂੰ ਪੈਂਦੀ ਹੈ ਜਿਨ੍ਹਾਂ ਨੂੰ ਜੀਵਨ ਦੀ ਭਾਰਤੀ ਗੱਡੀ ਖਿੱਚਣ ਲਈ ਬਹੁਤ ਜੱਦੋਜਹਿਦ ਕਰਨੀ ਪੈਂਦੀ ਹੈ।

# ਸ਼ਹਿਰ ਦੀ ਸਫਾਈ ਲਈ ਕਾਰਪੋਰੇਸ਼ਨ ਨੇ ਸ਼ੁਰੂ ਕੀਤੀ ਵਿਸ਼ੇਸ਼ ਮੁਹਿੰਮ



**ਅੰਮ੍ਰਿਤਸਰ 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰ ਨਗਰ ਨਿਗਮ ਸ੍ਰੀ ਗੁਲਪ੍ਰੀਤ ਸਿੰਘ ਔਲਖ ਵਲੋਂ ਅੰਮ੍ਰਿਤਸਰ ਪੂਰਬੀ ਦੇ ਵਿਧਾਇਕ ਡਾ. ਜੀਵਨਜੋਤ ਕੌਰ , ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿਝਰ ਅਤੇ ਡੇਰਾ ਬਾਬਾ ਭੂਰੀ ਵਾਲਿਆਂ ਦੇ ਬਾਬਾ ਕਸ਼ਮੀਰਾ ਸਿੰਘ ਜੀ ਦੇ ਨਾਲ ਮਿਲ ਕੇ ਅੰਮ੍ਰਿਤਸਰ ਸ਼ਹਿਰ ਦੇ ਚਹ ?ਹ-ਮੁੱਖੀ ਵਿਕਾਸ ਅਤੇ ਸੁੰਦਰੀਕਰਨ ਦਾ ਅੱਜ ਤੱਕ ਦੀ ਸਭ ਤੋ ਵੱਡੀ ਮੁਹਿੰਮ ਅੱਜ ਜੀ.ਟੀ ਰੋਡ ਅੰਮ੍ਰਿਤਸਰ ਦੇ ਮੁੱਖ ਐਂਟਰੀ ਪੁਆਇੰਟ ਗੋਲਡਨ ਗੇਟ ਤੋਂ ਸ਼ੁਰੂ ਕੀਤੀ ਗਈ ।

ਇਹ ਮੁਹਿੰਮ ਅਗਲੇ 7 ਦਿਨ ਸ਼ਹਿਰ ਦੇ ਸਾਰੇ ਇਲਾਕਿਆਂ ਵਿਚ ਲਗਾਤਾਰ ਜਾਰੀ ਰਹੇਗੀ ਅਤੇ ਇਸ ਦਾ ਆਖਰੀ ਪੜਾਅ ਸ਼ ?ਰੀ ਦਰਬਾਰ ਸਾਹਿਬ ਤੱਕ ਜਾ ਕੇ ਖਤਮ ਹੋਵੇਗਾ। ਇਸ ਦਾ ਮੁੱਖ ਮੰਤਵ ਸ਼ਹਿਰ ਵਾਸੀਆਂ ਨੂੰ ਸ਼ਹਿਰ ਦੀ ਸੁੰਦਰਤਾ ਵਧਾਉਣ ਲਈ ਜਾਗਰੂਕ ਕਰਨਾ ਅਤੇ ਵੱਖ-ਵੱਖ ਰਿਹਾਇਸ਼ੀ , ਸਮਾਜ ਸੇਵੀ ਅਤੇ ਹੋਰ ਅਜਿਹੀਆਂ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਇਹ ਸੰਸਥਾਵਾ ਸ਼ਹਿਰ ਦੇ ਵਿਕਾਸ ਲਈ ਯੋਗਦਾਨ ਪਾ ਸਕਣ ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਡਾਕਟਰ ਇੰਦਰਬੀਰ ਸਿੰਘ ਨਿਜਰ ਨੇ ਸ਼ਹਿਰ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸ਼ਹਿਰ ਦੇ ਸਫਾਈ ਲਈ ਅੱਗੇ ਆਉਣ। ਉਹਨਾਂ ਕਿਹਾ ਕਿ ਉਹ ਸ਼ਹਿਰ ਜਿੱਥੇ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਸੰਗਤ ਆਉਂਦੀ ਹੈ, ਨੂੰ ਕੇਵਲ ਕਾਰਪੋਰੇਸ਼ਨ ਸਾਫ ਨਹੀਂ ਕਰ ਸਕਦੀ। ਇਸ ਲਈ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਸ਼ਹਿਰ ਵਿੱਚ ਕੂੜਾ ਕਰਕਟ ਜਨਤਕ ਥਾਵਾਂ ਉੱਤੇ ਨਾ ਸੁੱਟੀਏ।

ਡਾ ਜੀਵਨਜੋਤ ਕੌਰ ਨੇ ਇਸ ਮੌਕੇ ਸ਼ਹਿਰ ਦੀਆਂ ਸਾਰੀਆਂ ਸੰਸਥਾਵਾਂ ਨੂੰ ਅੱਗੇ ਆਉਣ ਦਾ ਸਿੱਧਾ ਦਿੰਦੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਹੈ ਕਿ ਸ਼ਹਿਰ ਦਾ ਚਹੁ-ਮੁੱਖੀ ਵਿਕਾਸ ਹੋਵੇ ਅਤੇ ਸ਼ਹਿਰ ਵਾਸੀ ਇਸ ਸ਼ਹਿਰ ਦੀ ਸੁੰਦਰਤਾ ਨੂੰ ਬਣਾ ਕੇ ਰਖਣ । ਉਹਨਾਂ ਕਿਹਾ ਕਿ ਅਜਿਹੇ ਹੰਭਲੇ ਆਉਣ ਵਾਲੇ ਸਮੇਂ ਵਿਚ ਵੀ ਜਾਰੀ ਰਹਿਣਗੇ ਅਤੇ ਸ਼ਹਿਰ ਸਹੀ ਮਾਇਨੇ ਵਿੱਚ ਸੁੰਦਰ ਸ਼ਹਿਰ ਬਣੇਗਾ । ਉਹਨਾਂ ਦੱਸਿਆ ਕਿ ਇਸ ਮੁਹਿੰਮ ਵਿੱਚ ਨਗਰ ਨਿਗਮ ਦੇ ਹਰ ਇਕ ਵਿਭਾਗ ਵਲੋਂ ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਅੰਜ਼ਾਮ ਦਿਤਾ ਜਾਵੇਗ।

ਇਸ ਮੌਕੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ , ਨਿਗਰਾਨ ਇੰਜੀਨਿਅਰ ਸੰਦੀਪ ਸਿੰਘ, ਕਾਰਜਕਾਰੀ ਇੰਜੀਨਿਅਰਜ , ਸਿਹਤ ਅਫਸਰ ,ਅਸਟੇਟ ਅਫਸਰ , ਸੁਪਰਡੰਟ ਐਡਵਰਟਾਇਜਮੈਂਟ, ਐਸਡੀ.ਓਜ ਜੇਈਜ ਅਤੇ ਹੋਰ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ ।

ਕਮਿਸ਼ਨਰ ਸ੍ਰੀ ਗੁਲਪ੍ਰੀਤ ਸਿੰਘ ਔਲਖ ਨੇ ਦਸਿਆ ਕਿ ਇਸ ਵਿਸ਼ੇਸ਼ ਮੁਹਿੰਮ ਅਧੀਨ ਸਾਫ-ਸਫਾਈ, ਸਿਵਲ ਦੇ ਕੰਮ ਜਿਵੇ ਕਿ ਫੁਟਪਾਥ , ਟੁਟੀਆਂ ਸੜਕਾਂ, ਪੈਚ ਵਰਕ ਸੈਂਟਰਲ ਵਰਜ ਆਦਿ ਦੀ ਰਿਪੇਅਰ, ਬਾਗਬਾਨੀ ਨਾਲ ਸਬੰਧਤ ਸਾਰੇ ਕੰਮ , ਸੜਕਾਂ ਤੇ ਲਗੇ ਮੇਨ ਹੋਲ ਕਵਰ ਦੀ ਰਿਪੇਅਰ , ਡਿਸਿਲਟਿੰਗ ਅਤੇ ਸੀਵਰੇਜ ਕਲੀਨਿੰਗ ਦੇ ਕੰਮ , ਸਟਰੀਟ ਲਾਈਟਾਂ ,ਅਸਟੇਟ ਵਿਭਾਗ ਅਤੇ ਐਡਵਰਟਾਇਜਮੈਂਟ ਵਿਭਾਗ ਵਲੋਂ ਸੜਕਾਂ ਤੇ ਹੋਏ ਨਜਾਇਜ ਕਬਜ਼ੇ ਅਤੇ ਨਜਾਇਜ਼ ਬਿਲ ਬੋਰਡ / ਵਿਗਿਆਪਨ ਦੇ ਬੋਰਡ ਹਟਾਉਣਾ ਆਦਿ ਦੇ ਕੰਮ ਕੀਤੇ ਜਾਣਗੇ । ਉਹਨਾਂ ਕਿਹਾ ਕਿ ਇਹ ਅਭਿਆਨ ਸ਼ਹਿਰ ਦੀਆਂ ਸੰਸਥਾਵਾ ਨੂੰ ਨਾਲ ਲੈ ਕੇ ਰੋਜਾਨਾ ਜਾਰੀ ਰਹੇਗਾ ।

ਉਹਨਾਂ ਕਿਹਾ ਕਿ ਇਸ ਅਭਿਆਨ ਵਿੱਚ ਆਪਣਾ ਯੋਗਦਾਨ ਦੇਣ ਲਈ ਸ਼ਹਿਰ ਦੀਆਂ ਸਾਰੀਆਂ ਸਮਾਜ ਸੇਵੀ , ਵਪਾਰਕ , ਰਿਹਾਇਸ਼ੀ ਅਤੇ ਐਨ.ਜੀ.ਓਜ ਨੂੰ ਵੀ ਸੱਦਾ ਦਿਤਾ ਜਾਂਦਾ ਹੈ।

# ਮਸਜਿਦ ਸਿਕੰਦਰ ਖਾਨ ਵਿਖੇ ਮੁਸਲਿਮ ਭਾਈਚਾਰੇ ਦੀ ਅਹੰਕਾਰਜਨਕ ਮੀਟਿੰਗ, ਮਾਣਿਕ ਅਲੀ ਮੁਸਲਿਮ ਐਸੋਸੀਏਸ਼ਨ ਅੰਮ੍ਰਿਤਸਰ ਦੇ ਮੁਖੀ ਚੁਣੇ ਗਏ



**ਅੰਮ੍ਰਿਤਸਰ 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦੇ ਹਾਲ ਬਾਜ਼ਾਰ ਸਥਿਤ ਮਸਜਿਦ ਸਿਕੰਦਰ ਖਾਨ ਵਿਖੇ ਮੁਸਲਿਮ ਭਾਈਚਾਰੇ ਵੱਲੋਂ ਇਕ ਮਹੱਤਵਪੂਰਨ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਦੀ ਅਗਵਾਈ ਮਜਲਿਸ ਅਹਿਰਾਰ ਦੇ ਮੁਖੀ ਮੌਲਵੀ ਅਬਦੁਲ ਨੂਰ ਵੱਲੋਂ ਕੀਤੀ ਗਈ।

ਉਕਤ ਮੀਟਿੰਗ ਵਿੱਚ ਸ਼ਹਿਰ ਦੀਆਂ ਵੱਖ ਵੱਖ ਮਸਜਿਦਾਂ ਦੇ ਇਮਾਮਾਂ, ਮੁਤਵੱਲੀਆਂ ਅਤੇ ਸਮਾਜਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਭਾਗ ਲਿਆ। ਮੀਟਿੰਗ ਵਿੱਚ ਭਾਈਚਾਰੇ ਦੀ ਇਕਤਾ, ਸਮਾਜਿਕ ਮਸਲਿਆਂ, ਨੌਜਵਾਨੀ ਦੀ ਦਿਸ਼ਾ ਅਤੇ ਧਾਰਮਿਕ ਢਾਂਚਿਆਂ ਦੀ ਮਜ਼ਬੂਤੀ ਸਬੰਧੀ ਵਿਚਾਰ-ਵਟਾਂਦਰਾ ਹੋਇਆ।

ਇਸ ਮੀਟਿੰਗ ਦੌਰਾਨ ਮੁਸਲਿਮ ਐਸੋਸੀਏਸ਼ਨ ਅੰਮ੍ਰਿਤਸਰ ਦੇ ਨਵੇਂ ਅਹੁਦਿਆਂ ਲਈ ਚੋਣ ਕਰਵਾਈ ਗਈ, ਜਿਸ ਦੌਰਾਨ ਮਾਣਿਕ ਅਲੀ ਨੂੰ ਸਰਬਸੰਮਤੀ ਨਾਲ ਮੁਖੀ ਚੁਣਿਆ ਗਿਆ। ਨਾਲ ਹੀ:

ਅੱਬਾਸ ਰਜ਼ਾ ਅਤੇ ਚਮਨ ਖਾਨ ਨੂੰ ਉਪ-ਮੁਖੀ, ਖ਼ੁਰਸ਼ੀਦ ਅਹਿਮਦ ਨੂੰ ਜਨਰਲ ਸਕੱਤਰ, ਤੇ ਜੁਨੇਦ ਖਾਨ ਨੂੰ ਖਜ਼ਾਨਚੀ (ਕੈਸ਼ੀਅਰ) ਨਿਯੁਕਤ ਕੀਤਾ ਗਿਆ। ਮਾਣਿਕ ਅਲੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਭਾਈਚਾਰੇ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਨੇ ਦੱਸਿਆ ਕਿ ਉਹ ਮੁਸਲਿਮ ਭਾਈਚਾਰੇ ਦੀਆਂ ਸਮੱਸਿਆਵਾਂ, ਖ਼ਾਸ ਕਰਕੇ ਮਸਜਿਦਾਂ ਅਤੇ ਇਮਾਮਾਂ ਨਾਲ ਸੰਬੰਧਤ ਮੁੱਦਿਆਂ ਦਾ ਹੱਲ ਲੱਭਣ ਲਈ ਸੰਕਲਪਬੱਧ ਹਨ।

ਮੌਲਵੀ ਅਬਦੁਲ ਨੂਰ ਨੇ ਮਾਣਿਕ ਅਲੀ ਦੀ ਚੋਣ ’ਤੇ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਕਾਫੀ ਸਮੇਂ ਤੋਂ ਸਮਾਜਕ ਸੇਵਾ ਨਾਲ ਜੁੜੇ ਹੋਏ ਹਨ। ਸਾਬਕਾ ਵਕਫ਼ ਬੋਰਡ ਮੈਂਬਰ ਅੱਬਾਸ ਰਜ਼ਾ ਨੇ ਕਿਹਾ ਕਿ ÷ਸਾਡਾ ਲਕਸ਼ ਭਾਰਤ ਦੀ ਏਕਤਾ, ਅਖੰਡਤਾ ਅਤੇ ਪਿੱਛੜੇ ਵਰਗਾਂ ਦੇ ਹੱਕ ਲਈ ਲੜਾਈ ਲੜਨਾ ਹੈ।÷ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਐਸੋਸੀਏਸ਼ਨ ਦੀ ਚੋਣ ਹਰ ਸਾਲ ਹੋਵੇਗੀ ਤਾਂ ਜੋ ਨਵੇਂ ਤੇ ਸਮਰਪਿਤ ਚਿਹਰੇ ਸਾਹਮਣੇ ਆ ਸਕਣ।

ਇਸ ਮੀਟਿੰਗ ਵਿੱਚ ਹਾਜ਼ਰੀ ਭਰਨ ਵਾਲਿਆਂ ਵਿੱਚ ਇਹਨਾਂ ਦਾ ਵੀ ਸ਼ਾਮਲ ਸੀ ਮੌਲਵੀ ਅਬਦੁਲ ਸਬੂਰ (ਇਮਾਮ ਮਸਜਿਦ ਸਿਕੰਦਰ), ਮੌਲਵੀ ਸ਼ਾਹ ਆਲਮ, ਮੌਲਵੀ ਜਵਵਾਦ, ਮੌਲਵੀ ਅਰਸ਼ਦ, ਮਸੀਉਰ ਰਹਮਾਨ, ਜ਼ਿਆਉਰ ਰਹਮਾਨ, ਹਿਫਜ਼ੁਰ ਰਹਮਾਨ, ਇਰਸ਼ਾਦ, ਹਾਫਿਜ਼ ਰਈਸ ਅਹਿਮਦ, ਬਬਲੂ ਮੰਡਲ, ਰਿਜਵਾਨ ਅਹਿਮਦ, ਡਾ. ਮੋਤੀ ਰਹਮਾਨ, ਸਿਕੰਦਰ ਸ਼ੇਖ, ਨਫੀਸ ਅਹਿਮਦ, ਤਾਰੀਕ ਅੰਗਰੇਜ਼, ਮੁਆਜ਼, ਰਾਜੂ, ਹਾਜੀ ਸੈਫੁੱਦੀਨ, ਡਾ. ਨਸੀਮੁੱਦੀਨ ਆਦਿ। ਅੰਤ ਵਿੱਚ ਦੁਆ ਕਰ ਕੇ ਮੀਟਿੰਗ ਦਾ ਸਮਾਪਨ ਕੀਤਾ ਗਿਆ।

# ਮੁੱਖ ਮੰਤਰੀ ਨੇ ਸ਼ਹੀਦ ਏ.ਐਸ.ਆਈ. ਧਨਵੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ

**ਸ਼ਹੀਦ ਭਗਤ ਸਿੰਘ ਨਗਰ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਡਿਊਟੀ ਦੌਰਾਨ ਸ਼ਹੀਦ ਹੋਏ ਏ.ਐਸ.ਆਈ. ਧਨਵੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ।

ਮੁੱਖ ਮੰਤਰੀ ਨੇ ਦੇਸ਼ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਦੇ ਸਤਿਕਾਰ ਵਜੋਂ ਸ਼ਹੀਦ ਏ.ਐਸ.ਆਈ. ਧਨਵੰਤ ਸਿੰਘ ਦੇ ਪਰਿਵਾਰ ਨੂੰ ਚੈੱਕ ਸੌਂਪਿਆ। ਉਨ੍ਹਾਂ ਕਿਹਾ ਕਿ ਏ.ਐਸ.ਆਈ. ਧਨਵੰਤ ਸਿੰਘ ਨੇ 18 ਜਨਵਰੀ, 2025 ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਆਪਣੀ ਡਿਊਟੀ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਸੀ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਨਿਮਾਣੇ ਜਿਹੇ ਉਪਰਾਲੇ ਨਾਲ ਸੂਬੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੁਲਿਸ ਅਫ਼ਸਰ ਦੇ ਅਥਾਹ ਯੋਗਦਾਨ ਪ੍ਰਤੀ ਸ਼ੁਕਰਗੁਜ਼ਾਰ ਪ੍ਰਗਟ ਕਰਦੀ ਹੈ।ਮਾਤ ਭੂਮੀ ਦੀ ਰਾਖੀ ਲਈ ਆਪਣੀ ਜਾਨ




ਕੁਰਬਾਨ ਕਰਨ ਵਾਲੇ ਸੈਨਿਕਾਂ ਦੇ ਪਰਿਵਾਰਾਂ ਦੀ ਮਦਦ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹਨਾਂ ਪਰਿਵਾਰਾਂ ਦੀ ਸਹਾਇਤਾ ਕਰਨਾ ਪੰਜਾਬ ਸਰਕਾਰ ਦਾ ਮੁਢਲਾ ਫਰਜ਼ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਨਾਇਕਾਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਸੂਬਾ ਸਰਕਾਰ ਦਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਪ੍ਰਤੀ ਸੁਹਿਰਦ ਯਤਨ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਉਪਰਾਲਾ ਜਿੱਥੇ ਪਰਿਵਾਰ ਨੂੰ ਧਰਵਾਸ ਦੇਵੇਗਾ, ਉੱਥੇ ਹੀ ਭਵਿੱਖ ਨੂੰ ਸੁਰੱਖਿਅਤ ਬਣਾਏਗਾ। ਉਨ੍ਹਾਂ ਕਿਹਾ ਕਿ ਇਹ ਕਦਮ ਨੌਜਵਾਨਾਂ ਨੂੰ ਆਪਣੀ ਮਾਤ ਭੂਮੀ ਦੀ ਸੇਵਾ ਕਰਨ ਲਈ ਹਥਿਆਰਬੰਦ ਸੈਨਾਵਾਂ ਅਤੇ ਪੰਜਾਬ ਪੁਲਿਸ ਵਿੱਚ ਜਾਣ ਲਈ ਵੀ ਉਤਸ਼ਾਹਿਤ ਕਰੇਗਾ।

# ਸੰਤ ਆਰਤੀ ਦੇਵਾ ਜੀ ਮਹਾਰਾਜ ਅਤੇ ਸਮਾਜ ਸੇਵਕ ਕਮਲ ਕੁਮਾਰ ਵੱਲੋਂ ‘ਖੁਸ਼ੀਆਂ ਦੀ ਮਹਿਕਦੀ ਫੁਲਵਾਰੀ’ ਨੂੰ ਸਹਾਇਤਾ ਸਮੱਗਰੀ ਭੇਂਟ

**ਅੰਮ੍ਰਿਤਸਰ 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵਾ ਦੇ ਖੇਤਰ ਵਿੱਚ ਨਿੱਖਰਦਾ ਇੱਕ ਹੋਰ ਮਿਸਾਲ ਦੇਂਦਿਆਂ ਸੰਤ ਸਰੂਪ ਆਰਤੀ ਦੇਵਾ ਜੀ ਮਹਾਰਾਜ ਅਤੇ ਪ੍ਰਸਿੱਧ ਸਮਾਜ ਸੇਵਕ ਸ਼੍ਰੀ ਕਮਲ ਕੁਮਾਰ ਵੱਲੋਂ ਬੱਚਿਆਂ ਦੀ ਭਲਾਈ ਲਈ ਕੰਮ ਕਰ ਰਹੀ ਸੰਸਥਾ ‘ਖੁਸ਼ੀਆਂ ਦੀ ਮਹਿਕਦੀ ਫੁਲਵਾਰੀ’ ਨੂੰ ਕੀਮਤੀ ਸਮੱਗਰੀ ਵਜੋਂ 5 ਕੰਪਿਊਟਰ, 4 ਪੱਖੇ, ਲਿਖਾਈ ਸਮੱਗਰੀ (ਕਾਪੀਆਂ, ਪੈਨਸਲਾਂ) ਅਤੇ ਖਾਣ-ਪੀਣ ਦਾ ਸਮਾਨ ਭੇਂਟ ਕੀਤਾ ਗਿਆ।

f ਇਹ ਸਮਾਰੋਹ ਬੜੀ ਹੀ ਸਾਧਗੀ ਅਤੇ ਭਾਵਨਾਤਮਕ ਮਾਹੌਲ ਵਿੱਚ ਮਨਾਇਆ ਗਿਆ। ਇਸ ਮੌਕੇ ਉੱਤੇ ਸੰਸਥਾ ਦੇ ਮੁਖੀ ਸ. ਰਾਜਵੰਤ ਸਿੰਘ ਰਾਣਾ ਜੀ ਨੇ ਦੋਨੋਂ ਮਹਿਮਾਨਾਂ ਦਾ ਸਨਮਾਨ ਕਰਦਿਆਂ ਉਨ੍ਹਾਂ ਦੀ ਸਮਾਜਿਕ ਭੂਮਿਕਾ ਦੀ ਭਰਪੂਰ ਸਿਰਾਹਣਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਸਹਾਇਤਾ ਨਾ ਸਿਰਫ਼



ਬੱਚਿਆਂ ਦੀ ਵਧ ਰਹੀ ਜ਼ਰੂਰਤ ਨੂੰ ਪੂਰਾ ਕਰੇਗੀ, ਸਗੋਂ ਉਨ੍ਹਾਂ ਦੇ ਭਵਿੱਖ ਨੂੰ ਸਵਾਰਣ ਵਿੱਚ ਵੀ ਮਦਦਗਾਰ ਸਾਬਤ ਹੋਵੇਗੀ।

ਸੰਤ ਸਰੂਪ ਆਰਤੀ ਦੇਵਾ ਜੀ ਮਹਾਰਾਜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ “ਸੇਵਾ, ਭਗਤੀ ਦਾ ਸਭ ਤੋਂ ਉੱਚਾ ਰੂਪ ਹੈ। ਅਸੀਂ ਆਪਣੇ ਜੀਵਨ ਦਾ ਉਦੇਸ਼ ਉਹਨਾਂ ਦੀ ਮਦਦ ਬਣਾਈਏ ਜੋ ਅੱਜ ਵੀ ਬੁਨਿਆਦੀ ਸੁਵਿਧਾਵਾਂ ਤੋਂ ਵੰਚਿਤ ਹਨ।

ਸਮਾਜ ਸੇਵਕ ਕਮਲ ਕੁਮਾਰ ਨੇ ਵੀ ਆਪਣੀ ਵਚਨਬੱਧਤਾ ਦਿਖਾਉਂਦਿਆਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਯੋਗਦਾਨ ਦੇਣ ਦੀ ਘੋਸ਼ਣਾ ਕੀਤੀ। ਇਸ ਉਪਰਾਲੇ ਨੇ ਇਹ ਦਰਸਾ ਦਿੱਤਾ ਕਿ ਜਦੋਂ ਸੰਤ ਜਨ ਅਤੇ ਸਮਾਜ ਸੇਵਕ ਇਕੱਠੇ ਹੋ ਕੇ ਚੱਲਦੇ ਹਨ ਤਾਂ ਸਮਾਜ ਵਿੱਚ ਨਵੀਂ ਉਮੀਦ ਜਨਮ ਲੈਂਦੀ ਹੈ।

# ਦੁਸਹਿਰਾ ਮਨਾਉਣ ਲਈ ਤਿਆਰੀਆਂ ਨੂੰ ਲੈ ਕੇ ਦੁਸਹਿਰਾ ਕਮੇਟੀ ਖਰੜ ਵਲੋਂ ਕੀਤੀ ਮੀਟਿੰਗ



**ਖਰੜ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਸਹਿਰਾ ਕਮੇਟੀ ਖਰੜ ਦੀ ਮੀਟਿੰਗ ਪਰਸੂ ਰਾਮ ਭਵਨ ਖਰੜ ਵਿਖੇ ਕਮਲ ਕਿਸ਼ੋਰ ਸ਼ਰਮਾ ਦੀ ਅਗਵਾਈ ਵਿਚ ਹੋਈ। ਜਿਸ ਵਿਚ 2 ਅਕਤੂਬਰ ਨੂੰ ਦੁਸਹਿਰੇ ਦਾ ਤਿਉਹਾਰ ਮਨਾਉਣ ਅਤੇ ਸੁੰਦਰ ਝਾਕੀਆਂ ਕੱਢਣ ਲਈ ਵਿਚਾਰ ਵਿਟਾਦਰਾਂ ਕੀਤਾ ਗਿਆ ਅਤੇ ਵੱਖ ਵੱਖ ਕੰਮਾਂ ਲਈ ਕਮੇਟੀ ਦੇ ਅਹੁੱਦੇਦਾਰਾਂ ਅਤੇ ਮੈਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।

ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆ ਕਮੇਟੀ ਪ੍ਰਧਾਨ ਕਮਲ ਕਿਸੋਰ ਸ਼ਰਮਾ ਨੇ ਦਸਿਆ ਕਿ 2 ਸਤੰਬਰ ਨੂੰ ਭਗਵਾਨ ਸੰਕਟ ਮੋਚਨ ਸ੍ਰੀ ਹਨੂੰਮਾਨ ਦੀ ਸੋਭਾ ਯਾਤਰਾ ਕੱਢੀ ਜਾਵੇਗੀ ਜੋ 3 ਵਜੇ ਪਰਸੂ ਰਾਮ ਭਵਨ ਖਰੜ ਤੋਂ ਆਰੰਭ ਹੋ ਕੇ ਖਰੜ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ,ਮੁਹੱਲਿਆਂ ਨੂੰ ਹੁੰਦੀ ਹੋਈ ਪਰਸੂ ਰਾਮ ਭਵਨ ਖਰੜ ਵਿਖੇ ਸਮਾਪਤ ਹੋਵੇਗੀ।

ਉਨ੍ਹਾਂ ਦਸਿਆ ਕਿ ਦੁਸਾਹਿਰੇ ਦੇ ਤਿਉਹਾਰ ਨੂੰ ਸਮਰਪਿਤ ਪਹਿਲੀ ਸੋਭਾ ਯਾਤਰਾ 24 ਸਤੰਬਰ, ਦੂਸਰੀ ਸੋਭਾ ਯਾਤਰਾ 30 ਸਤੰਬਰ ਤੇ ਤੀਸਰੀ ਸੋਭਾ ਯਾਤਰਾ 2 ਅਕਤੂਬਰ ਨੂੰ ਦੁਸਾਹਿਰੇ ਵਾਲੇ ਦਿਨ ਕੱਢੀ ਜਾਵੇਗੀ।

ਇਨ੍ਹਾਂ ਸੋਭਾ ਯਾਤਰਾ ਵਿਚ ਹਰ ਸਾਲ ਦੀ ਤਰ੍ਹਾਂ ਸੁੰਦਰ ਝਾਕੀਆਂ ਹੋਣਗੀਆਂ। ਉਨ੍ਹਾਂ ਦਸਿਆ ਕਿ 27 ਸਤੰਬਰ ਨੂੰ ਇੱਕ ਲੋੜਵੰਦ ਪਰਿਵਾਰ ਦੀ ਲੜਕੀ ਦਾ ਵਿਆਹ ਵੀ ਕੀਤਾ ਜਾਵੇਗਾ।

ਮੀਟਿੰਗ ਵਿਚ ਸੁਭਾਸ਼ ਸ਼ਰਮਾ,ਪਰਮਜੀਤ ਸਿੰਘ, ਕਾਲਾ ਸਿੰਘ ਸੈਣੀ, ਗੁਰਮੁੱਖ ਸਿੰਘ ਮਾਨ ਡਾ.ਸੁਰਿੰਦਰ, ਪਰਦੀਪ ਕੁਮਾਰ ਬਿੱਟੂ, ਸੰਜੇ ਕੁਮਾਰ, ਕੁਨਾਲ ਸ਼ਰਮਾ, ਸਤੀਸ਼ ਜੈਨ, ਮੋਟੀ ਸ਼ਰਮਾ, ਸਮੇਤ ਹੋਰ ਅਹੁੱਦੇਦਾਰ ਹਾਜ਼ਰ ਸਨ।

# 108 ਐਂਬੂਲੈਂਸ ਸੇਵਾ ਨੇ 21,000 ਤੋਂ ਵੱਧ ਮਰੀਜ਼ਾਂ ਦੀਆਂ ਜਾਨਾਂ ਬਚਾਈਆਂ, ਐਂਬੂਲੈਂਸਾਂ ਵਿੱਚ 248 ਗੰਭੀਰ ਜਣੇਪੇ ਸਫਲਤਾਪੂਰਵਕ ਕੀਤੇ ਗਏ




**ਅੰਮ੍ਰਿਤਸਰ 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੈਨਪਲੱਸ ਪ੍ਰਾਈਵੇਟ ਲਿਮਟਿਡ ਦੁਆਰਾ ਚਲਾਈ ਜਾ ਰਹੀ 108 ਐਮਰਜੈਂਸੀ ਰਿਸਪਾਂਸ ਸੇਵਾ ਪੰਜਾਬ ਦੇ ਲੋਕਾਂ ਲਈ ਇੱਕ ਮਹੱਤਵਪੂਰਨ ਜੀਵਨ ਰੇਖਾ ਬਣੀ ਹੋਈ ਹੈ। ਜਨਵਰੀ 2024 ਅਤੇ ਜੂਨ 2025 ਦਰਮਿਆਨ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ 21,560 ਤੋਂ ਵੱਧ ਐਮਰਜੈਂਸੀ ਕੇਸਾਂ ਨੂੰ ਸਫਲਤਾਪੂਰਵਕ ਸੰਭਾਲਿਆ ਗਿਆ। ਇਹ ਅੰਕੜੇ 108 ਐਂਬੂਲੈਂਸ ਨੈੱਟਵਰਕ ਦੀ ਪਹੁੰਚ, ਪ੍ਰਭਾਵਸ਼ੀਲਤਾ ਅਤੇ ਵਿਸ਼ਵਾਸ ਨੂੰ ਦਰਸਾਉਂਦੇ ਹਨ ਜੋ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੇ ਲੋਕਾਂ ਦੀ ਇਸ ਸੇਵਾ ’ਤੇ ਹੈ।ਇਸ ਸਮੇਂ ਦੌਰਾਨ, ਰਾਜ ਭਰ ਵਿੱਚ ਐਂਬੂਲੈਂਸਾਂ ਵਿੱਚ ਕੁੱਲ 248 ਗੰਭੀਰ ਜਣੇਪੇ ਕੀਤੇ ਗਏ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਗਿਣਤੀ ਅੰਮ੍ਰਿਤਸਰ (22), ਬਠਿੰਡਾ (21), ਲੁਧਿਆਣਾ (15) ਅਤੇ ਗੁਰਦਾਸਪੁਰ (13) ਤੋਂ ਦਰਜ ਕੀਤੀ ਗਈ। ਇਹ ਜਣੇਪੇ ਐਂਬੂਲੈਂਸ ਸਟਾਫ ਦੀ ਜਲਦੀ ਅਤੇ ਵਿਸ਼ਵਾਸ ਦਾ ਪ੍ਰਮਾਣ ਹਨ, ਜੋ ਸਮੇਂ ਸਿਰ ਅਤੇ ਤਣਾਅਪੂਰਨ ਸਥਿਤੀਆਂ ਵਿੱਚ ਮਾਵਾਂ ਅਤੇ ਨਵਜੰਮੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਅਜਿਹੀਆਂ ਸਥਿਤੀਆਂ ਵਿੱਚ, ਅਤੇ ਸਿਖਲਾਈ ਪ੍ਰਾਪਤ ਡਰਾਈਵਰਾਂ ਵਿਚਕਾਰ ਤਾਲਮੇਲ ਐਮਰਜੈਂਸੀ ਸਥਿਤੀਆਂ ਵਿੱਚ ਸਿਸਟਮ ਦੀ ਤਿਆਰੀ ਨੂੰ ਦਰਸਾਉਂਦਾ ਹੈ।ਸੇਵਾ ਦੀ ਪਹੁੰਚ ਨੂੰ ਵਧਾਉਣ ਅਤੇ ਪ੍ਰਤੀਕਿਰਿਆ ਸਮਾਂ ਘਟਾਉਣ ਲਈ, ਅੰਮ੍ਰਿਤਸਰ ਜ਼ਿਲ੍ਹੇ ਵਿੱਚ 26 ਐਂਬੂਲੈਂਸ ਬੇਸ ਪੁਆਇੰਟ ਜੋੜੇ ਗਏ ਹਨ - 19 ਪੇਂਡੂ ਖੇਤਰਾਂ ਵਿੱਚ ਅਤੇ 7 ਸ਼ਹਿਰੀ ਖੇਤਰਾਂ ਵਿੱਚ। ਮੁੱਖ ਸਥਾਨਾਂ ਵਿੱਚ ਸੀਐਚਸੀ ਮਹਿਤਾ, ਗੁਰਦੁਆਰਾ ਸਾਹਿਬ ਬਾਬਾ ਬਕਾਲਾ, ਪੀਐਚਸੀ ਅਟਾਰੀ ਅਤੇ ਸਿਵਲ ਹਸਪਤਾਲ ਅੰਮ੍ਰਿਤਸਰ ਸ਼ਾਮਲ ਹਨ, ਜਿਨ੍ਹਾਂ ਨੂੰ ਰਣਨੀਤਕ ਤੌਰ ’ਤੇ ਦੂਰ-ਦੁਰਾਡੇ ਅਤੇ ਘੱਟ ਸੇਵਾ ਵਾਲੇ ਖੇਤਰਾਂ ਵਿੱਚ ਵੀ ਸਹੂਲਤ ਨੂੰ ਪਹੁੰਚਯੋਗ ਬਣਾਉਣ ਲਈ ਚੁਣਿਆ ਗਿਆ ਸੀ।ਇਸ ਵੇਲੇ, ਅੰਮ੍ਰਿਤਸਰ ਵਿੱਚ 25 ਬੇਸਿਕ ਲਾਈਫ ਸਪੋਰਟ ਐਂਬੂਲੈਂਸਾਂ ਅਤੇ 1 ਐਡਵਾਂਸਡ ਲਾਈਫ ਸਪੋਰਟ ਐਂਬੂਲੈਂਸ ਤਾਇਨਾਤ ਹਨ, ਜੋ ਐਮਰਜੈਂਸੀ ਦੀ ਗੰਭੀਰਤਾ ਦੇ ਅਨੁਸਾਰ ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕਰਦੀਆਂ ਹਨ।

ਇਹ ਵਾਹਨ ਮੋਬਾਈਲ ਜੀਵਨ-ਰੱਖਿਅਕ ਕੇਂਦਰਾਂ ਵਜੋਂ ਕੰਮ ਕਰਦੇ ਹਨ, ਜੋ ਮਰੀਜ਼ਾਂ ਨੂੰ ਸਥਿਰ ਕਰਨ ਅਤੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਸ਼ੁਰੂਆਤੀ ਇਲਾਜ ਪ੍ਰਦਾਨ ਕਰਨ ਦੇ ਸਮਰੱਥ ਹਨ।ਜਨਵਰੀ 2024 ਤੋਂ ਜੂਨ 2025 ਦਰਮਿਆਨ ਕੁੱਲ 8,794 ਮੈਡੀਕਲ ਐਮਰਜੈਂਸੀ, 5,462 ਗਰਭ ਅਵਸਥਾ ਨਾਲ ਸਬੰਧਤ ਮਾਮਲੇ, 492 ਹੋਰ ਐਮਰਜੈਂਸੀ ਦਰਜ ਕੀਤੀਆਂ ਗਈਆਂ।

# ਬਾਹਮਣਵਾਲਾ ਕਤਲ ਕਾਂਡ: ਫਰੀਦਕੋਟ ਪੁਲਿਸ ਵੱਲੋਂ ਮੁਠਭੇੜ ਦੌਰਾਨ ਮੁੱਖ ਮੁਲਜ਼ਮ ਗ੍ਰਿਫ਼ਤਾਰ

## ਗੋਲੀਬਾਰੀ ਦੌਰਾਨ ਬੰਬੀਹਾ ਗੈਂਗ ਨਾਲ ਸਬੰਧਤ ਮੁਲਜ਼ਮ ਚਿੰਕੀ ਹੋਇਆ ਜ਼ਖ਼ਮੀ

**ਫਰੀਦਕੋਟ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਬੀਰ ਸਿੱਖਵਾਲਾ ਨੇੜੇ ਮੁਠਭੇੜ ਦੌਰਾਨ ਬਾਹਮਣਵਾਲਾ ਕਤਲ ਕਾਂਡ ਦੇ ਮੁੱਖ ਮੁਲਜ਼ਮ ਨੂੰ ਕਾਬੂ ਕਰ ਲਿਆ ਹੈ। ਇਸ ਪੁਲੀਸ ਮੁਕਾਬਲੇ ਵਿੱਚ ਮੁਲਜ਼ਮ ਚਿੰਕੀ ਜ਼ਖ਼ਮੀ ਹੋ ਗਿਆ ਸੀ, ਜਿਸਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ ਮੁਲਜ਼ਮ ਚਿੰਕੀ ਦਵਿੰਦਰ ਬੰਬੀਹਾ ਗੈਂਗ ਦੇ ਫ਼ਰਾਰ ਵਿਦੇਸ਼ੀ ਗੈਂਗਸਟਰ ਗੌਰਵ ਉਰਫ਼ ਲੱਕੀ ਪਟਿਆਲ ਦਾ ਸਾਥੀ ਸੀ।

ਐੱਸਐੱਸਪੀ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ 22 ਜੁਲਾਈ ਨੂੰ ਮੁਹਾਲੀ ਦੇ ਯਾਦਵਿੰਦਰ ਸਿੰਘ ਨੂੰ ਤਿੰਨ ਮੋਟਰਸਾਈਕਲ ਸਵਾਰਾਂ ਨੇ ਗੋਲੀ ਮਾਰ ਦਿੱਤੀ ਸੀ, ਜਦੋਂ ਉਹ ਆਪਣੇ ਸਾਥੀ ਜੀਵਨਜੋਤ ਚਾਹਲ ਉਰਫ਼ ਜੁਗਨੂੰ ਨਾਲ ਬਾਹਮਣਵਾਲਾ ਪਿੰਡ ਵਿੱਚ ਇੱਕ ਧਾਰਮਿਕ ਸਮਾਗਮ ਤੋਂ ਵਾਪਸ ਜਾ ਰਿਹਾ ਸੀ। ਇਸ ਤੋਂ ਪਹਿਲਾਂ 27 ਜੁਲਾਈ ਨੂੰ ਚਿੰਕੀ ਅਤੇ ਉਸਦੇ ਸਾਥੀ ਸੂਰਜ ਕੁਮਾਰ



ਨੂੰ ਸਿਰਸਾ (ਹਰਿਆਣਾ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਇੱਕ ਫਾਲੋ-ਅੱਪ ਆਪਰੇਸ਼ਨ ਦੌਰਾਨ ਜਦੋਂ ਪੁਲੀਸ ਚਿੰਕੀ ਨੂੰ ਅਪਰਾਧ ਵਿੱਚ ਵਰਤੀ ਗਈ ਮੋਟਰਸਾਈਕਲ ਬਰਾਮਦ ਕਰਨ ਲਈ ਲੈ ਕੇ ਗਈ ਤਾਂ ਉਸ ਨੇ ਕਥਿਤ ਤੌਰ ’ਤੇ ਨੇੜਲੀਆਂ ਝਾੜੀਆਂ ਵਿੱਚ ਲੁਕਾਏ ਹੋਏ 32 ਬੋਰ ਪਿਸਤੌਲ ਨਾਲ ਪੁਲੀਸ ਪਾਰਟੀ ’ਤੇ ਗੋਲੀਬਾਰੀ ਕਰ ਦਿੱਤੀ। ਪੁਲੀਸ ਦੀ ਜਵਾਬੀ ਕਾਰਵਾਈ ਵਿੱਚ ਮੁਲਜ਼ਮ ਚਿੰਕੀ ਜ਼ਖ਼ਮੀ ਹੋ ਗਿਆ। ਪੁਲੀਸ ਨੇ ਮੌਕੇ ਤੋਂ ਹਥਿਆਰ, ਦੋ ਜ਼ਿੰਦਾ ਕਾਰਤੂਸ ਅਤੇ ਮੋਟਰਸਾਈਕਲ ਵੀ ਬਰਾਮਦ ਕੀਤਾ।ਕੋਟਕਪੂਰਾ ਸਿਟੀ ਪੁਲੀਸ ਸਟੇਸ਼ਨ ਵਿਖੇ ਮੁਲਜ਼ਮ ਉੱਤੇ ਬੀਐਨਐਸ ਦੀ ਧਾਰਾ 103(1),109,61(2) ਅਤੇ ਅਸਲਾ ਐਕਟ ਦੀ ਧਾਰਾ 25/27/54/59 ਤਹਿਤ ਮਾਮਲਾ ਪਹਿਲਾਂ ਹੀ ਦਰਜ ਹੈ।

ਦੱਸ ਦਈਏ ਕਿ ਜੀਵਨਜੋਤ ਸਿੰਘ ਚਾਹਲ ਉਰਫ਼ ਜੁਗਨੂੰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਮੁੱਖ ਦੋਸ਼ੀ ਸੀ। ਪੁਲੀਸ ਦੇ ਸੂਤਰਾਂ ਨੇ ਦੱਸਿਆ ਕਿ 22 ਜੁਲਾਈ ਨੂੰ ਹੋਇਆ ਹਮਲਾ ਉਸ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ। ਹਾਲਾਂਕਿ ਉਹ ਇਸ ਹਮਲੇ ਵਿੱਚ ਵਾਲ ਵਾਲ ਬਚ ਗਿਆ, ਪਰ ਉਸਦੇ ਡਰਾਈਵਰ ਯਾਦਵਿੰਦਰ ਸਿੰਘ ਦੀ ਇਸ ਹਮਲੇ ਵਿੱਚ ਮੌਕੇ ’ਤੇ ਹੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਹਾਲਾਂਕਿ ਧਾਰਮਿਕ ਸਮਾਗਮ ਵਿੱਚ ਜਾਣ ਤੋਂ ਪਹਿਲਾਂ ਮੌਕੇ ’ਤੇ ਵਾਹਨ ਬਦਲ ਦਿੱਤਾ ਗਿਆ ਸੀ।

ਚਾਹਲ ਨੇ ਦੱਸਿਆ, ਸ਼ੁਰੂ ਵਿੱਚ ਮੈਨੂੰ ਆਪਣੀ ਕਾਰ ਵਿੱਚ ਡਰਾਈਵਰ ਦੇ ਨਾਲ ਬਿਠਾਇਆ ਗਿਆ ਸੀ, ਪਰ ਮੇਰੇ ਚਾਚੇ ਨੇ ਬੇਨਤੀ ਕੀਤੀ ਕਿ ਮੈਂ ਉਸਦੇ ਨਾਲ ਯਾਤਰਾ ਕਰਾਂ। ਮੈਂ ਰਵਾਨਗੀ ਤੋਂ ਠੀਕ ਪਹਿਲਾਂ ਵਾਹਨ ਬਦਲ ਦਿੱਤਾ। ਜਿਵੇਂ ਹੀ ਚਾਰ ਤੋਂ ਪੰਜ ਕਾਰਾਂ ਦੇ ਸਾਡੇ ਕਾਫਲੇ ਨੇ ਵਾਪਸੀ ਦੀ ਯਾਤਰਾ ਸ਼ੁਰੂ ਕੀਤੀ, ਤਿੰਨ ਬਾਈਕ ਸਵਾਰ ਹਮਲਾਵਰਾਂ ਨੇ ਉਸ ਕਾਰ ’ਤੇ ਗੋਲੀਬਾਰੀ ਕਰ ਦਿੱਤੀ ਜਿਸ ਵਿੱਚ ਮੈਂ ਹੋਣਾ ਸੀ। ਇਸ ਦੌਰਾਨ ਮੇਰਾ ਡਰਾਈਵਰ ਤੁਰੰਤ ਮਾਰਿਆ ਗਿਆ।

ਇਹ ਹਮਲਾ ਉਸ ਸਮੇਂ ਹੋਇਆ ਜਦੋਂ ਚਾਹਲ ਕੋਟਕਪੂਰਾ ਨੇੜੇ ਪਿੰਡ ਬਾਹਮਣਵਾਲਾ ਦੇ ਇੱਕ ਗੁਰਦੁਆਰੇ ਵਿੱਚ ਆਪਣੇ ਦਾਦਾ ਜੀ ਦੇ ਭੋਗ ਤੋਂ ਵਾਪਸ ਆ ਰਿਹਾ ਸੀ। ਇਹ ਪਹਿਲੀ ਵਾਰ ਨਹੀਂ ਹੋਇਆ, ਜਦੋਂ ਚਾਹਲ ਸੁਰਖੀਆਂ ਵਿੱਚ ਆਇਆ ਹੋਵੇ। ਇਸ ਸਾਲ ਅਪਰੈਲ ਵਿੱਚ ਉਸ ਨੂੰ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ’ਤੇ ਦੇਸ਼ ਛੱਡ ਕੇ ਭੱਜਣ ਦੀ ਕੋਸ਼ਿਸ਼ ਕਰਦੇ ਸਮੇਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਉਸਨੂੰ ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਸ਼ਿਕਾਇਤ ਤੋਂ ਬਾਅਦ ਮਾਨਸਾ ਪੁਲੀਸ ਵੱਲੋਂ ਜਾਰੀ ਗਏ ਲੁੱਕ ਆਊਟ ਸਰਕੂਲਰ (LoC) ਦੇ ਆਧਾਰ ’ਤੇ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ।

# ਪ੍ਰਧਾਨ ਮੰਤਰੀ, ਵਿੱਤ ਮੰਤਰੀ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ ਭਾਰਤ ਦੀ ਆਰਥਿਕਤਾ 'ਮਰੀ ਹੋਈ' ਹੈ: ਰਾਹੁਲ ਗਾਂਧੀ

**ਨਵੀਂ ਦਿੱਲੀ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ ਭਾਰਤ ਇੱਕ ਮਰੀ ਹੋਈ ਆਰਥਿਕਤਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਭਾਰਤ ਦੀਆਂ ਆਰਥਿਕ, ਰੱਖਿਆ ਅਤੇ ਵਿਦੇਸ਼ ਨੀਤੀਆਂ ਨੂੰ ਤਬਾਹ ਕਰ ਦਿੱਤਾ ਹੈ।

ਸੰਸਦ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਾਂਧੀ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕਾ ਨਾਲ ਵਪਾਰਕ ਸੌਦਾ ਹੋਵੇਗਾ ਅਤੇ ਟਰੰਪ ਇਸ ਨੂੰ ਪਰਿਭਾਸ਼ਿਤ ਕਰਨਗੇ, ਜਦੋਂ ਕਿ ਪ੍ਰਧਾਨ ਮੰਤਰੀ ਮੋਦੀ ਉਹੀ ਕਰਨਗੇ ਜੋ ਅਮਰੀਕੀ ਰਾਸ਼ਟਰਪਤੀ ਉਨ੍ਹਾਂ ਨੂੰ ਕਰਨ ਲਈ ਕਹਿਣਗੇ। ਗਾਂਧੀ ਦੀਆਂ



ਇਹ ਟਿੱਪਣੀਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ 'ਤੇ 25 ਫੀਸਦੀ ਟੈਕਸ ਅਤੇ ਜੁਰਮਾਨੇ ਲਗਾਉਣ ਅਤੇ ਭਾਰਤ ਤੇ ਰੂਸ ਨੂੰ ਮਰੀਆਂ ਹੋਈਆਂ ਅਰਥਵਿਵਸਥਾਵਾਂ ਕਹਿਣ ਤੋਂ ਬਾਅਦ ਆਈਆਂ ਹਨ।

ਭਾਰਤੀ ਅਰਥਵਿਵਸਥਾ ਬਾਰੇ ਟਰੰਪ ਦੀ ਆਲੋਚਨਾ ਬਾਰੇ ਪੁੱਛੇ ਜਾਣ 'ਤੇ ਗਾਂਧੀ ਨੇ ਕਿਹਾ, "ਉਹ ਸਹੀ ਹਨ, ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਛੱਡ ਕੇ ਇਹ ਗੱਲ ਹਰ ਕੋਈ ਜਾਣਦਾ ਹੈ। ਹਰ ਕੋਈ ਜਾਣਦਾ ਹੈ ਕਿ ਭਾਰਤੀ ਅਰਥਵਿਵਸਥਾ ਇੱਕ ਮਰੀ ਹੋਈ ਆਰਥਿਕਤਾ ਹੈ। ਮੈਨੂੰ ਖੁਸ਼ੀ ਹੈ ਕਿ ਰਾਸ਼ਟਰਪਤੀ ਟਰੰਪ ਨੇ ਇੱਕ ਤੱਥ ਅਧਾਰਤ ਬਿਆਨ ਕੀਤਾ ਹੈ।"

ਗਾਂਧੀ ਨੇ ਦੋਸ਼ ਲਾਇਆ ਕਿ ਭਾਜਪਾ ਨੇ ਅਰਬਪਤੀ ਗੌਤਮ ਅਡਾਨੀ ਦੀ ਮਦਦ ਕਰਨ ਲਈ ਭਾਰਤੀ ਅਰਥਵਿਵਸਥਾ ਨੂੰ ਤਬਾਹ ਕਰ ਦਿੱਤਾ ਹੈ।

ਉਨ੍ਹਾਂ ਕਿਹਾ, "ਵਿਦੇਸ਼ ਮੰਤਰੀ ਭਾਸ਼ਣ ਦਿੰਦੇ ਹਨ ਕਿ ਸਾਡੀ ਵਿਦੇਸ਼ ਨੀਤੀ ਬਹੁਤ ਸ਼ਾਨਦਾਰ ਹੈ। ਇੱਕ ਪਾਸੇ, ਅਮਰੀਕਾ ਤੁਹਾਡਾ ਅਪਮਾਨ ਕਰ ਰਿਹਾ ਹੈ ਅਤੇ ਦੂਜੇ ਪਾਸੇ ਚੀਨ ਪਿੱਛੇ ਪਿਆ ਹੈ ਅਤੇ ਤੀਜਾ, ਜਦੋਂ ਤੁਸੀਂ ਦੁਨੀਆ ਭਰ ਵਿੱਚ ਵਫ਼ਦ ਭੇਜਦੇ ਹੋ ਤਾਂ ਕੋਈ ਵੀ ਦੇਸ਼ ਪਾਕਿਸਤਾਨ ਦੀ ਨਿੰਦਾ ਨਹੀਂ ਕਰਦਾ। ਉਹ ਦੇਸ਼ ਕਿਵੇਂ ਚਲਾ ਰਹੇ ਹਨ? ਉਨ੍ਹਾਂ ਨੂੰ ਦੇਸ਼ ਚਲਾਉਣਾ ਨਹੀਂ ਆਉਂਦਾ।"

# ਮਾਲੇਗਾਓਂ ਬੰਬ ਧਮਾਕੇ ਦੀ ਦੋਸ਼ੀ ਪ੍ਰਗਿਆ ਠਾਕੁਰ, ਕਰਨਲ ਪੁਰੋਹਿਤ ਸਮੇਤ ਪੰਜ ਹੋਰ ਬਰੀ

## ਵਿਸ਼ੇਸ਼ ਐੱਨਆਈਏ ਕੋਰਟ ਨੇ ਕਿਹਾ ਕਿ ਮਹਿਜ਼ ਸ਼ੱਕ ਨੂੰ ਸਜ਼ਾ ਦਾ ਅਧਾਰ ਨਹੀਂ ਮੰਨਿਆ ਜਾ ਸਕਦਾ



**ਨਵੀਂ ਦਿੱਲੀ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ੇਸ਼ ਐੱਨਆਈਏ ਕੋਰਟ ਨੇ ਸਾਬਕਾ ਭਾਜਪਾ ਸੰਸਦ ਮੈਂਬਰ ਪ੍ਰਗਿਆ ਠਾਕੁਰ ਤੇ ਸਾਬਕਾ ਫੌਜੀ ਅਧਿਕਾਰੀ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ ਸਣੇ 7 ਮੁਲਜ਼ਮਾਂ ਨੂੰ 2008 ਮਾਲੇਗਾਓਂ ਧਮਾਕਾ ਕੇਸ ਵਿਚ ਬਰੀ ਕਰ ਦਿੱਤਾ ਹੈ। ਕੋਰਟ ਨੇ ਕਿਹਾ ਕਿ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਦਰਜ ਕੇਸ ਵਿਚ ਮਹਿਜ਼ ਸ਼ੱਕ ਨੂੰ ਸਜ਼ਾ ਦਾ ਅਧਾਰ ਨਹੀਂ ਮੰਨਿਆ ਜਾ ਸਕਦਾ ਹੈ।

ਇਹ ਧਮਾਕਾ ਰਮਜ਼ਾਨ ਦੇ ਪਵਿੱਤਰ ਮਹੀਨੇ 29 ਸਤੰਬਰ 2008 ਦੀ ਰਾਤ ਨੂੰ ਮੁੰਬਈ ਤੋਂ ਕੋਈ 200 ਕਿਲੋਮੀਟਰ ਦੂਰ ਹੋਇਆ ਸੀ। ਧਮਾਕੇ ਵਿਚ ਛੇ ਲੋਕਾਂ ਦੀ ਜਾਨ ਜਾਂਦੀ ਰਹੀ ਸੀ ਜਦੋਂਕਿ 100 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ ਸਨ।

ਜਿਨ੍ਹਾਂ ਮੁਲਜ਼ਮਾਂ ਨੂੰ ਬਰੀ ਕੀਤਾ ਗਿਆ ਹੈ ਉਨ੍ਹਾਂ ਵਿਚ ਭੋਪਾਲ ਤੋਂ ਭਾਜਪਾ ਦੀ ਸਾਬਕਾ ਸੰਸਦ ਮੈਂਬਰ ਪ੍ਰਗਿਆ ਠਾਕੁਰ, ਸਾਬਕਾ ਫੌਜ ਅਧਿਕਾਰੀ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ, ਮੇਜਰ (ਸੇਵਾਮੁਕਤ) ਰਮੇਸ਼ ਉਪਾਧਿਆਏ, ਅਜੈ ਰਾਹੀਕਰ, ਸੁਧਾਕਰ ਦਿਵੇਦੀ, ਸੁਧਾਕਰ ਚਤੁਰਵੇਦੀ ਤੇ ਸਮੀਰ ਕੁਲਕਰਨੀ ਸ਼ਾਮਲ ਹਨ।

ਮੁਲਜ਼ਮਾਂ 'ਤੇ ਸਾਜ਼ਿਸ਼ ਘੜਨ, ਕਤਲ, ਇਰਾਦਾ ਕਤਲ, ਦੋ ਫਿਰਕਿਆਂ 'ਚ ਟਕਰਾਅ ਵਧਾਉਦ ਆਦਿ ਦੋਸ਼ ਆਇਦ ਕੀਤੇ ਗਏ ਸਨ।

### ਮਾਲੇਗਾਓਂ ਫੈਸਲੇ ਨੇ ਕਾਂਗਰਸ ਪਾਰਟੀ ਦੀ ਭਗਵਾ ਅਤਿਵਾਦ ਦੀ ਸਾਜ਼ਿਸ਼ ਨੂੰ ਢਹਿ-ਢੇਰੀ ਕਰ ਦਿੱਤਾ: ਭਾਜਪਾ

**ਨਵੀਂ ਦਿੱਲੀ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੱਤਾਧਾਰੀ ਭਾਜਪਾ ਨੇ ਵੀਰਵਾਰ ਨੂੰ ਮਾਲੇਗਾਓਂ ਧਮਾਕਾ ਮਾਮਲੇ ਵਿੱਚ ਸਾਰੇ ਸੱਤ ਮੁਲਜ਼ਮਾਂ ਨੂੰ ਬਰੀ ਕਰਨ ਵਾਲੇ ਵਿਸ਼ੇਸ਼ ਐੱਨਆਈਏ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਇਸ ਘਟਨਾ ਨੂੰ ਪਾਰਟੀ ਨੇ ਕਾਂਗਰਸ ਦੀ ਹਿੰਦੂ ਅਤੇ ਭਗਵਾ ਅਤਿਵਾਦ ਬਾਰੇ ਸੋਚੀ-ਸਮਝੀ ਸਾਜ਼ਿਸ਼ ਦਾ ਖਾਤਮਾ ਕਰਾਰ ਦਿੱਤਾ ਹੈ।

ਅਦਾਲਤ ਨੇ ਅੱਜ 2008 ਦੇ ਧਮਾਕੇ ਦੇ ਮਾਮਲੇ ਵਿੱਚ ਸਾਬਕਾ ਭਾਜਪਾ ਸੰਸਦ ਮੈਂਬਰ ਸਾਧਵੀ ਪ੍ਰਗਿਆ ਅਤੇ ਸਾਬਕਾ ਫੌਜ ਅਧਿਕਾਰੀ ਲੈਫਟੀਨੈਂਟ ਕਰਨਲ ਸ਼੍ਰੀਕਾਂਤ ਪੁਰੋਹਿਤ ਸਮੇਤ ਹੋਰਨਾਂ ਨੂੰ ਬਰੀ ਕਰ ਦਿੱਤਾ। ਇਸ ਧਮਾਕੇ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਸੀ ਅਤੇ 100 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਸਨ।



ਅੱਜ ਭਾਜਪਾ ਆਗੂ ਅਤੇ ਸਾਬਕਾ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਾਂਗਰਸ ਦੇ ਸਿਖਰਲੇ ਆਗੂਆਂ ਸੋਨੀਆ ਅਤੇ ਰਾਹੁਲ ਗਾਂਧੀ ਤੋਂ ਮੁਆਫੀ ਦੀ ਮੰਗ ਕੀਤੀ ਅਤੇ ਉਨ੍ਹਾਂ 'ਤੇ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਭਗਵਾ ਅਤਿਵਾਦ ਦੇ ਬਿਰਤਾਂਤ ਨੂੰ ਫੈਲਾਉਣ ਦਾ ਦੋਸ਼ ਲਗਾਇਆ।

ਪ੍ਰਸਾਦ ਨੇ ਕਿਹਾ, "ਅਸੀ ਮਾਲੇਗਾਓਂ ਮਾਮਲੇ ਵਿੱਚ ਫੈਸਲੇ ਦਾ ਸਵਾਗਤ ਕਰਦੇ ਹਾਂ। ਇਹ ਕਾਂਗਰਸ ਦੀ ਭਗਵਾ ਅਤਿਵਾਦ ਸਾਜ਼ਿਸ਼ ਨੂੰ ਢਹਿ-ਢੇਰੀ ਕਰਦਾ ਹੈ। ਅਸੀਂ ਸੋਨੀਆ ਅਤੇ ਰਾਹੁਲ ਗਾਂਧੀ ਤੋਂ ਮੁਆਫੀ ਅਤੇ ਮਾਲੇਗਾਓਂ ਮਾਮਲੇ ਦੇ ਸਾਰੇ ਮੁਲਜ਼ਮਾਂ ਲਈ ਮੁਆਵਜ਼ੇ ਦੀ ਮੰਗ ਕਰਦੇ ਹਾਂ, ਜਿਨ੍ਹਾਂ ਨੂੰ 17 ਸਾਲਾਂ ਤੱਕ ਗਲਤ ਤਰੀਕੇ ਨਾਲ ਕੈਦ ਰੱਖਿਆ ਗਿਆ ਅਤੇ ਤਸ਼ੱਦਦ ਕੀਤਾ ਗਿਆ।"

ਉਨ੍ਹਾਂ ਨੇ ਚਿਦੰਬਰਮ 'ਤੇ ਇਹ ਦੋਸ਼ ਲਗਾਉਂਦਿਆਂ ਵੀ ਹਮਲਾ ਕੀਤਾ ਕਿ ਉਨ੍ਹਾਂ ਨੇ ਤਤਕਾਲੀ ਗ੍ਰਹਿ ਸਕੱਤਰ ਜੀ.ਕੇ. ਪਿੱਲਈ 'ਤੇ ਦਬਾਅ ਪਾਇਆ ਸੀ ਕਿ ਉਹ ਇਸ਼ਰਤ ਜਹਾਂ ਨੂੰ ਲਸ਼ਕਰ-ਏ-ਤੋਇਬਾ ਦੀ ਏਜੰਟ ਨਾ ਕਹਿਣ, ਭਾਵੇਂ ਕਿ ਲਸ਼ਕਰ-ਏ-ਤੋਇਬਾ ਨੇ ਉਸਨੂੰ ਆਪਣਾ ਮੈਂਬਰ ਦੱਸਿਆ ਸੀ।

# ਉੱਤਰਾਖੰਡ ਵਿੱਚ ਫਾਰਮਾ ਯੂਨਿਟ ਤੋਂ ਚੱਲ ਰਹੀ ਗੈਰ-ਕਾਨੂੰਨੀ ਟਰਾਮਾਡੋਲ ਸਪਲਾਈ ਚੇਨ ਦਾ ਪਰਦਾਫਾਸ਼; ਛੇ ਵਿਅਕਤੀ ਕਾਬੂ

## ਪੁਲਿਸ ਟੀਮਾਂ ਨੇ ਟਰਾਮਾਡੋਲ ਦੀਆਂ 74,000 ਗੋਲੀਆਂ, 325 ਕਿਲੋਗ੍ਰਾਮ ਕੱਚਾ ਮਾਲ; 7.6 ਲੱਖ ਰੁਪਏ ਦੀ ਡਰੱਗ ਮਨੀ ਕੀਤੀ ਬਰਾਮਦ



**ਅੰਮ੍ਰਿਤਸਰ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿੱਢੀ ਨਸ਼ਾ ਵਿਰੋਧੀ ਜੰਗ ਦੌਰਾਨ ਗੈਰ-ਕਾਨੂੰਨੀ ਫਾਰਮਾ ਓਪੀਔਡ ਸਪਲਾਈ ਨੈੱਟਵਰਕ ਨੂੰ ਕਰਾਰਾ ਝਟਕਾ ਦਿੰਦਿਆਂ, ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਨੇ ਅੰਮ੍ਰਿਤਸਰ ਵਿੱਚ 35 ਗੋਲੀਆਂ ਦੀ ਛੋਟੀ ਜਿਹੀ ਬਰਾਮਦਗੀ ਤੋਂ ਲੈ ਕੇ ਉਤਰਾਖੰਡ ਦੇ ਹਰਿਦੁਆਰ ਸਥਿਤ ਨਿਰਮਾਣ ਯੂਨਿਟ ਤੱਕ ਫੈਲੀ ਟ ?ਰਾਮਾਡੋਲ ਸਪਲਾਈ ਚੇਨ ਦਾ ਪਰਦਾਫਾਸ਼ ਕੀਤਾ ਹੈ।

ਇਹ ਕਾਰਵਾਈ ਟ ?ਰਾਮਾਡੋਲ ਦੀਆਂ 35 ਗੋਲੀਆਂ ਦੀ ਬਰਾਮਦਗੀ ਅਤੇ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਏ-ਡਿਵੀਜ਼ਨ ਵਿਖੇ ਦਰਜ ਐਫਆਈਆਰ ਵਿੱਚ ਸਥਾਨਕ ਤਸਕਰ ਰਵਿੰਦਰ ਸਿੰਘ ਉਰਫ਼ ਨਿੱਕਾ ਦੀ ਗ੍ਰਿਫ਼ਤਾਰੀ ਉਪਰੰਤ ਬਾਰੀਕੀ ਨਾਲ ਜਾਂਚ ਕਰਨ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਕਰਦਿਆਂ, ਪੁਲਿਸ ਨੇ ਸਿਰਫ 15 ਦਿਨਾਂ ਦੇ ਅੰਦਰ ਟ ?ਰਾਮਾਡੋਲ 74,465 ਗੋਲੀਆਂ, ਅਲਪ੍ਰਾਜ਼ੋਲਮ ਦੀਆਂ 50 ਗੋਲੀਆਂ ਅਤੇ ਟ ?ਰਾਮਾਡੋਲ ਦਾ 325 ਕਿਲੋਗ੍ਰਾਮ ਕੱਚਾ ਮਾਲ ਬਰਾਮਦ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਹੋਏ ਖੁਲਾਸਿਆਂ ਅਤੇ ਛਾਪਿਆਂ ਦੇ ਆਧਾਰ 'ਤੇ, ਕੈਮਿਸਟ, ਵਿਤਰਕ ਅਤੇ ਲੂਸੈਂਟ ਬਾਇਓਟੈਕ ਲਿਮਟਿਡ ਦੇ ਪਲਾਂਟ ਮੁਖੀ ਸਮੇਤ ਛੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਲੂਸੈਂਟ ਬਾਇਓਟੈਕ ਲਿਮਟਿਡ, ਰੁੜਕੀ ਦੇ ਪਲਾਂਟ ਮੈਨੇਜਰ ਹਰੀ ਕਿਸ਼ੋਰ ਅਤੇ ਰਿਕਾਲ ਲਾਈਫਸਾਇੰਸਿਜ਼, ਰੁੜਕੀ ਦੇ ਮਾਲਕ-ਕਮ-ਪਾਰਟਨਰ ਬਿਕਰਮ ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤੇ ਗਏ ਹੋਰ ਵਿਅਕਤੀਆਂ ਵਿੱਚ ਮਨੀਸ਼ ਕੁਮਾਰ ਅਰੋੜਾ, ਪੂਰਨ ਜਾਟਵ ਅਤੇ ਕਥੂਨੰਗਲ ਸਥਿਤ ਮੈਡੀਕਲ ਸਟੋਰ ਮਾਲਕ ਕੁਲਵਿੰਦਰ ਸਿੰਘ ਉਰਫ਼ ਕਿੰਦਾ ਸ਼ਾਮਲ ਹਨ।

# ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ

- ➢ ਸੁਨਾਮ-ਪਟਿਆਲਾ ਹਾਈਵੇ ਦਾ ਨਾਮ ਬਦਲ ਕੇ ਸ਼ਹੀਦ ਊਧਮ ਸਿੰਘ ਹਾਈਵੇਅ ਰੱਖਿਆ
- ➢ ਸੁਨਾਮ ਨੂੰ ਨਵਾਂ ਰੂਪ ਦੇਣ ਲਈ 85 ਕਰੋੜ ਦੇ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ ਗਿਆ

**ਸ਼ਹੀਦ ਊਧਮ ਸਿੰਘ ਵਾਲਾ (ਸੁਨਾਮ), 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਨੂੰ ਸ਼ਹੀਦ ਊਧਮ ਸਿੰਘ ਦੇ 86ਵੇਂ ਸ਼ਹੀਦੀ ਦਿਵਸ ਮੌਕੇ ਰਾਜ ਪੱਧਰੀ ਸਮਾਗਮ ਵਿੱਚ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਹੀਦ ਦੇ ਜੱਦੀ ਸ਼ਹਿਰ ਵਿੱਚ ਲਗਪਗ 85 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ।

ਇੱਥੇ ਸਟੇਡੀਅਮ ਵਿੱਚ ਊਧਮ ਸਿੰਘ ਸਮਾਰਕ ਵਿਖੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਮੁੱਖ ਮੰਤਰੀ ਅਤੇ ਅਰਵਿੰਦ ਕੇਜਰੀਵਾਲ ਨੇ ਸ਼ਹੀਦ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਉਨ੍ਹਾਂ




ਕਿਹਾ ਕਿ ਧਰਤੀ ਮਾਂ ਦੇ ਇਸ ਸੱਚੇ ਪੁੱਤਰ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਮੁੱਖ ਦੋਸ਼ੀ ਮਾਈਕਲ ਓ' ਡਵਾਇਰ ਨੂੰ ਮਾਰ ਕੇ ਇੱਕ ਬਹਾਦਰੀ ਭਰੇ ਕਾਰਨਾਮੇ ਦਾ ਪ੍ਰਦਰਸ਼ਨ ਕੀਤਾ ਸੀ। ਦੋਵਾਂ ਆਗੂਆਂ ਨੇ ਕਿਹਾ ਕਿ ਰਾਸ਼ਟਰੀ ਆਜ਼ਾਦੀ ਸੰਗਰਾਮ ਵਿੱਚ ਇਸ ਸਪੂਤ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਨੇ ਦੇਸ਼ ਵਿੱਚੋਂ ਬ੍ਰਿਟਿਸ਼ ਸਾਮਰਾਜਵਾਦ ਦੇ ਜੂਲੇ ਨੂੰ ਉਖਾੜ ਸੁੱਟਣ ਵਿੱਚ ਮਦਦ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਸ਼ਹੀਦ ਊਧਮ ਸਿੰਘ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਨੌਜਵਾਨਾਂ ਨੂੰ ਹਮੇਸ਼ਾ ਦੇਸ਼ ਦੀ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕਰੇਗੀ।

ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਸ਼ਹੀਦ ਊਧਮ ਸਿੰਘ ਵਾਲਾ ਦੇ ਵਸਨੀਕਾਂ ਨੂੰ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੇ ਰੂਪ ਵਿੱਚ ਲਗਪਗ 85 ਕਰੋੜ ਰੁਪਏ ਦਾ ਤੋਹਫ਼ਾ ਵੀ ਦਿੱਤਾ। ਇਨ੍ਹਾਂ ਵਿੱਚ 15.32 ਕਰੋੜ ਰੁਪਏ ਦੀ ਲਾਗਤ ਨਾਲ ਤਹਿਸੀਲ ਕੰਪਲੈਕਸ ਦਾ ਅਪਗ੍ਰੇਡੇਸ਼ਨ ਸ਼ਾਮਲ ਹੈ, ਜੋ ਇੱਕ ਸਾਲ ਦੇ ਅੰਦਰ ਪੂਰਾ ਹੋ ਜਾਵੇਗਾ। ਨਵੇਂ ਕੰਪਲੈਕਸ ਵਿੱਚ ਐਸ.ਡੀ.ਐਮ. ਦਫ਼ਤਰ, ਸਬ-ਰਜਿਸਟਰਾਰ ਦਫ਼ਤਰ, ਤਹਿਸੀਲਦਾਰ ਦਫ਼ਤਰ, ਖਜ਼ਾਨਾ ਦਫ਼ਤਰ, ਖੁਰਾਕ ਸਪਲਾਈ ਦਫ਼ਤਰ, ਟੈਕਸ ਦਫ਼ਤਰ, ਸਹਿਕਾਰੀ ਸਭਾ ਦਫ਼ਤਰ ਅਤੇ ਹੋਰ ਵਿਭਾਗ ਹੋਣਗੇ।

# ਮਾਂ-ਧੀ ਨੇ ਇਕੱਠਿਆਂ ਪਾਸ ਕੀਤੀ NEET ਪ੍ਰੀਖਿਆ; ਮਹਿਲਾ ਨੂੰ ਸਰਕਾਰੀ ਕਾਲਜ 'ਚ ਮਿਲੀ ਸੀਟ, ਧੀ ਨੂੰ ਦਾਖ਼ਲੇ ਦੀ ਉਡੀਕ

**ਚੇਨਈ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜਦੋਂ ਕੁੱਝ ਕਰ ਜਾਣ ਦਾ ਪੱਕਾ ਟੀਚਾ ਹੋਵੇ ਤਾਂ ਵੱਡੇਰੀ ਉਮਰ ਔਕੜ ਦੀ ਥਾਂ ਤਜ਼ਰਬਾ ਬਣਕੇ ਵੀ ਉੱਭਰ ਆਉਂਦੀ ਹੈ। ਇਸੇ ਤਰ੍ਹਾਂ ਦੇ ਪੱਕੇ ਇਰਾਦੇ ਦੇ ਚਲਦਿਆਂ ਤਮਿਲਨਾਡੂ ਦੀ ਇੱਕ 49 ਸਾਲਾ ਫਿਜ਼ੀਓਥੈਰੇਪਿਸਟ ਅਤੇ ਉਸਦੀ ਧੀ ਨੇ ਇਕੱਠਿਆਂ NEET ਦੀ ਪ੍ਰੀਖਿਆ ਪਾਸ ਕੀਤੀ ਹੈ। ਜਿੱਥੇ ਮਾਂ ਨੇ ਆਪਣੇ ਗ੍ਰਹਿ ਜ਼ਿਲ੍ਹੇ ਦੇ ਨੇੜੇ ਦੇ ਸਰਕਾਰੀ ਮੈਡੀਕਲ ਕਾਲਜ ਵਿੱਚ ਸੀਟ ਹਾਸਲ ਕਰ ਲਈ ਹੈ, ਉੱਥੇ ਹੀ ਧੀ ਆਪਣੀ ਯਾਤਰਾ ਸ਼ੁਰੂ ਕਰਨ ਲਈ ਤਿਆਰ ਹੈ। ਅਮੁਥਾਵੱਲੀ ਮਨੀਵੰਨਨ ਨੂੰ ਸਿਲੇਬਸ ਬਹੁਤ ਔਖਾ ਅਤੇ ਆਪਣੇ ਸਕੂਲ ਦੇ ਦਿਨਾਂ ਤੋਂ ਬਿਲਕੁਲ ਵੱਖਰਾ ਲੱਗਿਆ ਪਰ ਫੇਰ ਵੀ ਕੌਮੀ ਪੱਧਰ ਦੀ ਇਸ ਪ੍ਰੀਖਿਆ ਲਈ ਆਪਣੀ ਧੀ ਦੀ ਤਿਆਰੀ ਤੋਂ ਪ੍ਰੇਰਿਤ ਹੋ ਕੇ, ਉਸ ਨੇ ਵੀ ਆਪਣੀ ਤਿਆਰੀ ਸ਼ੁਰੂ ਕਰ ਦਿੱਤੀ। ਅਮੁਥਾਵੱਲੀ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ, "ਮੇਰੀ ਧੀ ਨੂੰ ©55" ਦੀ ਤਿਆਰੀ ਕਰਦੇ ਦੇਖ ਕੇ ਮੇਰੀ ਇੱਛਾ ਮੁੜ ਜਾਗ ਪਈ। ਉਹ ਮੇਰੀ ਸਭ ਤੋਂ ਵੱਡੀ ਪ੍ਰੇਰਣਾ ਸੀ। ਮੈਂ ਉਸ ਦੀਆਂ ਕਿਤਾਬਾਂ ਲਈਆਂ ਅਤੇ ਪ੍ਰੀਖਿਆ ਦੀ ਤਿਆਰੀ ਕੀਤੀ।" ਸੀਬੀਐੱਸਈ ਦੀ ਵਿਦਿਆਰਥਣ ਐੱਮ. ਸੰਯੁਕਤਾ ਨੇ ਇਸ ਪ੍ਰੀਖਿਆ ਲਈ ਕੋਚਿੰਗ ਲਈ ਸੀ ਅਤੇ ਜਿਨ੍ਹਾਂ ਕਿਤਾਬਾਂ ਨੂੰ ਉਸ ਨੇ ਪੜ੍ਹਿਆ ਸੀ, ਉਨ੍ਹਾਂ ਨੇ ਉਸਦੀ ਮਾਂ ਦੀ ਵੀ ਮਦਦ ਕੀਤੀ। ਉਸਨੇ ਕਿਹਾ, "ਜਦੋਂ ਮੈਂ ਆਪਣਾ ਪੜ੍ਹਿਆ ਹੋਇਆ ਕਿਸੇ ਨੂੰ ਦੁਬਾਰਾ ਸੁਣਾਉਂਦੀ ਹਾਂ ਤਾਂ ਮੈਨੂੰ ਯਾਦ ਕਰਨਾ ਸੌਖਾ ਲੱਗਦਾ ਹੈ। ਮੇਰੀ ਮਾਂ ਮੈਡੀਕਲ ਪਿਛੋਕੜ ਹੋਣ ਕਰਕੇ ਧਿਆਨ ਨਾਲ ਮੈਨੂੰ ਸੁਣਦੀ ਸੀ।"

30 ਜੁਲਾਈ ਨੂੰ ਜਦੋਂ ਤਮਿਲਨਾਡੂ ਮੈਡੀਕਲ ਦਾਖਲੇ ਲਈ ਕਾਉਂਸਲਿੰਗ ਸ਼ੁਰੂ ਹੋਈ ਅਮੁਥਾਵੱਲੀ ਆਪਣੀ ਧੀ ਦੇ ਨਾਲ ਇੱਥੇ ਦਿਵਿਆਂਗਜਨ (PwD) ਸ਼੍ਰੇਣੀ ਦੇ ਤਹਿਤ ਕਾਉਂਸਲਿੰਗ ਵਿੱਚ ਸ਼ਾਮਲ ਹੋਈ ਅਤੇ ਆਪਣੇ ਜੱਦੀ ਸ਼ਹਿਰ ਤੇਨਕਾਸੀ ਦੇ ਨੇੜੇ ਵਿਰੁਧੁਨਗਰ ਦੇ ਸਰਕਾਰੀ ਮੈਡੀਕਲ ਕਾਲਜ ਵਿੱਚ ਦਾਖਲਾ ਲੈਣ ਨੂੰ ਤਰਜੀਹ ਦਿੱਤੀ। ਉਸਨੇ NEET ਵਿੱਚ 147 ਅੰਕ ਪ੍ਰਾਪਤ ਕੀਤੇ।

ਅਮੁਥਾਵੱਲੀ ਨੇ ਦੱਸਿਆ ਕਿ ਉਸਨੇ ਲਗਭਗ ਤਿੰਨ ਦਹਾਕੇ ਪਹਿਲਾਂ ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਐੱਮਬੀਬੀਐੱਸ ਕੋਰਸ ਵਿੱਚ ਦਾਖਲਾ ਲੈਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਸਫਲ ਨਹੀਂ ਹੋ ਸਕੀ। ਉਸ ਨੂੰ ਇਸ ਦੀ ਬਜਾਏ ਫਿਜ਼ੀਓਥੈਰੇਪੀ ਕਰਨੀ ਪਈ।

ਪੱਤਰਕਾਰਾਂ ਨਾਲ ਗੱਲ ਕਰਦਿਆਂ, ਸੰਯੁਕਤਾ ਨੇ ਕਿਹਾ, ÷ਮੈਂ ਆਪਣੀ ਮਾਂ ਨਾਲ ਉਸੇ ਕਾਲਜ ਵਿੱਚ ਨਹੀਂ ਪੜ੍ਹਨਾ ਚਾਹੁੰਦੀ। ਮੈਂ ਜਨਰਲ ਕੋਟੇ ਵਿੱਚ ਮੁਕਾਬਲਾ ਕਰਨਾ ਅਤੇ ਕਿਤੇ ਹੋਰ, ਸ਼ਾਇਦ ਰਾਜ ਤੋਂ ਬਾਹਰ ਪੜ੍ਹਨਾ ਚਾਹੁੰਦੀ ਹਾਂ। ਉਸਨੇ NEET ਵਿੱਚ 450 ਅੰਕ ਪ੍ਰਾਪਤ ਕੀਤੇ ਹਨ।

# ਇਹ ਕਦਮ ਨਾ ਛੱਡੋ: ਮਾਨਸੂਨ ਲਈ ਤਿਆਰ ਬਾਲਾਂ ਲਈ ਧੋਣੇ ਤੋਂ ਪਹਿਲਾਂ ਤੇਲ ਲਗਾਉਣਾ ਨਾ ਭੁੱਲੋ

**ਚੰਡੀਗੜ੍ਹ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਨਸੂਨ ਮੀਂਹ ਨਾਲ ਭਿੱਜੀਆਂ ਗਲੀਆਂ, ਤਾਜ਼ਗੀ ਭਰੇ ਨਾਸ਼ਤਿਆਂ ਅਤੇ ਗਿੱਲੀ ਚਿੱਕੜ ਦੀ ਖੁਸ਼ਬੂ ਦਾ ਮੌਸਮ ਹੁੰਦਾ ਹੈ - ਹਾਲਾਂਕਿ, ਇਹ ਤੁਹਾਡੇ ਵਾਲਾਂ ਦੀ ਸਮੁੱਚੀ ਸਿਹਤ ਲਈ ਇੱਕ ਚੁਣੌਤੀ ਵੀ ਪੈਦਾ ਕਰ ਸਕਦਾ ਹੈ। ਨਮੀ ਆਪਣੇ ਸਿਖਰ 'ਤੇ ਹੋਣ ਅਤੇ ਮੀਂਹ ਦੇ ਪਾਣੀ ਦੇ ਵੱਧਦੇ ਸੰਪਰਕ ਦੇ ਨਾਲ, ਤੁਹਾਡੇ ਵਾਲ ਸੁੱਕੇ, ਝੁਰੜੀਆਂ ਵਾਲੇ ਅਤੇ ਟੁੱਟਣ ਦੀ ਸੰਭਾਵਨਾ ਵਾਲੇ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ, ਇੱਕ ਹੱਲ ਜੋ ਤੁਹਾਡੇ ਵਾਲਾਂ ਨੂੰ ਲੰਬੇ ਸਮੇਂ ਦੇ ਨੁਕਸਾਨ ਤੋਂ ਬਚਾ ਸਕਦਾ ਹੈ ਉਹ ਹੈ ਵਾਲਾਂ 'ਤੇ ਤੇਲ ਲਗਾਉਣਾ। ਮੈਰੀਕੋ ਲਿਮਟਿਡ ਦੀ ਮੁੱਖ ਖੋਜ ਅਤੇ ਵਿਕਾਸ ਅਧਿਕਾਰੀ ਡਾ. ਸ਼ਿਲਪਾ ਵੋਰਾ, ਮਾਨਸੂਨ ਦੇ ਮੌਸਮ ਦੌਰਾਨ ਵਾਲਾਂ 'ਤੇ ਤੇਲ ਲਗਾਉਣ ਦੇ ਅਨੁਸ਼ਾਸਿਤ ਰੁਟੀਨ ਨੂੰ ਬਣਾਈ ਰੱਖਣ ਦੇ ਫਾਇਦਿਆਂ ਬਾਰੇ ਗੱਲ ਕਰਦੀ ਹੈ: ਵਾਲਾਂ ਨੂੰ ਮਜ਼ਬੂਤ ਅਤੇ ਮੁਰੰਮਤ ਕਰਨਾ



: ਨਿਯਮਤ ਤੇਲ ਲਗਾਉਣ ਨਾਲ ਵਾਲਾਂ ਦੀ ਰੱਖਿਆ ਅਤੇ ਮੁਰੰਮਤ ਲਈ ਜ਼ਰੂਰੀ ਪੌਸ਼ਟਿਕ ਤੱਤ ਮਿਲਦੇ ਹਨ, ਜੋ ਅਕਸਰ ਮਾਨਸੂਨ ਦੌਰਾਨ ਬਹੁਤ ਜ਼ਿਆਦਾ ਨਮੀ ਅਤੇ ਨੀਰਸਤਾ ਦਾ ਸ਼ਿਕਾਰ ਹੁੰਦੇ ਹਨ। ਤੇਲ ਵਾਲਾਂ ਵਿੱਚ ਪ੍ਰਵੇਸ਼ ਕਰਦਾ ਹੈ ਅਤੇ ਸਮੁੱਚੀ ਤਾਕਤ ਵਿੱਚ ਸੁਧਾਰ ਕਰਦਾ ਹੈ। ਇਹ ਵਾਲਾਂ ਦੇ ਟੁੱਟਣ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ, ਖਾਸ ਕਰਕੇ ਜੇਕਰ ਤੁਹਾਡੇ ਵਾਲ ਗਿੱਲੇ ਹਨ। ਇਹ ਵਾਲਾਂ ਦੀ ਸਤ ?ਹਾ ਦੇ ਨੁਕਸਾਨ ਨੂੰ ਵੀ ਪ੍ਰਬੰਧਿਤ ਕਰਨ ਵਿੱਚ ਮਦਦ ਕਰਦਾ ਹੈ।

ਨਰਮ ਅਤੇ ਮੁਲਾਇਮ ਵਾਲ : ਨਿਯਮਤ ਤੇਲ ਲਗਾਉਣ ਨਾਲ ਵਾਲਾਂ ਨੂੰ ਮੁਲਾਇਮ ਬਣਾਉਣ ਵਿੱਚ ਮਦਦ ਮਿਲਦੀ ਹੈ, ਜਿਸ ਨਾਲ ਉਹਨਾਂ ਦਾ ਪ੍ਰਬੰਧਨ ਅਤੇ ਸਟਾਈਲ ਕਰਨਾ ਆਸਾਨ ਹੋ ਜਾਂਦਾ ਹੈ। ਇਸਦੇ ਕੁਦਰਤੀ ਲੁਬਰੀਕੇਟਿੰਗ ਗੁਣ ਹਲਕੇ ਤੌਰ 'ਤੇ ਉਲਝਣ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ - ਖਾਸ ਕਰਕੇ ਮਾਨਸੂਨ ਦੀ ਉੱਚ ਨਮੀ ਵਿੱਚ ਲਾਭਦਾਇਕ - ਕੰਘੀ ਦੌਰਾਨ ਟੁੱਟਣ ਨੂੰ ਘਟਾਉਂਦੇ ਹਨ। ਖੂਨ ਸੰਚਾਰ ਨੂੰ ਵਧਾਉਂਦਾ ਹੈ : ਵਾਲਾਂ ਦੇ ਤੇਲ ਦੀ ਚੰਗੀ ਮਾਲਿਸ਼ ਵਾਲਾਂ ਦੇ ਰੋਮਾਂ ਵਿੱਚ ਖੂਨ ਦੇ ਪ੍ਰਵਾਹ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ ਜਿਸ ਨਾਲ ਵਾਲਾਂ ਦਾ ਸਿਹਤਮੰਦ ਵਿਕਾਸ ਹੁੰਦਾ ਹੈ। ਇਹ ਖੋਪੜੀ ਨੂੰ ਸਿਹਤਮੰਦ ਅਤੇ ਨਮੀਦਾਰ ਰੱਖਣ ਵਿੱਚ ਵੀ ਮਦਦ ਕਰਦਾ ਹੈ।

# ਸੀਜੀਐਸਟੀ ਲੁਧਿਆਣਾ ਨੇ 62 ਕਰੋੜ ਰੁਪਏ ਦੀ ਜੀਐਸਟੀ ਚੋਰੀ ਦਾ ਪਰਦਾਫਾਸ਼ ਕੀਤਾ; ਹੁਣ ਤੱਕ ਦੋ ਗ੍ਰਿਫ਼ਤਾਰੀਆਂ

**ਲੁਧਿਆਣਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਸ ਖੁਫੀਆ ਜਾਣਕਾਰੀ ਦੇ ਆਧਾਰ 'ਤੇ, ਸੈਂਟਰਲ ਜੀਐਸਟੀ ਲੁਧਿਆਣਾ ਵੱਲੋਂ ਆਡੀਓ-ਵੀਡੀਓ ਉਤਪਾਦਨ ਖੇਤਰ ਦੀਆਂ ਕਈ ਫਰਮਾਂ ਵਿਰੁੱਧ ਜਾਂਚ ਕੀਤੀ ਗਈ ਜਿਸ ਵਿੱਚ 62 ਕਰੋੜ ਰੁਪਏ ਦੀ ਜੀਐਸਟੀ ਚੋਰੀ ਦਾ ਖੁਲਾਸਾ ਹੋਇਆ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਫਰਮਾਂ ਨੇ ਵਿਦੇਸ਼ੀ ਸੰਸਥਾਵਾਂ ਤੋਂ 342 ਕਰੋੜ ਰੁਪਏ ਦੀਆਂ ਸੇਵਾਵਾਂ ਆਯਾਤ ਕੀਤੀਆਂ ਸਨ ਅਤੇ ਉਨ੍ਹਾਂ 'ਤੇ ਜੀਐਸਟੀ ਦਾ ਭੁਗਤਾਨ ਨਹੀਂ ਕੀਤਾ।

ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਫਰਮਾਂ ਨੇ ਜੀਐਸਟੀ ਕਾਨੂੰਨਾਂ ਅਧੀਨ ਨਿਰਧਾਰਤ ਕਿਸੇ ਵੀ ਦਸਤਾਵੇਜ਼ੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਟੈਕਸ ਚੋਰੀ ਚੰਗੀ ਤਰ੍ਹਾਂ ਯੋਜਨਾਬੱਧ ਅਤੇ ਜਾਣਬੁੱਝ ਕੇ ਕੀਤੀ ਗਈ ਸੀ।

ਇਨ੍ਹਾਂ ਫਰਮਾਂ ਨੂੰ ਚਲਾਉਣ ਅਤੇ ਬਣਾਉਣ ਵਿੱਚ ਸ਼ਾਮਲ ਦੋ ਵਿਅਕਤੀਆਂ ਨੂੰ ਕੱਲ੍ਹ, ਯਾਨੀ 30 ਜੁਲਾਈ 2025 ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਹੁਣ ਤੱਕ ਕੀਤੀਆਂ ਗਈਆਂ ਇਨ੍ਹਾਂ ਦੋ ਗ੍ਰਿਫ਼ਤਾਰੀਆਂ ਦੇ ਨਾਲ, ਇਸ ਨੈੱਟਵਰਕ ਦੀ ਪੂਰੀ ਲੜੀ ਅਤੇ ਚੋਰੀ ਦੀ ਕੁੱਲ ਰਕਮ ਦਾ ਪਰਦਾਫਾਸ਼ ਕਰਨ ਲਈ ਜਾਂਚ ਅਜੇ ਵੀ ਜਾਰੀ ਹੈ।

ਸੀਜੀਐਸਟੀ ਲੁਧਿਆਣਾ ਕਮਿਸ਼ਨਰੇਟ ਇਮਾਨਦਾਰ ਟੈਕਸਦਾਤਾਵਾਂ ਲਈ ਬਰਾਬਰੀ ਦੇ ਮੈਦਾਨ ਨੂੰ ਯਕੀਨੀ ਬਣਾਉਣ ਅਤੇ ਟੈਕਸ ਧੋਖਾਧੜੀ ਦੀ ਪਛਾਣ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਾ ਹੈ।

# ਲੁਧਿਆਣਾ ਚੈਪਟਰ ਆਫ਼ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦਾ ਉਦਘਾਟਨ, ਕੁਲਾਰ ਬਣੇ ਪਹਿਲੇ ਪ੍ਰਧਾਨ



**ਲੁਧਿਆਣਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਨੂੰ ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ (WPO) ਦੇ ਲੁਧਿਆਣਾ ਚੈਪਟਰ ਦਾ ਵਿਧਿਵਤ ਉਦਘਾਟਨ ਹੋਟਲ ਰੈਡੀਸਨ ਬਲੂ, ਲੁਧਿਆਣਾ ਵਿੱਚ ਹੋਇਆ। ਪ੍ਰਸਿੱਧ ਉਦਯੋਗਪਤੀ ਅਤੇ ਫਿਕੋ ਦੇ ਪ੍ਰਧਾਨ ਸ. ਗੁਰਮੀਤ ਸਿੰਘ ਕੁਲਾਰ ਨੂੰ WPO ਦੇ ਅੰਤਰਰਾਸ਼ਟਰੀ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਪਦਮ ਸ਼੍ਰੀ ਸ. ਵਿਕਰਮਜੀਤ ਸਿੰਘ ਸਾਹਨੀ ਨੇ ਸ਼੍ਰੀ ਅਮਰ ਅਰੋੜਾ ਕੈਬਨਿਟ ਮੰਤਰੀ ਪੰਜਾਬ, ਸ਼੍ਰੀ ਸੰਜੀਵ ਅਰੋੜਾ ਉਦਯੋਗ ਮੰਤਰੀ ਪੰਜਾਬ, ਸ. ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਅਤੇ ਸ. ਤਰੁਣਪ੍ਰੀਤ ਸਿੰਘ ਸੋਂਧ ਕਿਰਤ ਮੰਤਰੀ ਪੰਜਾਬ ਦੀ ਹਾਜ਼ਰੀ ਵਿੱਚ WPO ਲੁਧਿਆਣਾ ਦਾ ਪਹਿਲਾ ਪ੍ਰਧਾਨ ਨਿਯੁਕਤ ਕੀਤਾ ਹੈ।

ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦੀ ਸਥਾਪਨਾ 10 ਜਨਵਰੀ 1998 ਨੂੰ ਤਤਕਾਲੀਨ ਪ੍ਰਧਾਨ ਮੰਤਰੀ ਸ਼੍ਰੀ ਆਈ.ਕੇ. ਗੁਜਰਾਲ ਵੱਲੋਂ ਕੀਤੀ ਗਈ ਸੀ। ਇਹ ਇੱਕ ਗੈਰ-ਰਾਜਨੀਤਿਕ, ਵਿਸ਼ਵ ਪੱਧਰੀ ਸੰਸਥਾ ਹੈ ਜੋ ਪੰਜਾਬੀ ਇਕਤਾ ਅਤੇ ਸੱਭਿਆਚਾਰਕ ਪੁਨਰਜਾਗਰਣ ਨੂੰ ਸਮਰਪਿਤ ਹੈ। ਇਹ ਸੰਸਥਾ ਦੁਨੀਆ ਭਰ ਦੇ ਪੰਜਾਬੀ ਉਦਯੋਗਪਤੀਆਂ, ਵਪਾਰੀਆਂ, ਪੇਸ਼ੇਵਰਾਂ, ਕਲਾਕਾਰਾਂ ਅਤੇ ਉਪਲਬਧੀਆਂ ਹਾਸਲ ਕਰਨ ਵਾਲਿਆਂ ਨੂੰ ਇੱਕ ਪਲੇਟਫਾਰਮ ਉੱਤੇ ਲਿਆਉਂਦੀ ਹੈ। WPO 100 ਤੋਂ ਵੱਧ ਦੇਸ਼ਾਂ 'ਚ ਸਰਗਰਮ ਹੈ, ਜਿਸ ਦੇ ਚੈਪਟਰ ਲੰਡਨ, ਨਿਊਯਾਰਕ, ਟੋਰਾਂਟੋ, ਦੁਬਈ, ਅਬੂਧਾਬੀ, ਮੁੰਬਈ, ਜਲੰਧਰ, ਬੈਂਕਾਕ ਅਤੇ ਹੁਣ ਲੁਧਿਆਣਾ 'ਚ ਵੀ ਸਥਾਪਿਤ ਹੋ ਚੁੱਕੇ ਹਨ। ਇਹ ਸੰਸਥਾ ਪੰਜਾਬੀ ਭਰਾਵਾ ਚਾਰਾ, ਵਿਰਾਸਤ, ਭਾਸ਼ਾ ਅਤੇ ਆਰਥਿਕ ਸਹਿਯੋਗ ਨੂੰ ਉਤਸ਼ਾਹਤ ਕਰਦੀ ਹੈ। ਇਸ ਮੌਕੇ ਸ. ਗੁਰਮੀਤ ਸਿੰਘ ਕੁਲਾਰ ਨੇ ਪਦਮ ਸ਼੍ਰੀ ਸ. ਵਿਕਰਮਜੀਤ ਸਿੰਘ ਸਾਹਨੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਨੇ ਲੁਧਿਆਣਾ ਦੇ ਪੰਜਾਬੀ ਭਾਈਚਾਰੇ ਦੀ ਨਿਸ਼ਠਾ ਨਾਲ ਸੇਵਾ ਕਰਨ ਅਤੇ WPO ਦੇ ਉਦੇਸ਼ ਨੂੰ ਹੋਰ ਮਜ਼ਬੂਤ ਕਰਨ ਦਾ ਵਾਅਦਾ ਕੀਤਾ।

# ਲੋਕ ਸਭਾ ਪੂਰੇ ਦਿਨ ਲਈ ਮੁਲਤਵੀ; ਵਿਰੋਧੀ ਧਿਰਾਂ ਦੇ ਮੈਂਬਰ SIR ਤੇ ਹੋਰਨਾਂ ਮੁੱਦਿਆਂ 'ਤੇ ਚਰਚਾ ਲਈ ਬਜ਼ਿੱਦ

**ਨਵੀਂ ਦਿੱਲੀ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਰੋਧੀ ਧਿਰਾਂ ਵੱਲੋਂ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ (SIR) ਤੇ ਹੋਰਨਾਂ ਮੁੱਦਿਆਂਨੂੰ ਲੈ ਕੇ ਪਾਏ ਰੌਲੇ ਰੱਪੇ ਮਗਰੋਂ ਸੰਸਦ ਦੇ ਦੋਵਾਂ ਸਦਨਾਂ ਦੀ ਕਾਰਵਾਈ ਵਿਚ ਅੱਜ ਤਿੰਨ ਵਾਰ ਅੜਿੱਕਾ ਪਿਆ। ਦੋਵਾਂ ਸਦਨਾਂ ਦੀ ਕਾਰਵਾਈ ਪਹਿਲਾਂ 12 ਵਜੇ, ਮਗਰੋਂ 2 ਵਜੇ ਤੱਕ ਤੇ ਫ਼ਿਰ ਲੋਕ ਸਭਾ ਦੀ 4 ਵਜੇ ਤੇ ਰਾਜ ਸਭਾ ਦੀ 4:30 ਵਜੇ ਤੱਕ ਮੁਲਤਵੀ ਕੀਤੀ ਗਈ। ਲੋਕ ਸਭਾ 4 ਵਜੇ ਮੁੜ ਜੁੜੀ ਤਾਂ ਵਿਰੋਧੀ ਧਿਰਾਂ ਦੇ ਮੈਂਬਰ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ ਖਿਲਾਫ਼ ਚਰਚਾ ਦੀ ਮੰਗ ਨੂੰ ਲੈ ਕੇ ਬਜ਼ਿੱਦ ਰਹੇ, ਜਿਸ ਕਰਕੇ ਹੇਠਲੇ ਸਦਨ ਦੀ ਕਾਰਵਾਈ ਪੂਰੇ ਦਿਨ ਲਈ ਮੁਅੱਤਲ ਕਰ ਦਿੱਤੀ ਗਈ।

ਵੀਰਵਾਰ ਨੂੰ ਦੁਪਹਿਰ ਦੇ ਖਾਣੇ ਤੋਂ ਪਹਿਲਾਂ ਦੇ ਸੈਸ਼ਨ ਵਿੱਚ ਰਾਜ ਸਭਾ ਦੀ ਕਾਰਵਾਈ ਦੋ ਵਾਰ ਮੁਲਤਵੀ ਕੀਤੀ ਗਈ ਕਿਉਂਕਿ ਵਿਰੋਧੀ ਪਾਰਟੀਆਂ ਨੇ ਚੋਣ ਕਮਿਸ਼ਨ ਦੇ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ (SIR) 'ਤੇ ਚਰਚਾ ਦੀ ਮੰਗ ਕਰਦੇ ਹੋਏ ਸਦਨ ਵਿੱਚ ਵਿਘਨ ਪਾਇਆ।



ਕਾਂਗਰਸ, ਟੀਐਮਸੀ ਅਤੇ ਡੀਐਮਕੇ ਦੀ ਅਗਵਾਈ ਵਾਲੀ ਵਿਰੋਧੀ ਧਿਰ ਵੱਲੋਂ ਚਰਚਾ ਲਈ ਸਮਾਂ ਨਿਰਧਾਰਤ ਕਰਨ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਨਾਅਰੇਬਾਜ਼ੀ ਕੀਤੇ ਜਾਣ ਮਗਰੋਂ ਸਦਨ ਦੀ ਕਾਰਵਾਈ ਪਹਿਲਾਂ 1200 ਵਜੇ ਤੱਕ ਅਤੇ ਫਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਸਵੇਰ ਦੇ ਸੈਸ਼ਨ ਵਿੱਚ, ਡਿਪਟੀ ਚੇਅਰਮੈਨ ਹਰੀਵੰਸ਼ ਨੇ ਮੌਨਸੂਨ ਸੈਸ਼ਨ ਦੀ ਸ਼ੁਰੂਆਤ ਤੋਂ ਬਾਅਦ ਕਾਰਵਾਈ ਵਿਚ ਅੜਿੱਕੇ ਕਰਕੇ ਸਮੇਂ ਦੀ ਘਾਟ ਦਾ ਹਵਾਲਾ ਦਿੱਤਾ ਅਤੇ ਸੰਸਦ ਮੈਂਬਰਾਂ ਨੂੰ ਸੂਚੀਬੱਧ ਕੰਮ ਸ਼ੁਰੂ ਕਰਨ ਦੀ ਆਗਿਆ ਦੇਣ ਲਈ ਕਿਹਾ।

ਪਰ ਵਿਰੋਧੀ ਪਾਰਟੀਆਂ SIR 'ਤੇ ਚਰਚਾ ਲਈ ਸਮਾਂ ਅਤੇ ਤਰੀਕ ਲਈ ਦਬਾਅ ਪਾਉਂਦੀਆਂ ਰਹੀਆਂ। ਹਰੀਵੰਸ਼ ਨੇ ਕਿਹਾ ਕਿ ਵਿਰੋਧੀ ਧਿਰ ਅਤੇ ਸੱਤਾਧਾਰੀ ਬੈਂਚਾਂ ਨੂੰ ਇਕੱਠੇ ਬੈਠ ਕੇ ਇਸ ਮੁੱਦੇ 'ਤੇ ਫੈਸਲਾ ਲੈਣਾ ਚਾਹੀਦਾ ਹੈ। ਪਰ ਇਸ ਅਪੀਲ ਦਾ ਵਿਰੋਧੀ ਧਿਰਾਂ 'ਤੇ ਕੋਈ ਅਸਰ ਨਹੀਂ ਹੋਇਆ ਤੇ ਉਨ੍ਹਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਜਦੋਂ ਮੈਂਬਰਾਂ ਨੇ ਰੌਲਾ ਰੱਪਾ ਜਾਰੀ ਰੱਖਿਆ ਤਾਂ ਸਦਨ ਦੀ ਕਾਰਵਾਈ 1200 ਵਜੇ ਤੱਕ ਮੁਲਤਵੀ ਕਰ ਦਿੱਤੀ। ਜਦੋਂ ਸਦਨ ਮੁੜ ਜੁੜਿਆ, ਤਾਂ ਵਿਰੋਧੀ ਧਿਰ ਦੇ ਸੰਸਦ ਮੈਂਬਰ SIR 'ਤੇ ਚਰਚਾ ਦੀ ਆਪਣੀ ਮੰਗ 'ਤੇ ਬਜ਼ਿੱਦ ਰਹੇ।

ਘਨਸ਼ਿਆਮ ਤਿਵਾੜੀ, ਜੋ ਉਸ ਮੌਕੇ ਸਦਨ ਦੀ ਕਾਰਵਾਈ ਚਲਾ ਰਹੇ ਸਨ, ਨੇ ਪ੍ਰਦਰਸ਼ਨਕਾਰੀ ਸੰਸਦ ਮੈਂਬਰਾਂ ਨੂੰ ਸਦਨ ਵਿੱਚ ਸ਼ਿਸ਼ਟਾਚਾਰ ਬਣਾਈ ਰੱਖਣ ਅਤੇ ਪ੍ਰਸ਼ਨ ਕਾਲ ਨੂੰ ਚੱਲਣ ਦੇਣ ਦੀ ਅਪੀਲ ਕੀਤੀ। ਹਾਲਾਂਕਿ, ਵਿਰੋਧੀ ਧਿਰ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਜਾਰੀ ਰੱਖੀ। ਕੁਝ ਟੀਐਮਸੀ ਮੈਂਬਰ ਵੀ ਸਦਨ ਦੇ ਐਨ ਵਿਚਾਲੇ ਆ ਗਏ ਅਤੇ ਆਪਣੀ ਨਾਅਰੇਬਾਜ਼ੀ ਜਾਰੀ ਰੱਖੀ। ਰੌਲੇ-ਰੱਪੇ ਦੇ ਵਿਚਕਾਰ, ਸਭਾਪਤੀ ਨੇ ਸਦਨ ਦੀ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ।

ਉਧਰ ਵਿਰੋਧੀ ਧਿਰ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਲੋਕ ਸਭਾ ਦੀ ਕਾਰਵਾਈ ਵੀ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਕੁਝ ਵਿਰੋਧੀ ਮੈਂਬਰ ਮੁੱਦੇ ਉਠਾਉਣ ਦੀ ਕੋਸ਼ਿਸ਼ ਕਰਦੇ ਹੋਏ ਸਦਨ ਦੇ ਵਿਚਕਾਰ ਨਾਅਰੇਬਾਜ਼ੀ ਕਰ ਰਹੇ ਸਨ। ਸਪੀਕਰ ਓਮ ਬਿਰਲਾ ਨੇ ਪ੍ਰਦਰਸ਼ਨਕਾਰੀ ਮੈਂਬਰਾਂ ਨੂੰ ਨਾਅਰੇਬਾਜ਼ੀ ਬੰਦ ਕਰਨ ਅਤੇ ਆਪਣੀਆਂ ਸੀਟਾਂ 'ਤੇ ਵਾਪਸ ਜਾਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ, "ਤੁਸੀਂ (ਵਿਰੋਧੀ ਮੈਂਬਰ) ਮੁੱਦਿਆਂ 'ਤੇ ਚਰਚਾ ਨਹੀਂ ਕਰਨਾ ਚਾਹੁੰਦੇ?" ਉਨ੍ਹਾਂ ਇਹ ਵੀ ਪੁੱਛਿਆ ਕਿ ਕੀ ਲੋਕਾਂ ਨੇ ਉਨ੍ਹਾਂ ਨੂੰ ਸਦਨ ਵਿੱਚ ਨਾਅਰੇਬਾਜ਼ੀ ਕਰਨ ਲਈ ਚੁਣਿਆ ਹੈ। ਸ੍ਰੀ ਬਿਰਲਾ ਨੇ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰਨ ਤੋਂ ਪਹਿਲਾਂ ਕਿਹਾ ਸਦਨ ਮੁੱਦਿਆਂ 'ਤੇ ਚਰਚਾ ਕਰਨ ਲਈ ਹੈ ਅਤੇ ਮੈਂਬਰਾਂ ਦਾ ਵਿਵਹਾਰ ਢੁਕਵਾਂ ਨਹੀਂ ਹੈ।

ਇਸ ਤੋਂ ਪਹਿਲਾਂ ਸਦਨ ਨੇ ਵਿਗਿਆਨੀਆਂ ਨੂੰ ਇੱਕ GSLV ਰਾਕੇਟ ਦੀ ਸਫਲ ਉਡਾਣ ਲਈ ਵਧਾਈ ਦਿੱਤੀ ਜਿਸ ਨੇ ਇਸਰੋ ਅਤੇ ਨਾਸਾ ਦੁਆਰਾ ਸਾਂਝੇ ਤੌਰ 'ਤੇ ਵਿਕਸਤ ਕੀਤੇ ਇੱਕ ਧਰਤੀ ਨਿਰੀਖਣ ਉਪਗ੍ਰਹਿ ਨੂੰ ਰੱਖਿਆ।

# ਵਿਜੀਲੈਂਸ ਬਿਊਰੋ ਪੰਚਕੂਲਾ ਨੇ ਪੁਲਿਸ ਕੇਸ ਵਿੱਚੋਂ ਨਾਂਅ ਕੱਢਣ ਦੇ ਬਦਲੇ ਇੱਕ ਲੱਖ ਰੁਪਏ ਰਿਸ਼ਵਤ ਮੰਗਦੇ ਹੱਥੀਂ ਕੀਤਾ ਗ੍ਰਿਫ਼ਤਾਰ

**ਚੰਡੀਗੜ੍ਹ,1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਨੂੰ ਇਹ ਐਲਾਨ ਕਰਦੇ ਹੋਏ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਪੰਚਕੂਲਾ ਨੇ ਬੀਤੇ ਦਿਨ ਦੋਸ਼ੀ ਹਿਮਾਂਸ਼ੂ ਸ਼ਰਮਾ ਪੁੱਤਰ ਮੁਕੇਸ਼ ਸ਼ਰਮਾ ਵਾਸੀ ਸ਼ਿਵ ਕਲੋਨੀ, ਨਾਰਨੌਲ (ਨਿੱਜੀ ਵਿਅਕਤੀ) ਕਨੂੰ ਨਾਰਨੌਲ ਰੇਵਾੜੀ ਬਾਈਪਾਸ ਤੋਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ, ਜਦੋਂ ਉਹ ਸ਼ਿਕਾਇਤਕਰਤਾ ਤੋਂ 1,00,000/- ਰੁਪਏ ਨਕਦ (ਇੱਕ ਲੱਖ ਰੁਪਏ) ਰਿਸ਼ਵਤ ਮੰਗ ਰਿਹਾ ਸੀ। ਜਾਂਚ ਅਧਿਕਾਰੀ ਏਐਸਆਈ ਸੰਦੀਪ ਪੁਲਿਸ ਸਟੇਸ਼ਨ ਸਾਈਬਰ ਸਾਊਥ, ਗੁਰੂਗ੍ਰਾਮ ਦੇ ਨਾਮ 'ਤੇ ਸ਼ਿਕਾਇਤਕਰਤਾ ਵਿਰੁੱਧ ਧਾਰਾ 7 ਅਤੇ 7ਏ ਪੀਸੀ ਐਕਟ ਤਹਿਤ ਐਫਆਈਆਰ ਨੰਬਰ 28 ਮਿਤੀ 30.7.2025 ਦਰਜ ਕੀਤੀ ਗਈ ਸੀ। ਦੋਸ਼ੀ ਨੂੰ ਅੱਜ ਮਾਣਯੋਗ ਅਦਾਲਤ, ਨਾਰਨੌਲ ਵਿੱਚ ਪੇਸ਼ ਕੀਤਾ ਜਾਵੇਗਾ। ਮਾਮਲਾ ਇਹ ਸੀ ਕਿ ਸ਼ਿਕਾਇਤਕਰਤਾ ਨੇ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਗੁਰੂਗ੍ਰਾਮ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਸੀ ਕਿ ਮਾਮਲਾ ਨੰਬਰ 156 ਮਿਤੀ 9.6.2025 ਧਾਰਾ 318 (4), 319 ਬੀ.ਐਨ.ਐਸ. ਸੁਮਿਤ ਅਤੇ ਮੋਹਿਤ ਨਾਮ ਦੇ ਵਿਅਕਤੀਆਂ ਵਿਰੁੱਧ ਪੁਲਿਸ ਸਟੇਸ਼ਨ ਸਾਈਬਰ ਕ੍ਰਾਈਮ, ਗੁਰੂਗ੍ਰਾਮ ਵਿੱਚ ਦਰਜ ਕੀਤਾ ਗਿਆ ਹੈ। ਉਸਨੂੰ ਇਸ ਮਾਮਲੇ ਦੇ ਜਾਂਚ ਅਧਿਕਾਰੀ, ਏਐਸਆਈ ਸੰਦੀਪ ਦਾ ਫੋਨ ਆਇਆ, ਜਿਸਨੇ ਉਸਨੂੰ ਦੱਸਿਆ ਕਿ ਉਸਦਾ ਨਾਮ ਉਪਰੋਕਤ ਮਾਮਲੇ ਵਿੱਚ ਸਾਹਮਣੇ ਆਇਆ ਹੈ। ਉਸਨੇ ਇਹ ਗੱਲ ਆਪਣੇ ਦੋਸਤ ਹਿਮਾਂਸ਼ੂ ਨੂੰ ਦੱਸੀ। ਇਸ 'ਤੇ ਹਿਮਾਂਸ਼ੂ ਸ਼ਰਮਾ ਨੇ ਉਸਨੂੰ ਦੱਸਿਆ ਕਿ ਵਿਨੋਦ ਨਾਮ ਦਾ ਇੱਕ ਪੁਲਿਸ ਕਰਮਚਾਰੀ ਉਸਨੂੰ ਜਾਣਦਾ ਹੈ।

ਉਹ ਇਸ ਬਾਰੇ ਉਸ ਨਾਲ ਗੱਲ ਕਰੇਗਾ ਅਤੇ ਉਸਨੂੰ ਸੂਚਿਤ ਕਰੇਗਾ। ਹੁਣ ਹਿਮਾਂਸ਼ੂ ਸ਼ਰਮਾ ਅਤੇ ਵਿਨੋਦ ਮਾਮਲੇ ਦੇ ਜਾਂਚ ਅਧਿਕਾਰੀ, ਏਐਸਆਈ ਸੰਦੀਪ, ਪੁਲਿਸ ਸਟੇਸ਼ਨ ਸਾਈਬਰ ਕ੍ਰਾਈਮ, ਗੁਰੂਗ੍ਰਾਮ ਨਾਲ ਵਿਚੋਲਗੀ ਕਰਕੇ ਉਸਦਾ ਨਾਮ ਉਪਰੋਕਤ ਮਾਮਲੇ ਵਿੱਚੋਂ ਹਟਾਉਣ ਲਈ ਉਸ ਤੋਂ 1,00,000/- ਰੁਪਏ ਰਿਸ਼ਵਤ ਵਜੋਂ ਮੰਗ ਰਹੇ ਹਨ। ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਗੁਰੂਗ੍ਰਾਮ ਨੇ ਹਿਮਾਂਸ਼ੂ ਸ਼ਰਮਾ (ਨਿੱਜੀ ਵਿਅਕਤੀ) ਨੂੰ ਉਪਰੋਕਤ ਦੱਸੇ ਗਏ ਜਾਂਚ ਅਧਿਕਾਰੀ ਏਐਸਆਈ ਸੰਦੀਪ ਦੇ ਨਾਮ 'ਤੇ ਸ਼ਿਕਾਇਤਕਰਤਾ ਤੋਂ 1,00,000/- ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕਰ

# ਯਿਸੂ ਦੇ ਭਰਾ ਜੇਮਸ ਦਾ ਜਨਮ

**ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।**

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

'ਦਿ ਬੁੱਕ ਔੱਫ਼ ਯੂਰੈਂਸ਼ੀਆ' ਯਿਸੂ ਮਸੀਹ ਦੇ ਜਨਮ ਦਾ ਵਰ੍ਹਾ 6 ਬੀ.ਸੀ. 'ਚ ਭਾਵ ਅੱਜ ਤੋਂ 2023 ਸਾਲ ਪਹਿਲਾਂ ਹੋਇਆ ਮੰਨ ਕੇ ਚੱਲਦੀ ਹੈ। ਉਸ ਆਧਾਰ 'ਤੇ ਇਹ ਪੁਸਤਕ ਅੱਗੇ ਦੱਸਦੀ ਹੈ ਕਿ ਯਿਸੂ ਦੇ ਜਨਮ ਦੇ ਤਿੰਨ ਸਾਲਾਂ ਬਾਅਦ ਭਾਵ 3 ਬੀ.ਸੀ. ਦੀ ਦੋ ਅਪ੍ਰੈਲ ਨੂੰ ਯਿਸੂ ਦੇ ਇਕ ਹੋਰ ਦੁਨਿਆਵੀ ਭਰਾ ਜੇਮਸ (ਜਿਨ੍ਹਾਂ ਨੂੰ ਹਿੰਦੀ ਤੇ ਉਰਦੂ ਦੀ ਪਵਿੱਤਰ ਬਾਈਬਲ ਵਿਚ ਯਾਕੂਬ ਲਿਖਿਆ ਗਿਆ ਹੈ) ਦਾ ਜਨਮ ਹੋਇਆ ਸੀ (ਯੂਰੈਂਸ਼ੀਆ 123:1.5)



ਯਿਸੂ ਮਸੀਹ ਦੇ ਸਲੀਬ 'ਤੇ ਟੰਗੇ ਜਾਣ ਅਤੇ ਫਿਰ ਮੁਰਦਿਆਂ ਵਿੱਚੋਂ ਜਿਊ ਉੱਠਣ ਅਤੇ ਉਸ ਤੋਂ ਬਾਅਦ ਸਰੀਰ ਸਮੇਤ ਸੁਰਗ-ਲੋਕ ਜਾਣ ਪਿੱਛੋਂ ਉਨ੍ਹਾਂ ਦੇ ਇਸੇ ਦੁਨਿਆਵੀ ਭਰਾ ਜੇਮਸ ਨੇ ਯੇਰੂਸਲੇਮ ਦੇ ਪਹਿਲੇ ਚਰਚ ਦੀ ਵਾਗਡੋਰ ਸੰਭਾਲੀ ਸੀ। ਉਨ੍ਹਾਂ ਨੂੰ ਯੇਰੂਸਲੇਮ ਦਾ ਬਿਸ਼ਪ ਨਿਯੁਕਤ ਕੀਤਾ ਗਿਆ ਸੀ। ਸੰਨ 62 (ਕੁਝ ਖੋਜੀ ਲੇਖਕ ਇਹ ਸੰਨ 69 ਈ. ਵੀ ਮੰਨਦੇ ਹਨ) 'ਚ ਯਹੂਦੀਆਂ ਦੀ ਇਕ ਭੀੜ ਨੇ ਪਹਿਲਾਂ ਬਿਸ਼ਪ ਜੇਮਸ ਨੂੰ ਇਕ ਧਾਰਮਿਕ ਸਥਾਨ ਦੀ ਛੱਤ ਤੋਂ ਹੇਠਾਂ ਡੇਗਿਆ ਸੀ ਅਤੇ ਫਿਰ ਉਨ੍ਹਾਂ ਨੂੰ ਪੱਥਰ ਮਾਰ-ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਅਮਰੀਕਾ ਤੇ ਹੋਰ ਕੁਝ ਦੇਸ਼ਾਂ ਵਿਚ ਹਰੇਕ ਸਾਲ 23 ਅਕਤੂਬਰ ਦੇ ਦਿਨ ਸ਼ਹੀਦ ਜੇਮਸ ਨੂੰ ਯਾਦ ਕੀਤਾ ਜਾਂਦਾ ਹੈ।

3 ਬੀ.ਸੀ. 'ਚ ਹੀ ਗਰਮ ਰੁੱਤ ਵਿਚ ਯਿਸੂ ਦੇ ਪਿਤਾ ਯੂਸਫ਼ ਦੇ ਪਿੰਡ ਨੇੜੇ ਹੀ ਇਕ ਛੋਟੀ ਵਰਕਸ਼ਾਪ ਬਣਾਈ ਸੀ। ਉੱਥੇ ਉਨ੍ਹਾਂ ਦੇ ਦੋ ਭਰਾ ਤੇ ਕਈ ਹੋਰ ਮਕੈਨਿਕ ਉਨ੍ਹਾਂ ਨਾਲ ਤਰਖਾਣ ਵਜੋਂ ਕੰਮ ਕਰਦੇ ਸਨ। ਉਹ ਉੱਥੇ ਉਸ ਵੇਲੇ ਹਲ਼ ਤੇ ਪੰਜਾਲ਼ੀਆਂ ਤੇ ਕਿਸਾਨਾਂ ਦੇ ਕੰਮ ਆਉਣ ਵਾਲੇ ਲੱਕੜ ਦੇ ਹੋਰ ਯੰਤਰ ਤੇ ਉਪਕਰਣ ਬਣਾਉਂਦੇ ਸਨ। ਪਿਤਾ ਯੂਸਫ਼ ਨੇ ਕੁਝ ਸਮਾਂ ਚਮੜੇ, ਰੱਸੀਆਂ ਤੇ ਕੈਨਵਸ ਦਾ ਕੰਮ ਵੀ ਕੀਤਾ ਸੀ। ਇਸ ਦੌਰਾਨ ਯਿਸੂ ਆਪਣਾ ਜ਼ਿਆਦਾਤਰ ਸਮਾਂ ਆਪਣੀ ਮਾਂ ਨਾਲ ਘਰ ਵਿਚ ਵੱਖੋ-ਵੱਖਰੇ ਕੰਮ ਕਰਦਿਆਂ ਬਿਤਾਉਂਦੇ ਸਨ। ਉਨ੍ਹਾਂ ਦੇ ਪਿਤਾ ਕੋਲ ਦੁਨੀਆ ਭਰ ਦੇ ਯਾਤਰੀ ਆਉਂਦੇ ਸਨ ਅਤੇ ਯਿਸੂ ਉਨ੍ਹਾਂ ਸਾਰਿਆਂ ਦੀਆਂ ਗੱਲਾਂ ਬਹੁਤ ਧਿਆਨ ਨਾਲ ਸੁਣਦੇ ਰਹਿੰਦੇ ਸਨ (ਯੂਰੈਂਸ਼ੀਆ 123 : 1.6)

ਉਸੇ ਸਾਲ ਜੁਲਾਈ ਮਹੀਨੇ ਨਾਸਰਤ ਖੇਤਰ ਵਿਚ ਪੇਟ ਦੀ ਬਿਮਾਰੀ ਫੈਲ ਗਈ, ਜੋ ਦੂਰ-ਦੁਰਾਡੇ ਤੋਂ ਆਉਣ ਵਾਲੇ ਯਾਤਰੀਆਂ ਦੀ ਲਾਗ ਕਾਰਨ ਫੈਲੀ ਸਮਝੀ ਗਈ ਸੀ। ਮਾਂ ਮਰੀਅਮ ਨੂੰ ਆਪਣੇ ਦੋਵੇਂ ਬੱਚਿਆਂ ਯਿਸੂ ਤੇ ਜੇਮਸ ਦੀ ਚਿੰਤਾ ਸਤਾਉਣ ਲੱਗੀ ਕਿ ਕਿਤੇ ਉਹ ਵੀ ਇਸ ਰੋਗ ਦੇ ਸ਼ਿਕਾਰ ਨਾ ਹੋ ਜਾਣ। ਉਸ ਬਿਮਾਰੀ ਦੇ ਡਰ ਤੋਂ ਮਾਂ ਮਰੀਅਮ ਆਪਣੇ ਦੋਵੇਂ ਬੱਚਿਆਂ ਨਾਲ ਆਪਣੇ ਭਰਾ ਦੇ ਘਰ (ਜੋ ਸਰੀਦ ਨਾਂਅ ਦੇ ਨਗਰ ਨੇੜੇ ਮੇਗਿਡੋ ਮਾਰਗ ਉੱਤੇ ਤੇ ਨਾਸਰ ਤੋਂ ਕਈ ਮੀਲ ਦੂਰ ਸਥਿਤ ਸੀ) ਚਲੇ ਗਏ ਸਨ। ਉਹ ਉੱਥੇ ਅਗਲੇ ਦੋ ਮਹੀਨੇ ਰਹੇ ਸਨ ਅਤੇ ਯਿਸੂ ਨੇ ਪਹਿਲੀ ਵਾਰ ਇ ਫ਼ਾਰਮ-ਹਾਊਸ ਦਾ ਜੀਵਨ ਵੇਖਿਆ ਸੀ (ਯੂਰੈਂਸ਼ੀਆ 123:1.7)

'ਯੂਰੈਂਸ਼ੀਆ' ਪੁਸਤਕ ਨੂੰ ਕਿਸੇ ਇਕ ਲੇਖਕ ਨੇ ਨਹੀਂ ਲਿਖਿਆ ਅਤੇ ਇਸ ਉੱਤੇ ਕਿਸੇ ਇਕ ਲੇਖਕ ਦਾ ਨਾਮ ਵੀ ਨਹੀਂ ਲਿਖਿਆ ਗਿਆ ਹੈ। ਇਹ ਵੱਖੋ-ਵੱਖਰੇ ਲੇਖਕਾਂ ਵੱਲੋਂ ਲਿਖੀ ਗਈ ਹੈ। ਇਹ ਪੁਸਤਕ ਦੱਸਦੀ ਹੈ ਕਿ ਯਿਸੂ ਮਸੀਹ ਜਦੋਂ ਪੰਜ ਵਰ੍ਹਿਆਂ ਦੇ ਸਨ ਭਾਵ ਉਨ੍ਹਾਂ ਦੇ ਨਾਸਰਤ ਪਰਤਣ ਦੇ ਇਕ ਸਾਲ ਬਾਅਦ ਦੋ ਬੀ.ਸੀ. ਵਿਚ (ਭਾਵ ਅੱਜ ਤੋਂ 2019 ਸਾਲ ਪਹਿਲਾਂ) 11 ਫ਼ਰਵਰੀ ਨੂੰ ਉਨ੍ਹਾਂ ਉੱਤੇ ਪਰਮੇਸ਼ਵਰ ਦੀ ਅਥਾਹ ਕ੍ਰਿਪਾ ਹੋਈ ਅਤੇ ਉਹ ਪਵਿੱਤਰ ਆਤਮਾ 'ਚ ਗੱਲ ਕਰਨ ਤੇ ਸੋਚਣ ਲੱਗੇ (ਯੂਰੈਂਸ਼ੀਆ 123:2.1)

*ਅਨੁਵਾਦ -ਮਹਿਤਾਬ-ਉਦ-ਦੀਨ*

# ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ

ਤਰਨ ਤਾਰਨ ਜ਼ਿਲ੍ਹੇ ਦੇ ਕਸਬਾ ਝਬਾਲ ਦੇ ਨਜ਼ਦੀਕ ਸਥਿਤ ਮਹਾਨ ਤੀਰਥ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਦੀ ਇਤਿਹਾਸਕ ਤੇ ਧਾਰਮਿਕ ਮਹਾਨਤਾ ਸੰਸਾਰ ਪ੍ਰਸਿੱਧ ਹੋਣ ਕਰਕੇ ਇਸ ਖੇਤਰ ਦੇ ਲੋਕ ਆਪਣੇ ਨਸੀਬ ਵੱਡਭਾਗੇ ਸਮਝਦੇ ਹਨ। ਜਿੱਥੇ ਪੁੱਤਰ ਦਾ ਵਰ ਪ੍ਰਾਪਤ ਕਰਨ ਲਈ ਔਰਤਾਂ ਅੱਜ ਵੀ ਗੁਰੂ ਕੇ ਮਹਿਲ ਮਾਤਾ ਗੰਗਾ ਜੀ ਦੀ ਚਲਾਈ ਪ੍ਰੰਪਰਾ ਅਨੁਸਾਰ ਹੱਥੀ ਮਿੱਸੇ ਪ੍ਰਸ਼ਾਦੇ ਤਿਆਰ ਕਰ ਕੇ ਪੈਦਲ ਚੱਲ ਕੇ ਆਉਂਦੀਆਂ ਹਨ। ਸੰਗਤਾਂ ਮਿੱਸੇ ਪ੍ਰਸ਼ਾਦੇ ਤੇ ਗੰਢੇ ਦਾ ਪ੍ਰਸ਼ਾਦ ਹਾਸਿਲ ਕਰ ਕੇ ਪ੍ਰਸੰਨ ਹੁੰਦੀਆਂ ਹਨ।

ਇਤਿਹਾਸਕ ਮਾਨਤਾ ਹੈ ਕਿ ਜਿਸ ਜਗ੍ਹਾ 'ਤੇ ਇਹ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਸੁਸ਼ੋਭਿਤ ਹੈ ਉੱਥੇ ਬਾਦਸ਼ਾਹ ਅਕਬਰ ਵਲੋਂ ਬੀਬੀ ਭਾਨੀ ਜੀ ਨੂੰ ਆਪਣੀ ਪੁੱਤਰੀ ਕਹਿਕੇ 84 ਪਿੰਡਾਂ ਦੀ ਜਾਗੀਰ ਦਿੱਤੀ ਗਈ ਸੀ। ਕਿਉਂਕਿ ਬਾਦਸ਼ਾਹ ਅਕਬਰ ਜਦ ਗੁਰੂ ਅਮਰ ਦਾਸ ਜੀ

**ਬਾਦਸ਼ਾਹ ਅਕਬਰ ਜਦ ਗੁਰੂ ਅਮਰ ਦਾਸ ਜੀ ਦੀ ਸੋਭਾ ਸੁਣ ਕੇ ਦਰਸ਼ਨ ਨੂੰ ਆਇਆ ਤਾਂ ਉਸ ਨੇ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਸੀ...**

ਦੀ ਸੋਭਾ ਸੁਣ ਕੇ ਗੋਇੰਦਵਾਲ ਸਾਹਿਬ ਵਿਖੇ ਦਰਸ਼ਨ ਨੂੰ ਆਇਆ ਤਾਂ ਉਸ ਨੇ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਸੀ। ਇਸ ਤੋਂ ਬਾਅਦ ਹੀ ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ। ਜਿਸ ਜਗ੍ਹਾ ਇਹ ਪਵਿੱਤਰ ਅਸਥਾਨ



ਸਥਿਤ ਹੈ ਉਸ ਜਗ੍ਹਾ 'ਤੇ ਕਿਸੇ ਸਮੇਂ ਵਿਰਾਨ ਜੰਗਲ ਹੁੰਦਾ ਸੀ ਜਿਸ ਕਰਕੇ ਹੀ ਇਸ ਨੂੰ ਬੀੜ ਕਿਹਾ ਜਾਂਦਾ ਸੀ। ਜਿਸ ਦਾ ਪ੍ਰਬੰਧ ਗੁਰੂ ਘਰ ਦੇ ਸੇਵਕ ਬਾਬਾ ਬੁੱਢਾ ਜੀ ਨੂੰ ਸੌਂਪਿਆ ਗਿਆ ਜਿੱਥੋਂ ਉਹ ਦੁੱਧ ਪ੍ਰਸ਼ਾਦੇ ਤਿਆਰ ਕਰ ਕੇ ਗੋਇੰਦਵਾਲ ਸਾਹਿਬ ਵਿਖੇ ਭੇਜਿਆ ਕਰਦੇ ਸਨ। ਜਿਸ ਕਰਕੇ ਹੀ ਇਸ ਦਾ ਨਾਂ ਬਾਬੇ ਦੀ ਬੀੜ੍ਹ ਪੈ ਗਿਆ।

ਬਾਬਾ ਬੁੱਢਾ ਜੀ ਦਾ ਤਪ ਅਸਥਾਨ ਹੋਣ ਕਰਕੇ ਇਹ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਵਜੋਂ ਜਾਣਿਆ ਜਾਂਦਾ ਹੈ। ਬਾਬਾ ਬੁੱਢਾ ਜੀ ਉਹ ਧਾਰਮਿਕ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ ਜਿੱਥੇ ਛੇ ਗੁਰੂਆਂ ਤਕ ਗੁਰਿਆਈ ਤਿਲਕ ਲਗਾਉਣ ਦਾ ਮਾਣ ਹਾਸਿਲ ਹੈ, ਉੱਥੇ ਗੁਰੂ ਗ੍ਰੰਥ ਸਾਹਿਬ ਦਾ ਜਦ ਪਹਿਲੀ ਵਾਰ ਪ੍ਰਕਾਸ਼ ਕੀਤਾ ਗਿਆ ਸੀ ਤਾਂ ਪਹਿਲੇ ਮੁੱਖ ਗ੍ਰੰਥੀ ਵੀ ਉਨ੍ਹਾਂ ਨੂੰ ਥਾਪਿਆ ਗਿਆ ਸੀ।

• ਸੁਖਮਿੰਦਰ ਸਿੰਘ ਗੰਡੀਵਿੰਡ
ਮੋਬਾਈਲ- 98728-40095


# ਰੱਬੀ ਰੂਹ ਸਾਈਂ ਮੀਆਂ ਮੀਰ ਜੀ

ਧਰਮਿੰਦਰ ਸਿੰਘ

ਹਜ਼ਰਤ ਸਾਈਂ ਮੀਆਂ ਮੀਰ ਜੀ ਸੂਫ਼ੀ ਦਰਵੇਸ਼ ਸਨ। ਸਾਈਂ ਮੀਆਂ ਮੀਰ ਜੀ ਦਾ ਪੂਰਾ ਨਾਂ ਸ਼ੇਖ ਮੁਹੰਮਦ ਮੀਰ ਸੀ। ਆਪ ਮੀਆਂ ਜੀਉ, ਸ਼ਾਹ ਮੀਰ, ਖੁਆਜਾ ਮੀਰ, ਬਾਲਾ ਪੀਰ ਅਤੇ ਮੀਰ ਮੁਇਨੁਲ ਇਸਲਾਮ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ। ਆਪ ਦੀ ਜਨਮ ਤਰੀਕ ਸਬੰਧੀ ਵਿਦਵਾਨ ਇਕ ਮੱਤ ਨਹੀਂ ਹਨ। ਡਾ. ਮੁਹੰਮਦ ਹਬੀਬ ਆਪਣੀ ਪੁਸਤਕ 'ਸਾਈਂ ਮੀਆਂ ਮੀਰ' ਵਿਚ ਆਪ ਦਾ ਜੀਵਨ ਸਮਾਂ 1531 ਤੋਂ 1634 ਈ: ਲਿਖਦੇ ਹਨ। ਡਾ: ਗੁਲਜ਼ਾਰ ਕੰਡਾ ਆਪਣੀ ਰਚਨਾ 'ਸੂਫੀਮਤ ਸਿਲਸਿਲੇ ਅਤੇ ਸਾਧਕ' ਵਿਚ ਸਾਈਂ ਜੀ ਦਾ ਜਨਮ 1550 ਈ: ਤੋਂ 1636 ਈ: ਲਿਖਦੇ ਹਨ। ਆਪ ਦੇ ਪਿਤਾ ਦਾ ਨਾਂ ਕਾਜ਼ੀ ਦਿੱਤਾ ਅਤੇ ਦਾਦਾ ਦਾ ਨਾਂ ਕਾਜ਼ੀ ਕਲੰਦਰ ਫਾਰੂਕੀ ਸੀ। ਆਪ ਦੀ ਮਾਤਾ ਦਾ ਨਾਂ ਫਾਤਿਮਾ ਸੀ, ਜੋ ਕਾਜ਼ੀ ਕਾਦਨ ਦੀ ਸਪੁੱਤਰੀ ਸੀ, ਦੇ ਘਰ ਸਿੰਧ ਦੇ ਇਲਾਕੇ ਸੀਸਤਾਨ ਵਿਚ ਆਪ ਦਾ ਜਨਮ ਹੋਇਆ।

ਸਰੀਰਕ ਤੌਰ ਤੇ ਸਾਈਂ ਜੀ ਦਰਮਿਆਨੇ ਕੱਦ ਦੇ ਖ਼ੂਬਸੂਰਤ ਇਨਸਾਨ ਸਨ। ਇਨ੍ਹਾਂ ਦਾ ਰੰਗ ਕਣਕਵੰਨ੍ਹਾ ਅਤੇ ਮੱਥਾ ਚੌੜ੍ਹਾ ਸੀ। ਦੁਬਲੇ ਪਤਲੇ ਸਨ। ਬਚਪਨ ਵਿਚ ਹੀ ਪਿਤਾ ਦੇ ਪਿਆਰ ਤੋਂ ਮਰਹੂਮ ਹੋ ਗਏ ਸਨ। ਆਪ ਤਿੰਨ ਭਰਾ ਮੁਹੰਮਦ ਬੋਲਾਂ, ਮੁਹੰਮਦ ਉਸਮਾਨ, ਮੁਹੰਮਦ ਤਾਹਿਰ ਤੇ ਦੋ ਭੈਣਾਂ ਜ਼ਮਾਲ ਖਾਤੂਨ ਤੇ ਜ਼ਾਮੀ ਮਾਦੀਆ ਸਨ। ਆਪ ਦਾ ਸਬੰਧ ਖਾਨਦਾਨੀ ਹਜ਼ਰਤ ਮੁਹੰਮਦ ਸਾਹਬ ਦੇ ਦੂਜੇ ਜਾਂ ਨਸ਼ੀਨ ਖ਼ਲੀਫਾ ਹਜ਼ਰਤ ਉਮਰ ਫਾਰੂਕ ਨਾਲ ਜਾ ਜੁੜਦਾ ਹੈ। ਮੁੱਢਲੀ ਸਿੱਖਿਆ ਆਪ ਨੇ ਇੱਥੋਂ ਹੀ ਪ੍ਰਾਪਤ ਕੀਤੀ। ਸੱਤ ਸਾਲ ਦੀ ਉਮਰ ਵਿਚ ਆਪ ਨੇ ਕੁਰਾਨ ਮਜ਼ੀਦ ਦੀ ਸਿੱਖਿਆ ਪ੍ਰਾਪਤ ਕਰ ਲਈ ਸੀ। ਅਗਲੇਰੀ ਵਿੱਦਿਆ ਲਈ ਆਪ ਲਾਹੌਰ ਆ ਗਏ। ਇੱਥੇ ਆ ਕੇ ਆਪ ਨੇ ਮੌਲਾਨਾ ਸਾਅਦੁੱਲ੍ਹਾ, ਮੌਲਾਨਾ ਨਿਆਮਤਉੱਲ੍ਹਾ ਅਤੇ ਮੌਲਾਨਾ ਅੱਸਦਉੱਲ੍ਹਾ ਵਰਗੇ ਕਾਬਿਲ ਉਸਤਾਦਾਂ ਤੋਂ ਦੁਨਿਆਵੀ ਤੇ ਸ਼ਰਈ ਵਿੱਦਿਆ ਪ੍ਰਾਪਤ ਕੀਤੀ। ਵਿੱਦਿਆ ਪ੍ਰਾਪਤ ਕਰਨ ਤੋਂ ਇਕ ਸਾਲ ਤਕ ਸਰਹੰਦ ਵਿਚ ਰਹਿਣ ਤੋਂ ਬਾਅਦ ਆਪ ਲਾਹੌਰ ਵਾਪਸ ਆ ਗਏ। ਹਜ਼ਰਤ ਸਾਈਂ ਮੀਆਂ ਮੀਰ ਜੀ ਨੇ ਗ੍ਰਹਿਸਤ ਧਾਰਨ ਨਹੀਂ ਕੀਤਾ। ਆਪ ਜ਼ਿਆਦਾ ਸਮਾਂ ਖ਼ੁਦਾ ਦੀ ਇਬਾਦਤ ਵਿਚ ਲੀਨ ਰਹਿੰਦੇ ਸਨ। ਘੱਟ ਖਾਣਾ, ਘੱਟ ਸੌਣਾ ਤੇ ਘੱਟ ਬੋਲਣਾ ਆਪ ਦੀ ਆਦਤ ਸੀ। ਬਾਦਸ਼ਾਹ ਜਹਾਂਗੀਰ, ਸ਼ਾਹਜਹਾਨ ਤੇ ਸ਼ਹਿਜ਼ਾਦਾ ਦਾਰਾ ਸ਼ਿਕੋਹ ਆਪ ਦੇ ਮੁਰੀਦ ਸਨ।

ਸੂਫ਼ੀ ਫਕੀਰਾਂ ਅਤੇ ਸਿੱਖ ਗੁਰੂ ਸਾਹਿਬਾਨ ਦੇ ਸ਼ੁਰੂ ਤੋਂ ਹੀ ਬੜੇ ਪਿਆਰ ਵਾਲੇ ਸਬੰਧ ਰਹੇ ਹਨ। ਗੁਰੂ ਨਾਨਕ ਦੇਵ ਜੀ ਚਾਰ ਉਦਾਸੀਆਂ ਸਮੇਂ ਹਜ਼ਰਤ ਬਾਬਾ ਸ਼ੇਖ ਫਰੀਦ ਜੀ ਦਰਗਾਹ ਪਾਕਪਟਨ ਸ਼ਰੀਫ ਗਏ, ਉੱਥੋਂ ਦੇ ਗੱਦੀ ਨਸ਼ੀਨ ਸ਼ੇਖ ਇਬਰਾਹਿਮ ਜਿਨ੍ਹਾਂ ਨੂੰ ਸ਼ੇਖ ਬ੍ਰਹਮ ਵੀ ਕਿਹਾ ਜਾਂਦਾ ਹੈ, ਨਾਲ ਮੁਲਾਕਾਤ ਕੀਤੀ। ਸ਼ੇਖ਼ ਇਬਰਾਹਿਮ ਜੀ ਤੋਂ ਗੁਰੂ ਨਾਨਕ ਦੇਵ ਜੀ ਨੇ ਹਜ਼ਰਤ ਬਾਬਾ ਸ਼ੇਖ਼ ਫਰੀਦ ਜੀ ਦੀ ਬਾਣੀ ਇਕੱਤਰ ਕੀਤੀ ਜੋ ਅੱਗੇ ਪੜਾਅ-ਦਰ-ਪੜਾਅ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕੀਤੀ। ਗੁਰੂ ਅਰਜਨ ਦੇਵ ਜੀ ਅਤੇ ਸਾਈਂ ਮੀਆਂ ਮੀਰ ਜੀ ਦਾ ਪਹਿਲੀ ਵਾਰ ਮਿਲਾਪ ਸਿਹਾਰੀ ਮੱਲ ਦੇ ਬੇਟੇ ਦੀ ਸ਼ਾਦੀ ਵਿਚ ਲਾਹੌਰ ਵਿਖੇ ਹੋਇਆ। ਫਿਰ ਅੱਗੇ ਮੁਲਾਕਾਤਾਂ ਦਾ ਸਿਲਸਿਲਾ ਬਾ-ਦਸਤੂਰ ਜਾਰੀ ਰਿਹਾ। ਜਦ ਗੁਰੂ ਅਰਜਨ ਦੇਵ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਸਾਈਂ ਨੇ ਦਸਤਾਰ ਭੇਟ ਕੀਤੀ ਸੀ। ਜਦ 1581 ਵਿਚ ਗੁਰੂ ਅਰਜਨ ਦੇਵ ਜੀ ਨੇ ਮਹਾਨ ਕਾਰਜ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ ਰੱਖਿਆ ਤਾਂ ਬਹੁਤ ਸਾਰੇ ਗੁਰਮੁੱਖ, ਗੁਰਸਿੱਖ ਤੇ ਮਹਾਂਪੁਰਸ਼ ਆਏ। ਸਾਈਂ ਮੀਆਂ ਮੀਰ ਜੀ ਵੀ ਲਾਹੌਰ ਤੋਂ ਉਚੇਚੇ ਤੌਰ 'ਤੇ ਪਹੁੰਚੇ ਸਨ। ਗੁਰੂ ਅਰਜਨ ਦੇਵ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ 1588 ਵਿਚ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਹਰਬੰਸ ਸਿੰਘ, ਪ੍ਰੋ. ਹਰਿੰਦਰ ਸਿੰਘ ਮਹਿਬੂਬ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਗੁਲਜਾਰ ਸਿੰਘ ਕੰਗ, ਡਾ. ਹਿਰਦੇਜੀਤ ਸਿੰਘ ਭੋਗਲ, ਮੁਨਸ਼ੀ ਮੋਹਨ ਲਾਲ ਸੂਰੀ ਆਪਣੀ ਪੁਸਤਕ 'ਉਮਦਤ-ਉਤ-ਤਵਾਰੀਖ' ਵਿਚ ਤੇ ਅੰਮ੍ਰਿਤਸਰ ਦਾ ਡਿਸਟ੍ਰਿਕਟ ਗਜ਼ਟੀਅਰ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਨੀਂਹ ਸਾਈਂ ਮੀਆਂ ਮੀਰ ਜੀ ਨੇ ਹੀ ਰੱਖੀ ਸੀ,



**11 ਅਗਸਤ ਨੂੰ ਬਰਸੀ 'ਤੇ**

**ਗੁਰੂ ਅਰਜਨ ਦੇਵ ਜੀ ਅਤੇ ਸਾਈਂ ਮੀਆਂ ਮੀਰ ਜੀ ਦਾ ਪਹਿਲੀ ਵਾਰ ਮਿਲਾਪ ਸਿਹਾਰੀ ਮੱਲ ਦੇ ਬੇਟੇ ਦੀ ਸ਼ਾਦੀ ਵਿਚ ਲਾਹੌਰ ਵਿਖੇ ਹੋਇਆ। ਫਿਰ ਅੱਗੇ ਮੁਲਾਕਾਤਾਂ ਦਾ ਸਿਲਸਿਲਾ ਬਾ-ਦਸਤੂਰ ਜਾਰੀ ਰਿਹਾ। ਜਦ ਗੁਰੂ ਅਰਜਨ ਦੇਵ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਸਾਈਂ ਮੀਆਂ ਮੀਰ ਨੇ ਦਸਤਾਰ ਭੇਟ ਕੀਤੀ ਸੀ...**

ਪਰ 'ਪੰਥ ਪ੍ਰਕਾਸ਼' ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ, ਅਤੇ 'ਗੁਰੂ ਪ੍ਰਤਾਪ ਸੂਰਜ ਗ੍ਰੰਥ' ਦੀ ਲਿਖਤ ਦੱਸਦੀ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਆਪ ਰੱਖੀ ਸੀ। ਜਿਸ ਨੂੰ ਕਾਰੀਗਰ ਨੇ ਮੁੜ ਸਿੱਧਾ ਕਰ ਕੇ ਰੱਖਿਆ ਸੀ, ਜਿਸ 'ਤੇ ਗੁਰੂ ਜੀ ਨੇ ਕਿਹਾ ਸੀ ਕਿ ਇਹ ਮੰਦਰ ਇਕ ਵਾਰ ਫਿਰ ਗਿਰੇਗਾ ਤੇ ਫਿਰ ਬਣੇਗਾ। ਦੁਬਾਰਾ ਇਸ ਨੂੰ ਮੇਰੇ ਸਿੱਖ ਬਣਾਉਣਗੇ। ਡਾ. ਮਦਨਜੀਤ ਕੌਰ, ਭਾਈ ਕਾਨ੍ਹ ਸਿੰਘ ਨਾਭਾ, ਐਮ. ਏ. ਮੈਕਾਲਿਫ, ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਵੀ ਇਸ ਗੱਲ ਨਾਲ ਸਹਿਮਤ ਹਨ। ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬ ਦੇ ਇਤਿਹਾਸ ਬਾਰੇ 1885 ਈ: ਵਿਚ ਛਪੀ ਮਸ਼ਹੂਰ ਪੁਸਤਕ 'ਉਮਦਾਤੁੱਤਵਾਰੀਖ' ਵਿਚ ਹਰਿਮੰਦਰ ਸਾਹਿਬ ਦੇ ਨੀਂਹ ਪੱਥਰ ਬਾਰੇ ਲਿਖਿਆ ਹੈ ਕਿ ਗੁਰੂ ਜੀ ਖੁੱਦ ਸਾਈਂ ਜੀ ਨੂੰ ਲੈਣ ਲਾਹੌਰ ਗਏ ਸਨ ਤੇ ਉਨ੍ਹਾਂ ਦੇ ਮੁਬਾਰਕ ਹੱਥਾਂ ਨਾਲ ਹੀ ਨੀਂਹ ਪੱਥਰ ਰਖਵਾਇਆ ਗਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਸਾਈਂ ਜੀ ਗੁਰੂ ਜੀ ਨੂੰ ਮਿਲਣ ਗਏ ਤੇ ਬੜੇ ਹੀ ਦੁਖੀ ਹਿਰਦੇ ਨਾਲ ਬੇਨਤੀ ਕੀਤੀ। ਜਿਸਦਾ 'ਭਾਈ ਸੰਤੋਖ ਸਿੰਘ ਜੀ' ਇਸ ਤਰ੍ਹਾਂ ਵਰਣਨ ਕਰਦੇ ਹਨ ਕਿ :

ਅਵਸਰ ਪਾਇ ਪੀਰ ਪੁਨ ਆਏ।
ਕਰਾਮਾਤ ਕਾਮਲ ਸਮੁਦਾਏ।।
ਨਮੋ ਕਹੀ ਹੁਇ ਖਰੇ ਅਗਾਰੀ।
ਕਯੋਂ ਤੁਮ ਸਹੋ ਕਸ਼ਟ ਤਨੁ ਭਾਰੀ?
ਹਤਹਿ ਦੁਸ਼ਟ ਦੋ ਬਿਲਮ ਨਾ ਲਾਵੈਂ।
ਆਗਯਾ ਤਨਕ ਆਪ ਕੀ ਪਾਵੈਂ।।
ਦਿਲੀ ਲਵ ਪੁਰਿ ਨਗਰ ਬਿਸਾਲੇ।
ਅਬਿ ਲੇਵੇ ਨਿਜ ਹਾਥ ਉਠਾਲੇ।।
ਦੁਹਨਿ ਭਿਰਾਵੋ ਜਿਉ ਕਰ ਵਾਰੀ।
ਦੇਉਂ ਨਾਸਕਰਿ, ਲਗਹਿ ਨਾ ਬਾਰੀ।
ਕਯੋਂ ਇਤਨੇ ਦੁਖ ਸਹੁ ਗੁਸਾਈ।
ਦਿਹੁ ਸਾਰਤ ਮੁਖ ਕਹੁ ਨਾ ਕਾਈ।

ਭਾਵ ਕਿ ਸਾਈਂ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਮੈਨੂੰ ਇੱਜ਼ਤ ਦੇਵੋ ਕਿ ਰੱਬੀ ਕ੍ਰਿਪਾ ਨਾਲ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਵਾਂ। ਜਿਸ ਸ਼ਹਿਰ ਵਿਚ ਏਨੇ ਜ਼ੁਲਮ ਹੋਣ ਉਸਦਾ ਨਸ਼ਟ ਹੋ ਜਾਣਾ ਹੀ ਠੀਕ ਹੈ। ਸਾਈਂ ਮੀਆਂ ਮੀਰ ਜੀ ਦੀਆਂ ਗੱਲਾਂ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ ਸਾਈਂ ਜੀ ਧੀਰਜ ਰੱਖੋ। ਸੂਫੀ ਅਤੇ ਸੰਤ ਰੂਹਾਨੀਅਤ ਦੇ ਉੱਚੇ ਦਰਜੇ 'ਤੇ ਹੁੰਦੇ ਹਨ, ਪਰ ਉਹ ਖੁਦਾਈ ਮਾਮਲੇ ਵਿਚ ਕੋਈ ਦਖਲ ਨਹੀਂ ਦਿੰਦੇ। ਉਹ ਹਮੇਸ਼ਾ ਰੱਬੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ। ਸਾਡੇ ਨਾਲ ਜੋ ਹੋ ਰਿਹਾ ਹੈ, ਉਹ ਰੱਬ ਦੀ ਮਰਜ਼ੀ ਹੈ। ਇਸ ਵਿਚ ਕਿਸੇ ਦਾ ਕੋਈ ਦੋਸ਼ ਨਹੀਂ ਹੈ। ਰਵਾਇਤਾਂ ਅਨੁਸਾਰ ਗੁਰੂ ਜੀ ਨੇ ਸਲੋਕ ਉਚਾਰਣ ਕੀਤਾ ਕਿ :

ਧਰਤਿ ਆਕਾਸੁ ਪਾਤਾਲ ਹੈ ਚੰਦ ਸੂਰ ਬਿਨਾਸੀ।।
ਬਾਦਿਸਾਹ ਸਾਹ ਉਮਰਾਵ ਖਾਨ ਢਹਿ ਢੇਰੀ ਡੇਰੀ ਜਾਸੀ।।
ਰੰਗ ਤੁੰਗ ਗਰੀਬ ਮਸਤ ਸਭੁ ਲੋਕ ਸਿਧਾਸੀ।।
ਕਾਜ਼ੀ ਸੇਖ ਮਸਾਇਕਾ ਸਭੇ ਉਠਿ ਜਾਸੀ।।
ਪੀਰ ਪੈਗੰਬਰ ਅਉਲੀਏ ਕੋ ਥਿਰੁ ਨ ਰਹਾਸੀ।।
ਖੁਦਾਇ ਬੰਦਾ ਅਬਿਨਾਸੀ।। ਵਾਰ ਡਖਣੇ ਮ.5

ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਵੀ ਸਾਈਂ ਜੀ ਦੇ ਸਬੰਧ ਮਿੱਤਰਤਾ ਵਾਲੇ ਹੀ ਰਹੇ। ਜਦ ਜਹਾਂਗੀਰ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਸੀ ਤਾਂ ਬਾਦਸ਼ਾਹ ਦੇ ਮਨੋਂ ਗ਼ਲਤ ਫਹਿਮੀਆਂ ਦੂਰ ਕਰ ਕੇ ਗੁਰੂ ਜੀ ਦੀ ਰਿਹਾਈ ਸੰਭਵ ਕਰਵਾਈ ਸੀ। ਫਿਰ ਜਦ ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਬੇਟੀ ਬੀਬੀ ਕੌਲਾਂ ਗੁਰੂ ਘਰ ਦੀ ਬਾਣੀ ਪੜ੍ਹਕੇ ਬਹੁਤ ਪ੍ਰਭਾਵਿਤ ਹੋਈ ਤਾਂ ਸਾਈਂ ਜੀ ਨੇ ਬੀਬੀ ਕੌਲਾ ਨੂੰ ਗੁਰੂ ਜੀ ਕੋਲ ਅੰਮ੍ਰਿਤਸਰ ਭੇਜ ਦਿੱਤਾ ਸੀ। ਜਿੱਥੇ ਗੁਰੂ ਜੀ ਨੇ ਬੀਬੀ ਕੌਲਾਂ ਜੀ ਦੇ ਨਾਂ 'ਤੇ ਸਰੋਵਰ ਵੀ ਬਣਵਾਇਆ। ਡਾ. ਮੁਹੰਮਦ ਹਬੀਬ ਆਪਣੀ ਪੁਸਤਕ 'ਸਾਈਂ ਮੀਆ ਮੀਰ' ਵਿਚ ਲਿਖਦੇ ਹਨ ਕਿ ਸਾਈਂ ਜੀ ਨੇ ਸਾਰਾ ਜੀਵਨ ਲਾਹੌਰ ਵਿਚ ਹੀ ਗੁਜ਼ਾਰਿਆ। ਜਦ ਬੁਢਾਪੇ ਕਾਰਨ ਬਹੁਤ ਕਮਜ਼ੋਰ ਹੋ ਗਏ ਤਾਂ ਆਪ ਨੂੰ ਇਕ ਭਿਆਨਕ ਬਿਮਾਰੀ ਨੇ ਘੇਰ ਲਿਆ। ਪੰਜ ਦਿਨ ਬਿਮਾਰ ਰਹਿਣ ਮਗਰੋਂ 11 ਅਗਸਤ 1644 ਈ: ਨੂੰ ਇਸ ਜਹਾਨੋਂ ਆਪ ਦੀ ਮੁਕੱਦਸ ਰੂਹ ਉਡਾਰੀ ਮਾਰ ਗਈ। •

# ਸੰਤ ਗੁਰਮੇਲ ਸਿੰਘ ਰਾਮਪੁਰ ਵਾਲੇ

ਲਾਲ ਸਿੰਘ ਮਾਂਗਟ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਰਾਮਪੁਰ ਦੀ ਪਵਿੱਤਰ ਧਰਤੀ ਨੂੰ ਜੇ ਸੰਤਾਂ ਦੀ ਤਪ ਭੂਮੀ ਕਹਿ ਲਿਆ ਜਾਵੇ ਤਾਂ ਅਤਿ ਕਥਨੀ ਨਹੀ ਹੋਵੇਗੀ। ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਵਰਸੋਏ ਸੰਤ ਬਾਬਾ ਭਗਵਾਨ ਸਿੰਘ ਜੀ, ਸੰਤ ਬਾਬਾ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਨੇ ਰਾਮਪੁਰ ਨਗਰ ਤੇ ਰਹਿਮਤਾਂ ਦੀ ਬਖ਼ਸ਼ਿਸ਼ ਕੀਤੀ। ਸੰਤ ਗੁਰਮੇਲ ਸਿੰਘ ਜੀ ਬਾਨੀ ਗੁਰਮਿਤ ਸੰਗੀਤ ਵਿਦਿਆਲਾ ਬੂੰਗਾ ਰਾਮਪੁਰ ਨੇ ਮੈਟ੍ਰਿਕ ਤਕ ਦੀ ਵਿਦਿਆ ਪ੍ਰਾਪਤ ਕੀਤੀ ਅਤੇ ...ਤੋਤਾ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਉਣ ਉਪਰੰਤ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਪ੍ਰਾਪਤ ਕੀਤੀ। ਜਿੱਥੇ ਉਨ੍ਹਾਂ ਗੁਰੂ ਘਰ ਦੀ ਸੇਵਾ ਕਰ ਕੇ ਗੁਰਬਾਣੀ ਨਾਲ ਨੇਤਾਂ ਦਾ ਮੋਹ ਪਾਲਿਆ। 2 ਅਪ੍ਰੈਲ 1947 ਨੂੰ ਮਾਤਾ ਅਮਰ ਕੌਰ ਅਤੇ ਪਿਤਾ ਸਾਧਾ ਸਿੰਘ ਮਾਂਗਟ ਦੇ ਘਰ ਜਨਮੇ ਗੁਰਮੇਲ ਸਿੰਘ ਜੀ ਨੇ ਸੰਸਾਰੀ ਕਾਰਜ ਤਿਆਗ ਕੇ ਬਾਬਾ ਨਿਰਮਲ ਸਿੰਘ ਜੀ ਹਾਪੜ ਵਾਲਿਆਂ ਨਾਲ ਪੱਕੇ ਤੌਰ ਤੇ ਗੁਰੂ ਸਾਹਿਬ ਰਾਮਪੁਰ ਵਿਖੇ ਕੀਰਤਨ ਦੀ ਸੇਵਾ ਕਰਨੀ ਸ਼ੁਰੂ ਕੀਤੀ।

ਸੰਤ ਭਗਵਾਨ ਸਿੰਘ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਕਰੀਬ ਤਿੰਨ ਸਾਲ ਦਮਦਮੀ ਟਕਸਾਲ ਰੇਰੂ ਬੀਸਰ ਨਗਰ ਕੱਟੂ ਵਿਖੇ ਨਾਮ ਸਿਮਰਨ ਦੀ ਕਮਾਈ ਕੀਤੀ ਅਤੇ 1987 ਵਿਚ ਰਾਮਪੁਰ ਵਿਖੇ



ਗੁਰਦੁਆਰਾ ਗੁਰਮਤਿ ਸੰਗੀਤ ਵਿਦਿਆਲਾ ਦੀ ਸਥਾਪਨਾ ਕਰ ਕੇ ਬੱਚਿਆਂ ਨੂੰ ਵਿੱਦਿਆ ਦੇਣ ਦਾ ਉਪਰਾਲਾ ਕੀਤਾ। ਯੂ.ਪੀ, ਬਿਹਾਰ, ਉਤਰਾਖੰਡ ਦੇ ਯਤੀਮ, ਅਨਾਥ ਅਤੇ ਚੁਣੌਤੀਪੂਰਨ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ-ਨਾਲ 1984 ਤੋਂ ਪੰਥ ਖ਼ਾਲਸੇ ਦੀ ਚੜ੍ਹਦੀ ਕਲਾ ਲਈ ਹਰ ਮਹੀਨੇ ਚਾਰ ਸਹਿਜ ਪਾਠ ਕਰਦੇ ਸਨ। ਆਪ ਨੇ ਛੇ ਪੁਸਤਕਾਂ ਰਾਹੀਂ ਸੰਸਾਰੀ ਤੇ ਬ੍ਰਹਮ ਦਾ ਗਿਆਨ ਵੰਡਿਆ। ਗੁਰਮਤਿ ਕਾਰਜਾਂ ਨੂੰ ਸਮਰਪਿਤ ਰਹਿੰਦੇ ਹੋਏ 31 ਜੁਲਾਈ 2005 ਨੂੰ ਸਰੀਰ ਤਿਆਗ ਗਏ।

ਮੋਬਾਈਲ- 98882-02122

# ਗੁਰੂ ਕੇ ਬਾਗ਼ ਦਾ ਮੋਰਚਾ

ਗੁਰਦੁਆਰਾ ਗੁਰੂ ਕਾ ਬਾਗ਼ (ਘੁੱਕੇਵਾਲੀ) ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕੋਈ 13 ਕੁ ਮੀਲ 'ਤੇ ਸਥਿਤ ਹੈ। ਗੁਰੂ ਅਰਜਨ ਦੇਵ ਜੀ ਨੇ 1583 ਵਿਚ ਸਿੱਖੀ ਦੇ ਪ੍ਰਚਾਰ ਦੌਰੇ ਦੌਰਾਨ ਆਪਣੇ ਪਵਿੱਤਰ ਚਰਨ ਇਸ ਜਗ੍ਹਾ ਪਾਏ ਸਨ। ਇਸ ਜਗ੍ਹਾ ਗੁਰਦੁਆਰਾ ਸਾਹਿਬ ਬਣਵਾਇਆ ਗਿਆ। ਇਸ ਗੁਰਦੁਆਰਾ ਸਾਹਿਬ ਦਾ ਨਾਂ ਉਸ ਵੇਲੇ 'ਰੋੜ ਸਾਹਿਬ' ਰੱਖਿਆ ਗਿਆ। ਦੂਜੀ ਵਾਰ ਫਿਰ ਦੁਬਾਰਾ ਗੁਰੂ ਅਰਜਨ ਦੇਵ ਸਾਹਿਬ ਇਸ ਅਸਥਾਨ 'ਤੇ ਪਧਾਰੇ ਤਾਂ ਬਾਬਾ ਲਾਲ ਚੰਦ ਨੇ ਇਸ ਥਾਂ ਬੜਾ ਸੁੰਦਰ ਮਕਾਨ ਬਣਵਾਇਆ ਤੇ ਬੰਜਰ ਪਈ ਜ਼ਮੀਨ 'ਚ ਬਾਗ਼ ਲਗਵਾ ਦਿੱਤਾ ਤਾਂ ਇਸ ਗੁਰਦੁਆਰਾ ਸਾਹਿਬ ਦਾ ਨਾਂ 'ਗੁਰੂ ਕਾ ਬਾਗ' ਪ੍ਰਸਿੱਧ ਹੋ ਗਿਆ।

ਇਸ ਪਵਿੱਤਰ ਧਰਤੀ ਨੂੰ ਨੌਵੇਂ ਸਤਿਗੁਰੂ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦ ਸਿੰਘ ਆਪਣੇ ਘਰ ਘਾਟ ਤਿਆਗ ਕੇ ਜੰਗਲਾਂ ਬੇਲਿਆਂ ਵਿਚ ਲੁੱਕ ਛਿਪ ਕੇ ਦਿਨ ਕੱਟਣ ਲੱਗੇ ਤਾਂ ਇਸ ਸਮੇਂ 'ਚ ਗੁਰਦਆਰਿਆਂ ਦਾ ਪ੍ਰਬੰਧ ਨਿਰਮਲੇ ਸੰਤ ਅਤੇ ਉਦਾਸੀ ਸੰਪਰਦਾਇ ਦੇ ਮਹੰਤਾਂ ਨੇ ਸੰਭਾਲ ਲਿਆ। ਜਦ ਪੰਜਾਬ ਦੀ ਧਰਤੀ ਉੱਪਰ ਫਿਰ ਤੋਂ ਸਿੱਖ ਪੰਥ ਦੀ ਤਾਕਤ ਜ਼ੋਰ ਫੜ ਗਈ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸ਼ਕਤੀਸ਼ਾਲੀ ਰਾਜ ਕਾਇਮ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਇਤਿਹਾਸਿਕ ਗੁਰਦੁਆਰਿਆਂ ਦੇ ਨਾਂ ਕਾਫ਼ੀ ਜਾਇਦਾਦਾਂ ਲਵਾਈਆਂ ਤਾਂ ਕਿ ਇਨ੍ਹਾਂ ਦੀ ਆਮਦਨ ਦੇ ਨਾਲ ਗੁਰੂ ਘਰ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਪਰ ਜਦ 1849 ਈ: ਵਿਚ ਪੰਜਾਬ ਦੀ ਧਰਤੀ ਉੱਪਰ ਅੰਗਰੇਜ਼ ਰਾਜ ਕਾਇਮ ਹੋ ਗਿਆ ਤਾਂ ਉਨ੍ਹਾਂ ਨੇ ਸਿੱਖੀ ਵਿਸ਼ਵਾਸ ਨੂੰ ਖ਼ਤਮ ਕਰਨ ਲਈ ਇਕ ਯਤਨ ਆਰੰਭਿਆ ਕਿ ਸਿੱਖਾਂ ਨੂੰ ਗੁਰਦੁਆਰਿਆਂ ਨਾਲੋਂ ਤੋੜਿਆ ਜਾਵੇ। ਇਸ ਲਈ ਅੰਗਰੇਜ਼ਾਂ ਨੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੰਭਾਲ ਰਹੇ ਮਹੰਤਾਂ ਨੂੰ ਆਪਣੇ ਵੱਸ ਵਿਚ ਕੀਤਾ। ਗੁਰਦੁਆਰਿਆਂ ਦੀ ਚੋਖੀ ਆਮਦਨ ਅਤੇ ਦੂਜਾ ਅੰਗਰੇਜ਼ ਰਾਜ ਦੀ ਪੂਰੀ ਹਮਾਇਤ, ਜਿਸ ਕਰਕੇ ਮਹੰਤ ਸ਼ਰਾਬੀ ਅਤੇ ਆਯਾਸ਼ ਹੋ ਗਏ। ਗੁਰਦੁਆਰੇ ਅਯਾਸ਼ੀ ਦੇ ਅੱਡੇ ਬਣ ਗਏ। ਵੀਹਵੀਂ ਸਦੀ ਦੇ ਆਰੰਭ ਵਿਚ ਕੁੱਝ ਘਟਨਾਵਾਂ ਘਟੀਆਂ ਜਿਨ੍ਹਾਂ ਨੇ ਸਿੱਖ ਹਿਰਦੇ ਵਲੂੰਧਰ ਕੇ ਰੱਖ ਦਿੱਤੇ। ਉਨ੍ਹਾਂ ਇਸ ਗੱਲ ਦਾ ਖ਼ਿਆਲ ਕੀਤਾ ਕਿ ਗੁਰਦੁਆਰਿਆਂ ਦਾ ਪ੍ਰਬੰਧ ਸੁਧਾਰਿਆ ਜਾਵੇ।

ਦੋ ਘਟਨਾਵਾਂ ਨੇ ਸਿੱਖਾਂ ਨੂੰ ਕੁੱਝ ਜ਼ਿਆਦਾ ਹੀ ਝੰਜੋੜਿਆ ਪਹਿਲੀ ਤਾਂ ਇਹ ਕਿ 1914 ਈ: ਨੂੰ ਕਲਕੱਤੇ ਬਜਬਜ ਘਾਟ 'ਤੇ ਸ਼ਹੀਦ ਹੋਣ ਵਾਲੇ 22 ਸਿੱਖ ਮੁਸਾਫਿਰਾਂ ਦੇ ਬਾਰੇ ਅੰਗਰੇਜ਼ ਸਰਕਾਰ ਦੀ ਸ਼ਹਿ ਉੱਪਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਅਰੂੜ ਸਿੰਘ ਰਾਹੀਂ ਹੁਕਮਨਾਮਾ ਜਾਰੀ ਕਰਵਾਇਆ ਗਿਆ ਕਿ ਉਹ ਸਿੱਖ ਨਹੀਂ ਸਨ। ਦੂਜਾ ਜਲ੍ਹਿਆਂ ਵਾਲੇ ਬਾਗ਼ ਵਿਚ 1919 ਈ: ਦੀ ਵਿਸਾਖੀ ਨੂੰ ਘਟਨਾ ਘਟੀ ਜਿਸ ਵਿਚ 800 ਦੇ ਕਰੀਬ ਸਿੱਖ ਸਨ, ਸ਼ਹੀਦ ਕਰਨ ਵਾਲੇ ਜਨਰਲ ਡਾਇਰ ਨੂੰ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਜਥੇਦਾਰ ਅਰੂੜ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਜਦ ਪੰਥ ਦਰਦੀਆਂ ਨੇ 5 ਅਕਤੂਬਰ 1920 ਨੂੰ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਤਾਂ ਸਿੱਖ ਪੰਥ ਵਿਚ ਇਕ ਨਵੀਂ ਜਾਗ੍ਰਿਤੀ ਲਹਿਰ ਪੈਦਾ ਹੋਈ ਜੋ 'ਗੁਰਦੁਆਰਾ ਸੁਧਾਰ ਲਹਿਰ' ਦੇ ਨਾਂ ਨਾਲ ਜਾਣੀ ਗਈ। ਇਸ ਸਮੇਂ ਦੌਰਾਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ।


ਅੰਮ੍ਰਿਤਸਰ ਦੇ ਨੇੜੇ ਗੁਰੂ ਕਾ ਬਾਗ਼ ਪਿੰਡ ਘੁੱਕੇਵਾਲੀ ਵਿਚ 8 ਫਰਵਰੀ 1921 ਨੂੰ ਉੱਥੋਂ ਦੇ ਮਹੰਤ ਸੁੰਦਰ ਦਾਸ ਨੇ ਗੁਰਦੁਆਰਾ ਗੁਰੂ ਕਾ ਬਾਗ਼ ਵਿਚ 20 ਬਦਚਲਣ ਔਰਤਾਂ ਲਿਆਂਦੀਆਂ। ਸਿੱਖਾਂ ਦੇ ਵਿਰੋਧ ਕਰਨ ਤੇ ਉਸ ਨੇ ਮਾਫ਼ੀ ਮੰਗੀ ਤੇ ਕਿਹਾ ਕਿ ਮੈਂ 'ਅੰਮ੍ਰਿਤ ਛੱਕ ਕੇ ਸਿੰਘ ਸੱਜ ਜਾਵਾਂਗਾ, ਇਸ ਲਈ ਮੇਰੇ ਕੋਲੋਂ ਗੁਰਦੁਆਰਾ ਸਾਹਿਬ ਦਾ ਕਬਜ਼ਾ ਨਾ ਲਿਆ ਜਾਵੇ'। ਸਾਰੇ ਸਿੱਖ ਮੰਨ ਗਏ, ਪਰ ਇਹ ਤਾਂ ਮਹੰਤ ਦੀ ਸਿਰਫ਼ ਚਾਲ ਸੀ। ਮਹੰਤ ਨੇ ਉੱਥੋਂ ਦੇ ਪੁਲਿਸ ਇੰਚਾਰਜ਼ ਮਿ. ਬੀ.ਟੀ ਨਾਲ ਮਿਲ ਕੇ ਇਕ ਚਾਲ ਚੱਲੀ। ਜਿਹੜੇ ਸਿੰਘ ਬਾਗ਼ ਵਿੱਚੋਂ ਗੁਰੂ ਘਰ ਦੇ ਲੰਗਰ ਲਈ ਲੱਕੜਾਂ ਕੱਟਣ ਲਈ ਗਏ ਸਨ, ਉਨ੍ਹਾਂ ਨੂੰ ਚੋਰੀ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਲਿਆ ਤਾਂ ਉੱਥੇ ਮੋਰਚਾ ਲੱਗ ਗਿਆ। ਪੰਜ-ਪੰਜ ਸਿੰਘਾਂ ਦੇ ਹੋਰ ਜਥੇ ਭੇਜੇ ਗਏ। ਫਿਰ ਸੌ-ਸੌ ਦੇ ਜਥੇ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਰਹਿ ਕੇ ਵਿਰੋਧ ਕਰਨ ਲਈ ਭੇਜਿਆ ਜਾਂਦਾ।

ਜਦ ਇਹ ਮੋਰਚਾ ਲੱਗਿਆ ਹੋਇਆ ਸੀ ਤਾਂ ਅੰਗਰੇਜ਼ ਸਰਕਾਰ ਦੇ ਤਸ਼ਦੱਦ ਸਹਿੰਦਿਆਂ ਨੂੰ ਪੰਡਿਤ ਮਦਨ ਮੋਹਨ ਮਾਲਵੀਆ, ਪਾਦਰੀ ਐਂਡਰਯੂਜ਼, ਸਰੋਜਨੀ ਨਾਇਡੋ, ਭਾਈ ਜੋਧ ਸਿੰਘ ਤੇ ਸਮੂਹ ਅਖ਼ਬਾਰਾਂ ਦੇ ਪੱਤਰਕਾਰ ਭਾਈਚਾਰੇ ਨੇ ਆਪਣੀਆਂ ਅੱਖਾਂ ਨਾਲ ਵੇਖਿਆ। ਮਦਨ ਮੋਹਨ ਮਾਲਵੀਆਂ ਨੇ ਪੰਜਾਬ ਦੇ ਗਵਰਨਰ ਮੈਕਲੇਗਨ ਨੂੰ ਇਹ ਤਸ਼ੱਦਦ ਬੰਦ ਕਰਨ ਲਈ ਕਿਹਾ। ਅੰਤ 13 ਸਤੰਬਰ 1922 ਨੂੰ ਗਵਰਨਰ ਖ਼ੁਦ ਗੁਰੂ ਕੇ ਬਾਗ਼ ਪੁੱਜਾ ਤਾਂ ਜਾ ਕੇ ਇਹ ਤਸ਼ੱਦਦ ਬੰਦ ਹੋਇਆ। ਇਸ ਮੋਰਚੇ ਦੌਰਾਨ 800 ਤੋਂ ਜ਼ਿਆਦਾ ਸਿੰਘ ਜ਼ਖ਼ਮੀ ਹੋਏ ਤੇ ਕੋਈ 5500 ਤੋਂ ਵੀ ਜ਼ਿਆਦਾ ਗ੍ਰਿਫ਼ਤਾਰੀਆਂ ਹੋਈਆਂ।

ਫਿਰ ਇਕ ਰਿਟਾ. ਇੰਜੀ. ਨੇ ਇਸ ਮਸਲੇ ਦਾ ਹੱਲ ਕੀਤਾ। ਉਸਨੇ ਮਹੰਤਾਂ ਕੋਲੋਂ ਜ਼ਮੀਨ ਪਟੇ 'ਤੇ ਲੈ ਕੇ ਅਕਾਲੀਆਂ ਦੇ ਸਪੁਰਦ ਕਰ ਦਿੱਤੀ। ਇਸ ਗੁਰਦੁਆਰਾ ਸਾਹਿਬ 'ਤੇ ਅਕਾਲੀਆਂ ਦਾ ਕਬਜ਼ਾ ਹੋ ਗਿਆ। ਇਸ ਗੱਲ ਦੀ ਖ਼ਬਰ ਸਰਕਾਰ ਨੂੰ ਭੇਜੀ ਗਈ ਤਾਂ ਸਰਕਾਰ ਨੇ ਉੱਥੋਂ ਪੁਲਿਸ ਹਟਾ ਲਈ ਤੇ ਅਕਾਲੀ ਪੂਰੀ ਤਰ੍ਹਾਂ ਨਾਲ ਇਸ ਜ਼ਮੀਨ 'ਤੇ ਕਾਬਿਜ਼ ਹੋ ਗਏ। ਗੁਰੂ ਕੇ ਬਾਗ਼ ਦਾ ਮੋਰਚਾ ਫਤਹਿ ਹੋਣ ਨਾਲ ਗੁਰਦੁਆਰਾ ਸੁਧਾਰ ਲਹਿਰ ਹੋਰ ਮਜ਼ਬੂਤ ਹੋ ਗਈ। •

# ਉਲਮਾ

ਇਸਲਾਮ ਧਰਮ ਦੇ ਵਿਦਵਾਨਾਂ ਨੂੰ ਉਲਮਾ ਕਿਹਾ ਜਾਂਦਾ ਹੈ। ਉਲਮਾ ਸ਼ਬਦ ਆਲਿਮ ਦਾ ਬਹੁ-ਵਚਨ ਹੈ। ਆਲਿਮ ਸ਼ਬਦ ਗਿਆਨਵਾਨ, ਵਿਦਵਾਨ ਲਈ ਵਰਤਿਆ ਜਾਂਦਾ ਹੈ। ਉਲਮਾ ਦਾ ਦਰਜਾ, ਮਰਤਬਾ ਇਸਲਾਮ ਵਿਚ ਬੇਹੱਦ ਇਹਤਰਾਮ ਵਾਲਾ ਹੈ। ਉਲਮਾ ਨੂੰ ਅੰਬੀਆ ਦੇ ਵਾਰਸ ਮੰਨਿਆ ਜਾਂਦਾ ਹੈ। ਉਲਮਾ ਲੋਕਾਂ ਨੂੰ ਆਮ ਤੌਰ 'ਤੇ ਦੋ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ-ਉਲਮਾ-ਅਜ਼-ਜ਼ਾਹਿਰ ਅਤੇ ਉਲਮਾ-ਅਜ਼-ਬਾਤਿਨ।



ਇਸਲਾਮੀ ਸ਼ਰੀਅਤ ਦੇ ਵਿਦਵਾਨਾਂ, ਮੁਫ਼ਤੀ,ਕਾਜ਼ੀ, ਮੌਲਵੀ ਵਗੈਰਾ ਨੂੰ ਉਲਮਾ-ਅਜ਼-ਜ਼ਾਹਿਰ ਕਿਹਾ ਜਾਂਦਾ ਹੈ। ਇਹ ਉਲਮਾ, ਉਲਮਾ-ਅਜ਼-ਜ਼ਾਹਿਰ ਇਸਲਾਮੀ ਸ਼ਰੀਅਤ ਦੇ ਸਭ ਤਰ੍ਹਾਂ ਦੇ ਮਸਲਿਆਂ, ਨਿਯਮਾਂ, ਕਾਇਦੇ ਕਾਨੂੰਨਾਂ, ਹਦੀਸ, ਫ਼ਿਕਹ ਆਦਿ ਦੇ ਮਾਹਿਰ ਹੁੰਦੇ ਹਨ। ਰੂਹਾਨੀ ਇਲਮ ਦੇ ਮਾਹਿਰ ਔਲੀਆ ਅੱਲਾਹ, ਕਾਮਿਲ ਸੂਫ਼ੀ ਦਰਵੇਸ਼ਾਂ, ਫ਼ੁਕਰਾਇ-ਕਾਮਿਲ ਨੂੰ ਉਲਮਾ-ਅਜ਼-ਬਾਤਿਨ ਕਿਹਾ ਜਾਂਦਾ ਹੈ ਜੋ ਲੋਕਾਈ ਨੂੰ ਰਾਹੇ-ਰਾਸਤ ਦਾ ਪੈਗ਼ਾਮ ਦੇ ਕੇ ਇਕ ਰੱਬ ਦੀ ਇਬਾਦਤ ਨਾਲ ਜੋੜਦੇ ਹਨ। ਉਲਮਾ-ਅਜ਼-ਬਾਤਿਨ ਸੁਲਹਕੁਲ ਨੀਤੀ ਦੇ ਧਾਰਨੀ ਹੁੰਦੇ ਹਨ ਅਤੇ ਲੋਕਾਂ ਨੂੰ ਇਨਸਾਨੀ ਭਾਈਚਾਰੇ ਅਤੇ ਖ਼ਿਦਮਤੇ-ਖ਼ਲਕ ਦਾ ਉਪਦੇਸ਼ ਦਿੰਦੇ ਹਨ। ਇਸ ਤੋਂ ਇਲਾਵਾ ਉਲਮਾ-ਅਜ਼-ਜ਼ਾਹਿਰ ਅਧੀਨ ਇਕ ਸ਼੍ਰੇਣੀ ਉਨ੍ਹਾਂ ਉਲਮਾ ਦੀ ਹੈ ਜਿਹੜੇ ਬਾਦਸ਼ਾਹਾਂ, ਸੁਲਤਾਨਾਂ, ਹਾਕਮਾਂ ਦੀ ਸਰਪ੍ਰਸਤੀ ਹਾਸਲ ਕਰ ਕੇ ਉਨ੍ਹਾਂ ਦੇ ਚੰਗੇ-ਮਾੜੇ ਸਭ ਤਰ੍ਹਾਂ ਦੇ ਕੰਮਾਂ ਦੀ ਹਮਾਇਤ ਕਰਦੇ ਹਨ, ਦੁਨਿਆਵੀ ਕਿਸਮ ਦੇ ਇਨ੍ਹਾਂ ਉਲਮਾ ਨੂੰ ਉਲਮਾ-ਏ-ਸੂ ਕਿਹਾ ਜਾਂਦਾ ਹੈ। ਐਸੇ ਉਲਮਾ ਨੂੰ ਲੋਕ ਨਫ਼ਰਤ ਕਰਦੇ ਹਨ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ

# ਸਿੱਖ ਧਰਮ ਵਿਚ ਦਸਵੰਧ

ਸਿੱਖ ਧਰਮ ਵਿਚ ਦਸਵੰਧ ਦਾ ਬਹੁਤ ਹੀ ਸਤਿਕਾਰਤ ਅਤੇ ਆਰਥਿਕ ਮਹੱਤਵ ਹੈ। ਇਸ ਦੀ ਆਰੰਭਤਾ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੱਲੋਂ ਨਵਉਸਾਰੀਆਂ ਦੀ ਮੁਕੰਮਲਤਾ ਲਈ ਕੀਤੀ ਗਈ ਸੀ। ਦਸਵੰਧ ਦੀ ਪ੍ਰਥਾ ਅਸਲ ਵਿਚ ਮਸੰਦ ਪ੍ਰਥਾ ਦਾ ਹੀ ਇਕ ਨਿਖ਼ਰਿਆ ਹੋਇਆ ਰੂਪ ਹੈ। ਇਹ ਇਕ ਨਿਮਾਣੇ ਅਤੇ ਸੱਚੇ ਸਿੱਖ ਲਈ ਆਪਣੀ ਕਿਰਤ-ਕਮਾਈ ਵਿੱਚੋਂ ਗੁਰਮਤਿ ਦੇ ਲੋਕ ਭਲਾਈ ਹਿੱਤ ਕੀਤੇ ਜਾਣ ਵਾਲੇ ਕਾਰਜਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਲਾਜ਼ਮੀ ਕੀਤਾ ਗਿਆ ਇਕ ਮਾਲੀ ਯੋਗਦਾਨ ਹੈ ਜਿਸ ਦਾ ਆਧਾਰ ਬਣਦੇ ਹਨ ਗੁਰੂ ਨਾਨਕ ਦੇਵ ਦੇ ਪਾਵਨ ਬਚਨ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਇਨ੍ਹਾਂ ਬਚਨਾਂ ਨੂੰ ਕਮਾਉਣ ਵਾਲਾ ਸਿੱਖ ਆਪਣੀ ਨੇਕ ਕਮਾਈ ਦਾ ਦਸਵਾਂ ਹਿੱਸਾ ਗੁਰੂ ਘਰ ਨੂੰ ਅਰਪਿਤ ਕਰ ਕੇ ਗੁਰੂ ਬਾਬੇ ਦੀਆਂ ਖ਼ੁਸ਼ੀਆਂ ਦਾ ਪਾਤਰ ਬਣਦਾ ਹੈ।

ਕਈ ਵਾਰ ਦਸਵੰਧ ਨੂੰ ਇਕ ਦਾਨ-ਪੁੰਨ ਦੇ ਤੌਰ 'ਤੇ ਵੀ ਤਸਲੀਮ ਕਰ ਲਿਆ ਜਾਂਦਾ ਹੈ ਪਰ ਦਾਨ ਦੀ ਧਾਰਨਾ ਕਰਮਕਾਂਡੀ ਵਿਧੀ-ਵਿਧਾਨ ਨਾਲ ਜੁੜੀ ਹੋਈ ਹੋਣ ਕਰਕੇ ਮਨੁੱਖ ਨੂੰ ਮੁਕਤੀ ਦਾ ਲਾਰਾ ਲਗਾਉਂਦੀ ਹੈ, ਜਿਸ ਦੀ ਸਿੱਖੀ ਸਿਧਾਂਤ ਵਿਚ ਕੋਈ ਥਾਂ ਨਹੀਂ ਹੈ। ਇਸ ਦੇ ਨਾਲ ਹੀ ਦਾਨ ਵਿਹਲੜਾਂ ਅਤੇ ਮੰਗਤਿਆਂ ਨੂੰ ਕਿਰਤ-ਸਭਿਆਚਾਰ ਤੋਂ ਬੇਮੁੱਖ ਕਰੀ ਰੱਖਦਾ ਹੈ।

ਦਸਵੰਧ ਦੀ ਰਕਮ ਸਿੱਖਾਂ ਵੱਲੋਂ ਸਵੈ-ਇੱਛਾ ਨਾਲ ਦਿੱਤੀ ਜਾਂਦੀ ਹੈ ਜੋ ਪਹਿਲ ਦੇ ਆਧਾਰ 'ਤੇ ਰੂਹਾਨੀ ਖ਼ੁਰਾਕ ਦੇਣ ਵਾਲੇ ਧਰਮ ਕਾਰਜਾਂ ਹਿੱਤ ਵਰਤੀ ਜਾਂਦੀ ਹੈ। ਇਹ ਖ਼ੁਰਾਕ ਸਾਧ-ਸੰਗਤ ਦੇ ਮਿਲਾਪ, ਗੁਰਬਾਣੀ ਕੀਰਤਨ ਅਤੇ ਗੁਰ ਉਪਦੇਸ਼ ਰਾਹੀਂ ਪ੍ਰਾਪਤ ਹੁੰਦੀ ਹੈ। ਭਾਵੇਂ ਦਸਵੰਧ ਦੀ ਵਧੇਰੇ ਲੋੜ ਗੁਰੂ ਅਰਜਨ ਦੇਵ



ਜੀ ਦੇ ਸਮੇਂ ਵਿਚ ਮਹਿਸੂਸ ਕੀਤੀ ਗਈ ਹੈ ਪਰ ਇਸ ਦੀ ਹਾਮੀ ਪੂਰਵਕਾਲੀ ਗੁਰੂ ਸਾਹਿਬਾਨ ਵੱਲੋਂ ਵੀ ਭਰੀ ਗਈ ਹੈ। ਜਦੋਂ ਗੋਇੰਦਵਾਲ ਸਾਹਿਬ ਵਿਖੇ ਅਕਬਰ ਬਾਦਸ਼ਾਹ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਦਰਸ਼ਨ-ਦੀਦਾਰੇ ਕਰਨ ਲਈ ਆਇਆ ਤਾਂ ਉਸ ਨੂੰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ-ਪਾਣੀ ਛੱਕਣਾ ਪਿਆ। ਗੁਰੂ ਘਰ ਦੀ ਸਾਂਝੀਵਾਲਤਾ ਵਾਲੀ ਇਹ ਮਰਯਾਦਾ ਦੇਖ ਕੇ ਉਹ ਬਹੁਤ ਪ੍ਰਸੰਨਚਿੱਤ ਹੋਇਆ। ਪ੍ਰਸੰਨਤਾ ਦੀ ਪੌੜੀ ਦੇ ਸਿਖਰਲੇ ਡੰਡੇ ਉਪਰ ਜਾ ਕੇ ਅਕਬਰ ਨੇ ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰੂ ਕੇ ਲੰਗਰ ਵਾਸਤੇ ਜਗੀਰ ਦੇਣ ਦੀ ਗੱਲ ਕਹੀ ਤਾਂ ਉਨ੍ਹਾਂ ਨੇ ਕਿਹਾ ਕਿ,'ਗੁਰੂ ਕਾ ਲੰਗਰ ਸ਼ਰਧਾਲੂਆਂ ਦੀ ਕਿਰਤ-ਕਮਾਈ ਨਾਲ ਹੀ ਚੱਲਣਾ ਚਾਹੀਦਾ ਹੈ'। ਇਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਘਰ ਕਿਸੇ ਜਗੀਰ ਜਾਂ ਅਮੀਰ ਦਾ ਮੁਥਾਜ ਨਹੀਂ ਸਗੋਂ ਆਪਣੇ ਸਿਦਕੀ ਸਿੱਖਾਂ ਦੀ ਨੇਕ ਕਮਾਈ 'ਚੋਂ ਨਿਕਲੇ ਦਸਵੰਧ ਜਾਂ ਉਸ ਵਹਿਗੁਰੂ ਦੀ ਬਖ਼ਸ਼ਿਸ਼ ਨਾਲ ਚੱਲਦਾ ਆ ਰਿਹਾ ਹੈ ਅਤੇ ਚੱਲਦਾ ਰਹੇਗਾ।

ਧਰਮ-ਕਰਮ ਦੇ ਪਵਿੱਤਰ ਕਾਰਜਾਂ ਤੋਂ ਇਲਾਵਾ ਦਸਵੰਧ ਦੀ ਰਕਮ ਨਾਲ ਸੰਗਤਾਂ ਦੀ ਸੰਕਟ ਦੇ ਸਮੇਂ ਲੋੜ ਅਨੁਸਾਰ ਸਹਾਇਤਾ ਵੀ ਕੀਤੀ ਜਾਂਦੀ ਹੈ। ਇਸ ਦਸਵੰਧ ਦੀ ਮਾਇਆ ਨਾਲ ਹੀ ਭਗਤ ਪੂਰਨ ਸਿੰਘ ਵਰਗੇ ਮਹਾਂਪੁਰਖਾਂ ਨੇ ਨਿਆਸਰਿਆਂ ਨੂੰ ਆਸਰਾ ਦੇਣ ਵਾਲੀ ਪਿੰਗਲਵਾੜੇ ਵਰਗੀ ਮਹਾਨ ਸੰਸਥਾ ਦੀ ਸਥਾਪਨਾ ਕੀਤੀ ਸੀ ਜੋ ਅੱਜ ਵੀ ਕਈ ਲਾਵਾਰਿਸਾਂ ਦੀ ਵਾਰਿਸ ਬਣੀ ਹੋਈ ਹੈ। ਗੁਰੂ ਕੀ ਗੋਲਕ ਨੂੰ ਗ਼ਰੀਬ ਦਾ ਮੂੰਹ ਮੰਨਿਆ ਗਿਆ ਹੈ। ਇਸ ਦੇ ਰਾਹੀਂ ਵੀ ਦੀਨ-ਦੁਖੀਆਂ ਅਤੇ ਲੋੜਵੰਦਾਂ ਦੀ ਹਰ ਪ੍ਰਕਾਰ ਦੀ ਮਦਦ ਕੀਤੀ ਜਾ ਸਕਦੀ ਹੈ। ਇਹ ਮਦਦ ਗੁਰੂ ਸਾਹਿਬਾਨ ਦੇ ਵਕਤਾਂ ਤੋਂ ਹੀ ਹੁੰਦੀ ਆ ਰਹੀ ਹੈ। ਇਹ ਮਦਦ ਵੀ ਨਾਨਕ ਨਾਮ-ਲੇਵਾ ਸੰਗਤਾਂ ਵੱਲੋਂ ਆਪਣੀ ਕਮਾਈ ਨੂੰ ਸਫਲ ਬਣਾਉਣ ਹਿੱਤ ਦਿੱਤੇ ਗਏ ਦਸਵੰਧ ਉਪਰ ਹੀ ਨਿਰਭਰ ਕਰਦੀ ਹੈ।

• ਰਮੇਸ਼ ਬੱਗਾ ਚੋਹਲਾ
ਮੋਬਾਈਲ : 9463132719

# ਜ਼ਿੰਦਗੀ ਤੇ ਖ਼ਾਹਿਸ਼ਾਂ

ਬਲਵੀਰ ਮੰਨਣ

ਖ਼ਾਹਿਸ਼ਾਂ ਹਨ ਕਿ ਮੁੱਕਣ ਦਾ ਨਾਂ ਹੀ ਨਹੀਂ ਲੈਂਦੀਆਂ। ਇਕ ਅਜੇ ਪੂਰੀ ਹੋ ਜਾਣ ਲਈ ਤਾਂਘ ਹੀ ਰਹੀ ਹੁੰਦੀ ਹੈ ਕਿ ਪੱਕੀ ਤੇ ਨਿੱਗਰ ਜੜ੍ਹ ਲਈ ਨਵੀਂ ਪੁੰਗਰ ਪੈਂਦੀ ਹੈ। ਮਨੁੱਖ ਨੂੰ ਚੈਨ ਨਾਲ ਕਦੇ ਵੀ, ਕਿੱਥੇ ਬਹਿਣ ਦਿੰਦੀਆਂ ਹਨ ਇਹ ਖ਼ਾਹਿਸ਼ਾਂ? ਇਨ੍ਹਾਂ ਖ਼ਾਹਿਸ਼ਾਂ ਨੂੰ ਪੂਰਾ ਕਰਦਾ-ਕਰਦਾ ਮਨੁੱਖ ਇਕ ਦਿਨ ਆਪ ਹੀ ਪੂਰਾ ਹੋ ਜਾਂਦਾ ਹੈ। ਭਾਵੇਂ ਮਨੁੱਖ ਨੂੰ ਗਤੀਮਾਨ ਰੱਖਣ ਲਈ ਖ਼ਾਹਿਸ਼ਾਂ ਈਂਧਨ ਦਾ ਕੰਮ ਕਰਦੀਆਂ ਹਨ ਪਰ ਕਿਸੇ ਖ਼ਾਹਿਸ਼ ਦੀ ਪੂਰਤੀ ਜਿੰਨਾ ਚਿਰ ਨਹੀਂ ਹੁੰਦੀ, ਤਦ ਤਕ ਮਨੁੱਖੀ ਮਨ ਵੀ ਅੰਗਾਰਿਆਂ 'ਤੇ ਪਈ ਹੋਈ ਕਿਸੇ ਚੀਜ਼ ਵਾਂਗਰਾਂ ਭੁੱਜਦਾ ਹੀ ਤਾਂ ਰਹਿੰਦਾ ਹੈ ਇਕ ਦਿਨ ਇਹ ਖ਼ਾਹਿਸ਼ਾਂ ਮਨੁੱਖ ਨੂੰ ਸੰਸਾਰ ਤੋਂ ਹੀ ਚੱਲਦਾ ਕਰ ਦਿੰਦੀਆਂ ਹਨ।



ਕਈ ਵਾਰ ਜਦੋਂ ਮਨੁੱਖ ਖ਼ੁਦ ਨੂੰ ਖ਼ਾਹਿਸ਼ਾਂ ਦੇ ਜਾਲ਼ ਵਿਚ ਬੁਰੀ ਤਰ੍ਹਾਂ ਫਸਿਆ ਮਹਿਸੂਸ ਕਰਦਾ ਹੈ ਤਾਂ ਸੋਚਦਾ ਹੈ ਕਿ ਇਹ ਸਾਰਾ ਕੁਝ ਕੀ ਹੈ? ਇਹ ਕਾਹਦੇ ਵਾਸਤੇ ਹੈ? ਪਰ ਦੂਜੇ ਹੀ ਪਲ ਫਿਰ ਉਹ ਸੰਸਾਰਕ ਵਹਿਣ ਵਿਚ ਵਹਿ ਜਾਂਦਾ ਹੈ ਤੇ ਉੱਠ ਪੈਂਦਾ ਹੈ, ਰਹਿੰਦੀਆਂ ਖ਼ਾਹਿਸ਼ਾਂ ਦੀ ਪੂਰਤੀ ਕਰਨ ਹਿਤ। ਇਸੇ 'ਅਜਾਈਂ' ਨੱਠ-ਭੱਜ ਨੂੰ ਹੀ ਤਾਂ ਜ਼ਿੰਦਗੀ ਦਾ ਕੌਡੀਆਂ ਦੇ ਭਾਅ ਚਲੇ ਜਾਣਾ ਲਿਖਿਆ ਹੈ। ਕੋਈ ਖ਼ਾਹਿਸ਼ ਪੂਰੀ ਨਾ ਹੋਵੇ ਤਾਂ ਸਿਰ ਖਪਾਈ ਤੇ ਜਦੋਂ ਪੂਰੀ ਹੋ ਗਈ ਤਾਂ ਅਸੀਂ ਉਸ ਦਾ ਸੁਆਦ ਵੀ ਕਿੱਥੇ ਲੈ ਪਾਉਂਦੇ ਹਾਂ? ਖ਼ਾਹਿਸ਼ਾਂ ਜ਼ਿੰਦਗੀ ਦੀ ਰਵਾਨਗੀ ਦਾ ਮੂਲ ਹਨ ਪਰ ਇਹ ਰਵਾਨਗੀ ਕਿਸੇ ਸੀਮਾ ਤਕ ਸੀਮਤ ਹੋਣੀ ਚਾਹੀਦੀ ਹੈ। ਲੋੜ ਹੈ ਥੋੜ੍ਹਾ ਸੰਜਮੀ ਹੋਣ ਦੀ ਤੇ ਸਬਰ ਰੱਖਦਿਆਂ ਹੋਇਆਂ ਉੱਦਮ ਕਰਦੇ ਰਹਿਣ ਦੀ। ਸਮੇਂ ਅਨੁਸਾਰ ਸਭ ਕੁਝ ਜੀਵਨ-ਪਿੜ ਵਿਚ ਪੁੰਗਰ ਆਉਂਦਾ ਹੈ ਤੇ ਜੀਵਨ ਹਰ ਰੰਗ ਦਾ ਸੁਆਦ ਮਾਣਦਾ ਹੋਇਆ, ਸੁਚੱਜੇ ਢੰਗ ਨਾਲ ਅੱਗੇ ਵਧਦਾ ਜਾਂਦਾ ਹੈ। •

# ਐਨ ਸੀ ਸੀ ਕੇਡਿਟਜ਼ ਨੂੰ ਫਸਟ ਏਡ, ਸੀ ਪੀ ਆਰ ਟਰੇਨਿੰਗ ਕਰਵਾਈ ਜਾਵੇ : ਅਜੈ ਭਾਰਦਵਾਜ



**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

3 ਪੰਜਾਬ ਏਅਰ ਫੋਰਸ ਐਨ ਸੀ ਸੀ ਬਟਾਲੀਅਨ ਦੇ ਕਮਾਡਿੰਗ ਅਫਸਰ ਅਜੈ ਭਾਰਦਵਾਜ ਨੇ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਐਨ ਸੀ ਸੀ ਕੇਡਿਟਜ ਦੇ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਪੀੜਤਾਂ ਨੂੰ ਰੈਸਕਿਊ ਟਰਾਂਸਪੋਰਟ ਕਰਨ ਦੇ ਪ੍ਰਦਰਸ਼ਨਾਂ ਨੂੰ ਦੇਖਦੇ ਹੋਏ, ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਅਤੇ ਐਨ ਸੀ ਸੀ ਅਫਸਰ ਸੱਚਨਾ ਸ਼ਰਮਾ ਦੀ ਭਰਪੂਰ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਸਾਰੇ ਕੇਡਿਟਜ ਨੂੰ ਆਫ਼ਤ ਪ੍ਰਬੰਧਨ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਪੀੜਤਾਂ ਨੂੰ ਰੈਸਕਿਊ ਟਰਾਂਸਪੋਰਟ ਕਰਨ, ਅੱਗਾਂ ਬੁਝਾਉਣ ਵਾਲੇ ਸਿਲੰਡਰਾਂ ਦੀ ਵਰਤੋਂ ਬਾਰੇ ਟਰੇਨਿੰਗ ਜ਼ਰੂਰ ਕਰਵਾਉਣੀ ਜਾਣ, ਤਾਂ ਜ਼ੋ ਕੇਡਟਜ ਅਤੇ ਐਨ ਸੀ ਸੀ ਅਫਸਰ ਜੰਗਾਂ, ਆਪਦਾਵਾਂ ਅਤੇ ਘਟਨਾਵਾਂ ਸਮੇਂ ਪੀੜਤਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ ਸੈਕਿੰਡ ਲਾਈਨ ਆਫ਼ ਡਿਫੈਂਸ ਵਜੋਂ ਕਾਰਜ ਕਰਨ।

ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਕਮਾਡਿੰਗ ਅਫਸਰ ਕਮਾਡਿੰਗ ਅਫਸਰ ਭਾਰਦਵਾਜ ਜੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਵਿਦਿਆਰਥੀਆਂ, ਐਨ ਸੀ ਸੀ ਕੇਡਿਟਜ, ਸਕਾਊਟ ਗਾਈਡ ਅਤੇ ਐਨ ਐਸ ਐਸ ਵੰਲਟੀਅਰਾਂ ਨੂੰ ਸ੍ਰੀ ਕਾਕਾ ਰਾਮ ਵਰਮਾ ਜੀ, ਜ਼ੋ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਟ ?ਰੇਨਰ ਹਨ, ਅਤੇ ਭਾਰਤੀਯ ਰੈਡ ਕਰਾਸ ਸੁਸਾਇਟੀ ਦੇ ਸੇਵਾ ਮੁਕਤ ਟਰੇਨਿੰਗ ਸੁਪਰਵਾਈਜ਼ਰ ਵਲੋਂ ਇਹ ਟਰੇਨਿੰਗ ਦਿੱਤੀ ਜਾਂਦੀ ਹੈ। ਉਨ੍ਹਾਂ ਵਲੋਂ ਵਿਦਿਆਰਥੀਆਂ ਦੇ ਇਨ੍ਹਾਂ ਵਿਸ਼ਿਆਂ ਬਾਰੇ ਅੰਤਰ ਸਕੂਲ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਉਨ੍ਹਾਂ ਨੇ ਕਾਕਾ ਰਾਮ ਵਰਮਾ ਨੂੰ ਬੇਨਤੀ ਕੀਤੀ ਉਨ੍ਹਾਂ ਦੇ ਹਰੇਕ ਵਿਦਿਆਰਥੀ ਨੂੰ, 50-50 ਦੇ ਗਰੁੱਪ ਵਿੱਚ ਇਹ ਟਰੇਨਿੰਗ ਦਿੱਤੀ ਜਾਵੇ। ਕਾਕਾ ਰਾਮ ਵਰਮਾ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਸਾਰੇ ਸਕੂਲਾਂ ਅਤੇ ਐਨ ਐਸ ਐਸ ਅਤੇ ਐਨ ਸੀ ਸੀ ਕੈਂਪਾਂ ਵਿਖੇ ਵਿਦਿਆਰਥੀਆਂ ਨੂੰ ਟ੍ਰੇਨਿੰਗਾਂ ਦਿੱਤੀਆਂ ਜਾਂਦੀਆਂ ਹਨ। ਵੀਰ ਹਕੀਕਤ ਰਾਏ ਸਕੂਲ ਦੇ ਪ੍ਰਿੰਸੀਪਲ ਵਲੋਂ ਆਪਣੇ ਵਿਦਿਆਰਥੀਆਂ ਨੂੰ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਦੀਆਂ ਟਰੇਨਿੰਗਾਂ ਕਰਵਾਉਣ ਲਈ ਹਮੇਸ਼ਾ ਸਹਿਯੋਗ ਦਿੱਤਾ ਜਾਂਦਾ ਹੈ। ਐਨ ਸੀ ਸੀ ਅਫਸਰ ਸੱਚਨਾ ਸ਼ਰਮਾ ਨੇ ਸੀ ਓ ਸਾਹਿਬ, ਸਕੂਲ ਮੈਨੇਜਮੈਂਟ, ਆਪਣੇ ਪ੍ਰਿੰਸੀਪਲ ਮੈਡਮ ਅਤੇ ਕਾਕਾ ਰਾਮ ਵਰਮਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਐਨ ਸੀ ਸੀ ਕੇਡਿਟਜ ਵਲੋਂ ਸਾਲਾਨਾ ਕੈਂਪਾਂ ਵਿਖੇ ਵੀ ਦੂਸਰੇ ਕੇਡਿਟਜ ਤੋਂ ਚੰਗੇ ਪ੍ਰਦਰਸ਼ਨ ਕੀਤੇ ਜਾਂਦੇ ਹਨ।

# ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2 ਦੀ ਜ਼ੋਨਲ ਖੇਡਾਂ ਸਬੰਧੀ ਹੋਈ ਮੀਟਿੰਗ



**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2 ਦੀ ਜ਼ੋਨਲ ਖੇਡਾਂ ਸਬੰਧੀ ਮੀਟਿੰਗ ਡਾ. ਰਜਨੀਸ਼ ਗੁਪਤਾ (ਪ੍ਰਧਾਨ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਜੀ ਦੀ ਪ੍ਰਧਾਨਗੀ ਹੇਠ ਪਲੇ ਵੇਜ਼ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਹੋਈ।

ਇਸ ਮੀਟਿੰਗ ਵਿੱਚ ਜ਼ੋਨ ਪਟਿਆਲਾ-2 ਦੇ ਸਰਕਾਰੀ, ਅਰਧ ਸਰਕਾਰੀ ਤੇ ਪ੍ਰਾਈਵੇਟ ਸਕੂਲ ਦੇ ਸਰੀਰਿਕ ਸਿੱਖਿਆ ਨਾਲ ਸਬੰਧਤ ਅਧਿਆਪਕਾਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਜ਼ੋਨਲ ਟੂਰਨਾਮੈਂਟ ਖੇਡਾਂ, ਸਮਰੀਸ਼ੀਟਾਂ ਅਤੇ ਖੇਡਾਂ ਦੀਆਂ ਤਰੀਖਾਂ ਬਾਰੇ ਵਿਚਾਰ ਵਿਟਾਂਦਰਾ ਕੀਤਾ ਗਿਆ। ਖੇਡਾਂ ਸਬੰਧੀ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਲੜਕੀਆਂ ਦਾ ਜ਼ੋਨਲ ਟੂਰਨਾਮੈਂਟ (ਸਾਰੇ ਉਮਰ ਵਰਗ) ਮਿਤੀ 21-08-2025 ਤੋਂ 23-08-2025 ਤੱਕ ਅਤੇ ਲੜਕਿਆਂ ਦਾ ਜ਼ੋਨਲ ਟੂਰਨਾਮੈਂਟ (ਸਾਰੇ ਉਮਰ ਵਰਗ) ਮਿਤੀ 25-08-2025 ਤੋਂ 27-08-2025 ਤੱਕ ਕਰਵਾਇਆ ਜਾਵੇਗਾ। ਸ੍ਰੀ ਬਲਵਿੰਦਰ ਸਿੰਘ ਜੱਸਲ (ਜ਼ੋਨਲ ਸਕੱਤਰ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਨੇ ਮੀਟਿੰਗ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਜ਼ੋਨਲ ਟੂਰਨਾਮੈਂਟ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਜ਼ੋਨ ਪਟਿਆਲਾ-2 ਦੇ ਸਾਰੇ ਸਕੂਲ ਮਿਤੀ 20-08-2025 ਨੂੰ ਸਮਰੀਸ਼ੀਟਾਂ ਸਬੰਧਤ ਖੇਡ ਇੰਚਾਰਜਾਂ ਨੂੰ ਜਮ ?ਹਾ ਕਰਵਾਉਣਗੇ। ਸ੍ਰੀ ਬਲਵਿੰਦਰ ਸਿੰਘ ਜੱਸਲ ਨੇ ਕਿਹਾ ਕਿ ਉਹਨਾਂ ਨੂੰ ਆਸ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੱਭ ਦੇ ਸਹਿਯੋਗ ਨਾਲ ਜ਼ੋਨ ਪਟਿਆਲਾ-2 ਦੀਆਂ ਜ਼ੋਨਲ ਖੇਡਾਂ ਚੰਗੇ ਢੰਗ ਕਰਵਾਈਆਂ ਜਾਣਗੀਆਂ। ਸ੍ਰੀ ਬਲਕਾਰ ਸਿੰਘ (ਵਿੱਤ ਸਕੱਤਰ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਨੇ ਮੀਟਿੰਗ ਵਿੱਚ ਕਿਹਾ ਕਿ ਸਾਰੇ ਸਕੂਲ ਅਪਣਾ ਟੂਰਨਾਮੈਂਟ ਫੰਡ ਸਮੇਂ ਸਿਰ ਜਮ ?ਹਾ ਕਰਵਾਉਣ। ਇਸ ਮੀਟਿੰਗ ਵਿੱਚ ਸ੍ਰੀਮਤੀ ਰੁਪਿੰਦਰ ਕੌਰ, ਸ੍ਰੀਮਤੀ ਰਾਜਵਿੰਦਰ ਕੌਰ, ਸ੍ਰੀਮਤੀ ਯਾਦਵਿੰਦਰ ਕੌਰ, ਸ੍ਰੀਮਤੀ ਮਮਤਾ ਰਾਣੀ, ਸ੍ਰੀਮਤੀ ਜ਼ਾਹਿਦਾ ਕੁਰੈਸ਼ੀ, ਸ੍ਰੀਮਤੀ ਕਿਰਨਦੀਪ ਕੌਰ, ਸ੍ਰੀਮਤੀ ਸਿਮਨਦੀਪ ਕੌਰ, ਸ੍ਰੀਮਤੀ ਵਰਿੰਦਰ ਕੌਰ, ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਮਨਦੀਪ ਸਿੰਘ, ਸ੍ਰੀ ਅਮੋਲਕ ਸਿੰਘ, ਸ੍ਰੀ ਸੁਰਿੰਦਰਪਾਲ ਸਿੰਘ, ਸ੍ਰੀ ਜਸਦੇਵ ਸਿੰਘ, ਸ੍ਰੀ ਅਨਿਲ ਕੁਮਾਰ, ਸ੍ਰੀ ਪਰਦੀਪ ਕੁਮਾਰ ਅਤੇ ਸ੍ਰੀ ਭਗਵਤੀ ਜੀ ਮੌਜੂਦ ਸਨ।

# ਦਸਤ ਰੋਕੋ ਮੁਹਿੰਮ ਤਹਿਤ ਮਾਤਾ ਕੁਸ਼ਲਿਆ ਹਸਪਤਾਲ ਪਟਿਆਲਾ ਵਿਚ ਓ.ਆਰ.ਐਸ ਪੈਕੇਟ ਵੰਡੇ ਗਏ

**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਪਟਿਆਲਾ ਡਾ ਜਗਪਾਲ ਇੰਦਰ ਸਿੰਘ ਅਤੇ ਮੈਡੀਕਲ ਸੁਪਰਡੈਂਟ ਡਾ ਐਸ.ਜੇ ਸਿੰਘ ਦੀ ਅਗਵਾਈ ਹੇਠ ਦਸਤ ਰੋਕਥਾਮ ਮੁਹਿੰਮ ਤਹਿਤ ਮਾਤਾ ਕੁਸ਼ਲਿਆ ਹਸਪਤਾਲ ਪਟਿਆਲਾ ਵਿੱਚ 0 ਤੋਂ 5 ਸਾਲ ਤਕ ਦੇ ਬੱਚਿਆਂ ਨੂੰ ਓ.ਆਰ.ਐਸ. ਦੇ ਪੈਕੇਟ ਵੰਡੇ ਗਏ।

ਇਸ ਮੌਕੇ ਡਾ: ਵਿਕਾਸ ਗੋਇਲ ਨੇ ਦੱਸਿਆ ਕਿ ਦਸਤ ਰੋਕੋ ਮੁਹਿੰਮ ਦਾ ਮਕਸਦ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਦਸਤਾਂ ਤੋਂ ਬਚਾਉਣਾ ਹੈ। ਇਸ ਲਈ ਓ.ਆਰ.ਐਸ. ਦੇ ਪੈਕੇਟਾਂ ਅਤੇ ਜਿੰਕ ਦੀਆਂ ਗੋਲੀਆਂ ਮੁਫ਼ਤ ਤੌਰ ' ਤੇ ਮੁਹੱਈਆ ਜਾ ਰਹੀਆਂ ਹਨ। ਮਾਤਾ ਕੁਸ਼ਲਿਆ ਹਸਪਤਾਲ ਵਿੱਚ ਜਿੰਕ ਕਾਰਨਰ ਵੀ ਸਥਾਪਿਤ ਕੀਤਾ ਗਿਆ ਹੈ, ਜਿੱਥੇ ਲੋਕਾਂ ਨੂੰ ਓ.ਆਰ.ਐਸ. ਤਿਆਰ ਕਰਨ ਦੇ ਸਹੀ ਤਰੀਕੇ ਬਾਰੇ ਜਾਗਰੂਕਤਾ ਦਿੱਤੀ ਜਾਂਦੀ ਹੈ। ਡਾ ਵਿਕਾਸ ਗੋਇਲ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜ਼ਿਲ੍ਹੇ ਦੇ ਸਕੂਲਾਂ ਅਤੇ ਸਿਹਤ ਸੰਸਥਾਵਾਂ ਵਿੱਚ ਪੋਸਟਰਾਂ ਅਤੇ ਫਲੈਕਸਾਂ ਰਾਹੀਂ ਸਵੱਛਤਾ ਤੇ ਦਸਤਾਂ ਦੀ ਰੋਕਥਾਮ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਸਾਫ਼ ਸਫਾਈ ਅਤੇ ਹੱਥ ਧੋਣ ਦੀ ਵਿਧੀ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਮੌਕੇ ਐਲ.ਐਚ.ਵੀ. ਅਨੀਤਾ ਰਾਣੀ ਨੇ ਵੀ ਦਸਤ ਦੌਰਾਨ ਮਾਂ ਦੇ ਦੁੱਧ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਸਤ ਦੌਰਾਨ ਅਤੇ ਦਸਤ ਤੋਂ ਬਾਅਦ ਮਾਂ ਦਾ ਦੁੱਧ ਅਤੇ ਤਰਲ ਪਦਾਰਥ ਖਾਣਾ ਜਾਰੀ ਰੱਖਣਾ ਚਾਹੀਦਾ ਹੈ। ਜਨਮ ਦੇ ਛੇ ਮਹੀਨੇ ਤੱਕ ਸਿਰਫ਼ ਮਾਂ ਦਾ ਦੁੱਧ ਹੀ ਦਿੱਤਾ ਜਾਣਾ ਚਾਹੀਦਾ ਹੈ ਅਤੇ ਨਾਲ ਹੀ ਖਾਣਾ ਬਨਾਉਣ ਅਤੇ ਖਵਾਹਉਣ ਤੋਂ ਪਹਿਲਾਂ ਅਤੇ ਪਖਾਨਾ ਸਾਫ਼ ਕਰਨ ਤੋਂ ਬਾਅਦ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਣਾ ਜਰੂਰੀ ਹੈ। ਉਹਨਾਂ ਇਹ ਵੀ ਕਿਹਾ ਕਿ ਓ.ਆਰ.ਐਸ. ਦੇ ਪੈਕੇਟ ਅਤੇ ਜਿੰਕ ਦੀਆਂ ਗੋਲੀਆਂ ਸਾਰੇ ਸਿਹਤ ਸੰਸਥਾਨਾਂ ਵਿੱਚ ਮੁਫ਼ਤ ਉਪਲਬਧ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਗਰੀਬ ਪਰਿਵਾਰ ਵੀ ਇਸ ਮੁਹਿੰਮ ਦਾ ਲਾਭ ਉਠਾਉਣ। ਇਸ ਮੌਕੇ ਏ.ਐਨ.ਐਮ. ਰਣਧੀਰ ਕੌਰ, ਮਾਸ ਮੀਡੀਆ ਵਿੰਗ ਦੀ ਟੀਮ ਅਤੇ ਨਰਸਿੰਗ ਵਿਦਿਆਰਥੀ ਵੀ ਮੌਜੂਦ ਸਨ।

# ਓਪਨ ਯੂਨੀਵਰਸਿਟੀ ਵਿਖੇ ਰਿਸਰਚ ਐਂਡ ਪਬਲੀਕੇਸ਼ਨ ਐਥਿਕਸ ਵਿਸ਼ੇ 'ਤੇ ਇਕ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ



**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਤਨ ਸਿੰਘ ਦੀ ਯੋਗ ਅਗਵਾਈ ਹੇਠ ਰਿਸਰਚ ਐਂਡ ਡਿਵੈਲਪਮੈਂਟ ਸੈੱਲ ਵੱਲੋਂ 29 ਜੁਲਾਈ 2025 ਨੂੰ ÷ਰਿਸਰਚ ਐਂਡ ਪਬਲੀਕੇਸ਼ਨ ਐਥਿਕਸ÷ ਵਿਸ਼ੇ 'ਤੇ ਇੱਕ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਅਧਿਆਪਕਾਂ, ਰਿਸਰਚ ਸਕਾਲਰਾਂ ਅਤੇ ਵਿਦਿਆਰਥੀਆਂ ਨੂੰ ਖੋਜ ਅਤੇ ਪ੍ਰਕਾਸ਼ਨ ਵਿੱਚ ਨੈਤਿਕਤਾ ਅਤੇ ਉਤਮ ਪਧਤੀਆਂ ਬਾਰੇ ਜਾਣੂ ਕਰਵਾਉਣਾ ਸੀ। ਵਰਕਸ਼ਾਪ ਦੀ ਸ਼ੁਰੂਆਤ ਪ੍ਰੋ. (ਡਾ.) ਰਤਨ ਸਿੰਘ ਨੇ ਕੀਤੀ, ਜਿਨ੍ਹਾਂ ਰਿਸਰਚ ਡਿਜ਼ਾਇਨ ਦੀ ਮਹੱਤਤਾ ਨੂੰ ਸਮਝਾਇਆ ਅਤੇ ਖੋਜ ਵਿੱਚ ਪਾਰਦਰਸ਼ਤਾ ਅਤੇ ਸਿਧਾਂਤਾਂ ਦੀ ਪਾਲਨਾ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਇੱਕ ਮਜ਼ਬੂਤ ਅਤੇ ਵਿਸ਼ਵਾਸਯੋਗ ਖੋਜ ਡਿਜ਼ਾਇਨ ਹੀ ਉੱਚ ਗੁਣਵੱਤਾ ਵਾਲੀ ਖੋਜ ਦਾ ਆਧਾਰ ਹੈ।

ਵਰਕਸ਼ਾਪ ਦੇ ਪਹਿਲੇ ਟੈਕਨੀਕਲ ਸੈਸ਼ਨ ਵਿੱਚ ਡਾ. ਰਵਿੰਦਰ ਕੌਰ, ਸੈਂਟਰ ਫੋਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਰਿਸਰਚ ਪੇਪਰ ਲਿਖਣ ਦੀ ਵਿਧੀ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ। ਡਾ. ਸਤਿੰਦਰ ਕੁਮਾਰ, ਸਕੂਲ ਆਫ਼ ਮੈਨੇਜਮੈਂਟ ਸਟਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਉੱਚ ਪੱਧਰ ਦੇ ਜਰਨਲਾਂ ਵਿੱਚ ਪ੍ਰਕਾਸ਼ਨ ਲਈ ਲਿਖਣ ਦੀਆਂ ਮਹੱਤਵਪੂਰਨ ਗੱਲਾਂ ਉੱਪਰ ਚਰਚਾ ਕੀਤੀ। ਦੂਜੇ ਟੈਕਨੀਕਲ ਸੈਸ਼ਨ ਵਿੱਚ ਪ੍ਰੋ. ਸ਼ਰੂਤੀ ਬੇਦੀ, ਡਾਇਰੈਕਟਰ, ਯੂਨੀਵਰਸਿਟੀ ਇੰਸਟੀਟਿਊਟ ਆਫ਼ ਲੀਗਲ ਸਟਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਏ.ਆਈ. ਦੇ ਯੁੱਗ ਵਿੱਚ ਪਲੈਜਰਿਜ਼ਮ ਅਤੇ ਖੋਜ ਲਈ ਨਵੀਆਂ ਚੁਣੌਤੀਆਂ ਅਤੇ ਸਾਧਨਾਂ ਬਾਰੇ ਜਾਣੂ ਕਰਵਾਇਆ। ਪ੍ਰੋ. ਨਵਨੀਤ ਕੌਰ ਨੇ ਸਾਈਟੇਸ਼ਨ ਅਤੇ ਪਲੈਜਰੀਜ਼ਮ ਬਾਰੇ ਸੰਖੇਪ ਜਾਣਕਾਰੀ ਦਿੱਤੀ, ਜੋ ਖੋਜ ਕਾਰਜ ਦੀ ਨੈਤਿਕਤਾ ਲਈ ਬਹੁਤ ਜਰੂਰੀ ਹੈ। ਤੀਜੇ ਟੈਕਨੀਕਲ ਸੈਸ਼ਨ ਵਿੱਚ ਡਾ. ਨੀਰਜ ਕੁਮਾਰ ਸਿੰਘ, ਡਿਪਟੀ ਲਾਇਬਰੇਰੀਅਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਅਕਾਦਮਿਕ ਖੋਜ ਅਤੇ ਪ੍ਰਕਾਸ਼ਨ ਦੀ ਨੈਤਿਕਤਾ 'ਤੇ ਗਹਿਰਾਈ ਨਾਲ ਵਿਚਾਰ ਸਾਂਝੇ ਕੀਤੇ। ਪ੍ਰੋ. ਸੁਪਿੰਦਰ ਕੌਰ, ਡਿਪਾਰਟਮੈਂਟ ਆਫ਼ ਲਾਅ ਨੇ ਮਲਟੀ ਡਿਸਪਲਿਨਰੀ ਖੋਜ ਅਤੇ ਉਸ ਦੀ ਅਹਿਮੀਅਤ 'ਤੇ ਚਾਨਣਾ ਪਾਇਆ।

ਵਰਕਸ਼ਾਪ ਦੇ ਅੰਤ ਵਿੱਚ ਡੀਨ ਰਿਸਰਚ ਡਾ. ਨਵਲੀਨ ਮੁਲਤਾਨੀ, ਨੇ ਕਿਹਾ ਕਿ ਇਸ ਤਰ੍ਹਾਂ ਦੇ ਕਾਰਜਕ੍ਰਮ ਅਧਿਆਪਕਾਂ, ਰਿਸਰਚ ਸਕਾਲਰਾਂ ਅਤੇ ਵਿਦਿਆਰਥੀਆਂ ਨੂੰ ਖੋਜ ਕਾਰਜ ਵਿੱਚ ਵਧੀਆ ਨੈਤਿਕ ਮਾਰਗਦਰਸ਼ਨ ਦੇਣ ਵਿੱਚ ਸਹਾਇਕ ਸਾਬਤ ਹੋਣਗੇ। ਡਾ. ਅਮਿਤੋਜ ਸਿੰਘ, ਐਸੋਸੀਏਟ ਡੀਨ ਅਕਾਦਮਿਕ ਮਾਮਲੇ ਨੇ ਧੰਨਵਾਦੀ ਸ਼ਬਦ ਕਹੇ।ਵਰਕਸ਼ਾਪ ਦੇ ਮੰਚ ਸੰਚਾਲਨ ਗੁਰਸੰਦੇਸ਼ ਸਿੰਘ ਅਤੇ ਸ੍ਰੀਮਤੀ ਗਗਨਪ੍ਰੀਤ ਕੌਰ ਨੇ ਕੀਤਾ।

ਇਸ ਸਮਾਗਮ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲਜੀ ਕੁਰੂਕਸ਼ੇਤਰ, ਮਨੀਪਾਲ ਯੂਨੀਵਰਸਿਟੀ ਜੈਪੁਰ, ਇੰਦਰਾਗਾਂਧੀ ਨੈਸ਼ਨਲ ਟਰਾਈਬਲ ਯੂਨੀਵਰਸਿਟੀ ਅਮਰਕੰਟਕ, ਸੈਂਟਰਲ ਯੂਨੀਵਰਸਿਟੀ ਜੰਮੂ, ਦੇਸ਼ ਭਗਤ ਯੂਨੀਵਰਸਿਟੀ, ਗੁਰੂ ਕਾਸ਼ੀ ਯੂਨੀਵਰਸਿਟੀ ਬਠਿੰਡਾ, ਬਿਸ਼ਪ ਹਰਬਰ ਕਾਲਜ, ਪੰਜਾਬੀ ਯੂਨੀਵਰਸਿਟੀ ਪਟਿਆਲਾ ਆਦਿ ਸੰਸਥਾਵਾਂ ਦੇ 65 ਤੋਂ ਵੱਧ ਅਧਿਆਪਕਾਂ, ਰਿਸਰਚ ਸਕਾਲਰਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ।

## 6 ਮਹੀਨੇ ਪੁਰਾਣੇ ਪਰ ਅਣਸ਼ੁਰੂ ਵਰਕ ਆਰਡਰ ਹੋਣਗੇ ਕੈਂਸਲ, ਨਵੇਂ ਸਿਰੇ ਤੋਂ ਹੋਵੇਗੀ ਕਾਰਵਾਈ

# ਕੰਮਾਂ ਦੇ ਸ਼ੁਰੂ ਨਾ ਹੋਣ ਕਾਰਨ ਲੋਕ ਨੂੰ ਹੋਣ ਵਾਲੀ ਪ੍ਰੇਸ਼ਾਨੀ ਮਨਜ਼ੂਰ ਨਹੀਂ : ਮੇਅਰ, ਕਮਿਸ਼ਨਰ



ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਨਗਰ ਨਿਗਮ ਮੀਟਿੰਗ ਦੌਰਾਨ ਅਣਸ਼ੁਰੂ ਵਰਕ ਆਰਡਰਾਂ ਸਬੰਧੀ ਵਿਚਾਰ ਕਰਦੇ ਹੋਏ।

**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਵਿੱਚ ਲੋਕ ਪੱਖੀ ਕੰਮਾਂ ਨੂੰ ਲੈ ਕੇ ਚਲ ਰਹੀਆਂ ਧੀਮੀ ਰਫਤਾਰ ਅਤੇ ਅਣਸ਼ੁਰੂ ਕੰਮਾਂ ਵੱਲ ਗੰਭੀਰਤਾ ਨਾਲ ਧਿਆਨ ਦਿੱਤਾ ਗਿਆ ਹੈ। ਮੇਅਰ ਅਤੇ ਕਮਿਸ਼ਨਰ ਨੇ ਇਕੱਠੇ ਹੋ ਕੇ ਇਨ੍ਹਾਂ ਮੁੱਦਿਆਂ 'ਤੇ ਵਿਚਾਰ ਕਰਦਿਆਂ ਫੈਂਸਲਾ ਲਿਆ ਹੈ ਕਿ ਉਹ ਸਾਰੇ ਵਰਕ ਆਰਡਰ ਜੋ ਦਸੰਬਰ 2024 ਤੋਂ ਪਹਿਲਾਂ ਜਾਰੀ ਹੋ ਚੁੱਕੇ ਹਨ, ਅਤੇ ਜਿਨ੍ਹਾਂ 'ਤੇ ਅਜੇ ਤੱਕ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਜਾਂ ਕੰਮ ਦੀ ਸ਼ੁਰੂਆਤ ਨਹੀਂ ਹੋਈ, ਉਨ੍ਹਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਉਪਰੋਕਤ ਫੈਸਲਾ ਮੇਅਰ ਨਗਰ ਨਿਗਮ ਪਟਿਆਲਾ ਦੀ ਰਿਪੋਰਟ ਤੇ ਅਧਾਰਤ ਹੈ, ਜਿਸ 'ਚ ਇਹ ਗੱਲ ਸਾਹਮਣੇ ਆਈ ਕਿ ਕਈ ਸਿਵਲ ਕੰਮਾਂ ਲਈ ਵਰਕ ਆਰਡਰ ਜਾਰੀ ਹੋਣ ਦੇ ਬਾਵਜੂਦ ਕੰਮ ਸ਼ੁਰੂ ਨਹੀਂ ਹੋ ਸਕੇ। ਇਹ ਸਿਰਫ ਨਿਗਮ ਦੀ ਵਿਵਸਥਾ 'ਤੇ ਸਵਾਲ ਨਹੀਂ ਖੜੇ ਕਰਦਾ, ਸਗੋਂ ਇਸ ਨਾਲ ਆਮ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸੜਕਾਂ, ਨਾਲ? ਆਦਿ ਦੀ ਮੁਰੰਮਤ, ਪਾਣੀ ਦੀ ਲਾਈਨਾਂ, ਅਤੇ ਨਾਲਿਆਂ ਦੀ ਸਫਾਈ ਵਰਗੇ ਮੁੱਦੇ ਦੇਰ ਹੋਣ ਕਾਰਨ ਲੋਕ ਹੱਤਾਸ਼ ਹਨ।

ਮੇਅਰ ਕੁੰਦਨ ਗੋਗੀਆ ਨੇ ਸਖ਼ਤ ਰਵੱਈਆ ਅਪਣਾਉਂਦੇ ਹੋਏ ਕਿਹਾ ਕਿ ਕੰਮ ਜਾਰੀ ਨਾ ਹੋਣ ਨਾਲ ਨਗਰ ਨਿਗਮ ਦੀ ਛਵੀ 'ਤੇ ਵੀ ਅਸਰ ਪੈ ਰਿਹਾ ਹੈ। ਜਿਨ੍ਹਾਂ ਠੇਕੇਦਾਰਾਂ ਜਾਂ ਏਜੰਸੀਆਂ ਨੇ ਕੰਮ ਸ਼ੁਰੂ ਨਹੀਂ ਕੀਤਾ, ਉਨ੍ਹਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਕਮਿਸ਼ਨਰ ਪਰਮਵੀਰ ਸਿੰਘ ਨੇ ਵੀ ਦੱਸਿਆ ਕਿ ਨਵੇਂ ਸਿਰੇ ਤੋਂ ਵਰਕ ਆਰਡਰ ਜਾਰੀ ਕਰਨ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕੀਤੀ ਜਾਵੇਗੀ ਅਤੇ ਜਿਨ੍ਹਾਂ ਕੰਮਾਂ ਦੀ ਜ਼ਰੂਰਤ ਹੋਵੇਗੀ, ਉਨ੍ਹਾਂ ਨੂੰ ਤਰਜੀਹ ਦੇ ਕੇ ਪਹਿਲ ਦਿੱਤੀ ਜਾਵੇਗੀ। ਇਸ ਫੈਸਲੇ ਨਾਲ ਇੱਕ ਪਾਸੇ ਜਿੱਥੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋਣ ਦੀ ਉਮੀਦ ਬਣੀ ਹੈ, ਉਥੇ ਦੂਜੇ ਪਾਸੇ ਠੇਕੇਦਾਰਾਂ ਅਤੇ ਵਿਭਾਗਾਂ ਨੂੰ ਵੀ ਸਾਫ਼ ਸੁਨੇਹਾ ਗਿਆ ਹੈ ਕਿ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਗੁਲਮੋਹਰ ਕੰਪਲੈਕਸ ਵਿਖੇ ਮੁਟਿਆਰਾਂ ਵੱਲੋਂ ਧੂਮ-ਧਾਮ ਨਾਲ ਮਨਾਇਆ ਗਿਆ ਤੀਜ ਦਾ ਤਿਉਹਾਰ

**ਖਰੜ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਸਨੀ ਐਨਕਲੇਵ ਖਰੜ ਦੇ ਅਰੀਸਤਾ ਹੋਟਲ ਵਿੱਚ ਗੁਲਮੋਹਰ ਕੰਪਲੈਕਸ ਦੀ ਸੁੰਦਰ ਮੁਟਿਆਰਾਂ ਵੱਲੋਂ ਤੀਜ ਦਾ ਤਿਉਹਾਰ ਵੱਡੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਰੋਹ ਦੀ ਹੋਸਟ ਤਜਿੰਦਰ ਕੌਰ ਰਹੀ।

ਤੀਜ ਮੁਟਿਆਰਾਂ ਵਿਚੋਂ ਸਰਬਜੀਤ ਕੌਰ ਨੇ ਪਹਿਲਾ ਸਥਾਨ, ਤਜਿੰਦਰ ਕੌਰ ਨੇ ਦੂਜਾ ਅਤੇ ਸ਼ਰਨਜੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਤੀਜ ਦੀਆਂ ਮੁਟਿਆਰਾਂ ਨੂੰ ਸਨਮਾਨ ਵਜੋਂ ਸੱਗੀਫੁੱਲ ਅਤੇ ਫੁਲਕਾਰੀਆਂ ਭੇਂਟ ਕੀਤੀਆਂ ਗਈਆਂ।

ਕੁੱਲ 50 ਤੋਂ ਵੱਧ ਮੁਟਿਆਰਾਂ ਨੇ ਤੀਜ ਨੂੰ ਰੰਗੀਨ ਰੀਤੀ-ਰਿਵਾਜਾਂ ਨਾਲ ਮਨਾਇਆ ਅਤੇ ਪ੍ਰੋਗਰਾਮ ਨੂੰ ਚਮਕਦਾਰ ਬਣਾਇਆ।

# ਪੰਜਾਬ ਸਰਕਾਰ ਵੱਲੋਂ ਅਨਾਥ ਬੱਚਿਆਂ ਲਈ ਪੈਨਸ਼ਨ ਸਕੀਮ 4000 ਪ੍ਰਤੀ ਮਹੀਨਾ ਵਜੋਂ ਮਦਦ

**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸਮਾਜਿਕ ਨਿਆਂ ਅਤੇ ਬੱਚਿਆਂ ਦੀ ਭਲਾਈ ਵੱਲ ਇੱਕ ਹੋਰ ਉੱਤਮ ਕਦਮ ਚੁੱਕਦਿਆਂ, ਅਨਾਥ ਜਾਂ ਅਰਧ-ਅਨਾਥ ਬੱਚਿਆਂ ਲਈ ਇੱਕ ਵਿੱਤੀ ਸਹਾਇਤਾ ਲਈ ਪੈਨਸ਼ਨ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਕੀਮ ਤਹਿਤ ਉਹ ਬੱਚੇ, ਜਿਨ੍ਹਾਂ ਦੇ ਮਾਤਾ-ਪਿਤਾ ਵਿੱਚੋਂ ਪਿਤਾ ਨਹੀਂ ਹਨ ਅਤੇ ਉਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ, ਉਨ੍ਹਾਂ ਨੂੰ 4000 ਰੁਪਏ ਪ੍ਰਤੀ ਮਹੀਨਾ ਵਜੋਂ ਪੈਨਸ਼ਨ ਦਿੱਤੀ ਜਾਵੇਗੀ। ਇਹ ਯੋਜਨਾ ਆਰਥਿਕ ਤੌਰ 'ਤੇ ਪਿੱਛੜੇ ਅਤੇ ਬੇਸਹਾਰਾ ਬੱਚਿਆਂ ਦੀ ਮਦਦ ਕਰਨ ਅਤੇ ਉਨ੍ਹਾਂ ਦੇ ਜੀਵਨ ਨੂੰ ਸੁਧਾਰਨ ਲਈ ਇੱਕ ਵਿਸ਼ੇਸ਼ ਉਪਰਾਲਾ ਹੈ।

ਇਸ ਯੋਜਨਾ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਆਸਾਨ ਅਤੇ ਸਧਾਰਣ ਰੱਖੀ ਗਈ ਹੈ। ਇਹ ਫਾਰਮ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਪਟਿਆਲਾ ਦੇ ਦਫ਼ਤਰ, ਰੂਮ ਨੰਬਰ 150, ਬਲਾਕ ਸੀ ਐਕਸਟੈਨਸ਼ਨ, ਮਿੰਨੀ ਸਕਤਰੇਤ, ਪਟਿਆਲਾ ਤੋਂ ਮੁਫ਼ਤ ਮਿਲ ਰਿਹਾ ਹੈ। ਫਾਰਮ ਭਰਨ ਸਮੇਂ ਬੱਚੇ ਦਾ ਆਧਾਰ ਕਾਰਡ ਅਤੇ ਮਾਤਾ (ਜੋ ਗਾਰਡੀਅਨ ਹੋਵੇ) ਦਾ ਆਮਦਨ ਸਰਟੀਫਿਕੇਟ ਲਾਜ਼ਮੀ ਦਸਤਾਵੇਜ਼ ਵਜੋਂ ਪੇਸ਼ ਕਰਨਾ ਹੋਵੇਗਾ।

# ਜੱਚਾ-ਬੱਚਾ ਹਸਪਤਾਲ ਤੇ ਜੀ.ਐਨ.ਐਮ ਟਰੇਨਿੰਗ ਸਕੂਲ ਦੇ ਬੱਚਿਆਂ ਨੂੰ ਹੈਪੇਟਾਈਟਿਸ ਬਾਰੇ ਕੀਤਾ ਜਾਗਰੂਕ

**ਬਠਿੰਡਾ 1 ਅਗਸਤ**
**-ਗੁਰਪ੍ਰੀਤ ਚਾਹਲ-**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਸ਼ ?ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਸ਼ਵ ਹੈਪੇਟਾਇਟਿਸ ਦਿਵਸ ਦੇ ਮੱਦੇਨਜ਼ਰ ਜੱਚਾ-ਬੱਚਾ ਹਸਪਤਾਲ ਅਤੇ ਜੀ.ਐਨ.ਐਮ ਟ ?ਰੇਨਿੰਗ ਸਕੂਲ ਦੇ ਬੱਚਿਆਂ ਨੂੰ ਹੈਪੇਟਾਇਟਿਸ ਬਾਰੇ ਜਾਗਰੂਕ ਕੀਤਾ ਗਿਆ। ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਅਗਵਾਈ ਹੇਠ ਜ਼ਿਲ੍ਹਾ ਸਿਹਤ ਅਫ਼ਸਰ ਅਤੇ ਨੋਡਲ ਅਫ਼ਸਰ ਹੈਪੇਟਾਇਟਿਸ ਡਾ ਊਸ਼ਾ ਗੋਇਲ ਨੇ ਦੱਸਿਆ ਕਿ ਹੈਪੇਟਾਇਟਿਸ ਇਕ ਜਿਗਰ ਦੀ ਬਿਮਾਰੀ ਹੈ ਜੋ ਕਿ ਵਾਇਰਸ ਰਾਹੀਂ ਫੈਲਦੀ ਹੈ। ਇਹ ਬਿਮਾਰੀ ਦੀਆਂ ਪੰਜ ਕਿਸਮਾਂ ਹੈਪੇਟਾਈਟਸ ਏ, ਬੀ, ਸੀ, ਡੀ ਅਤੇ ਈ ਹਨ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਬੀ ਅਤੇ ਸੀ ਜ਼ਿਆਦਾ ਖਤਰਨਾਕ ਹਨ। ਹੈਪੇਟਾਈਟਸ- ਬੀ ਅਤੇ ਸੀ ਨੂੰ ਕਾਲਾ ਪੀਲੀਆ ਵੀ ਕਿਹਾ ਜਾਂਦਾ ਹੈ, ਇਸ ਦੀ ਚਪੇਟ ਵਿੱਚ ਜਦੋਂ ਕੋਈ ਵਿਅਕਤੀ ਆਉਂਦਾ ਹੈ ਤਾਂ ਉਸ ਨੂੰ ਹਲਕਾ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ, ਕਮੋਜਰੀ, ਉਲਟੀਆਂ ਆਉਣਾ ਅਤੇ ਭੁੱਖ ਨਹੀਂ ਲਗਣਾ ਆਦਿ ਲੱਛਣ ਨਜ਼ਰ ਆਉਂਦੇ ਹਨ।

ਉਨ੍ਹਾਂ ਕਿਹਾ ਕਿ ਹੈਪੇਟਾਈਟਸ ਸੀ ਅਤੇ ਬੀ ਦਾ ਇਲਾਜ, ਬੇਸਲਾਈਨ ਟੈਸਟ ਅਤੇ ਵਾਇਰਲ ਲੋਡ ਟੈਸਟ ਰਾਜ ਦੇ ਜ਼ਿਲ੍ਹਾ ਹਸਪਤਾਲਾਂ, 3 ਸਰਕਾਰੀ ਮੈਡੀਕਲ ਕਾਲਜਾਂ, ਏ.ਆਰ.ਟੀ. ਕੇਂਦਰਾਂ ਅਤੇ ਓ.ਐਸ.ਟੀ. ਕੇਂਦਰਾਂ ਅਤੇ ਸਬ ਡਵੀਜਨਲ ਹਸਪਤਾਲਾਂ ਵਿਖੇ ਮੁਫਤ ਕੀਤਾ ਜਾਂਦਾ ਹੈ। ਹੈਪੇਟਾਈਟਸ ਤੋਂ ਬਚਾਅ ਲਈ ਬੱਚਿਆਂ ਦਾ ਹੈਪੇਟਾਈਟਸ ਬੀ ਦੇ ਟੀਕਾਕਰਣ ਦੀ ਮਹੱਤਤਾ ਦੱਸਦੇ ਹੋਏ ਟੀਕਾਕਰਨ ਹੋਣਾ ਜ਼ਰੂਰੀ ਹੈ ਜੋ ਕਿ ਸਿਹਤ ਵਿਭਾਗ ਵਲੋਂ ਬੱਚਿਆਂ ਦੀ ਟੀਕਾਕਰਨ ਸੂਚੀ ਵਿੱਚ ਸ਼ਾਮਲ ਹੈ ਅਤੇ ਮੁਫ਼ਤ ਲਗਾਇਆ ਜਾਂਦਾ ਹੈ।

# ਖਰੜ ਹਲਕੇ ਦੀ ਕਾਂਗਰਸ ਦੀ ਮੀਟਿੰਗ ਵਿਚ ਜਿਲ੍ਹਾ ਮਹਿਲਾਂ ਕਾਂਗਰਸ ਦੀ ਪ੍ਰਧਾਨ ਸਵਰਨਜੀਤ ਕੌਰ ਦਾ ਕੀਤਾ ਸਨਮਾਨ



**ਖਰੜ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਖਰੜ ਦੇ ਸੀਨੀਅਰ ਕਾਂਗਰਸੀ ਆਗੂ ਗੁਰਿੰਦਰ ਸਿੰਘ ਕੈਰੋਂ ਦੀ ਰਹਿਨੁਮਾਈ ਵਿਚ ਮੀਟਿੰਗ ਹੋਈ ਜਿਸ ਵਿਚ ਜਿਲ੍ਹਾ ਮਹਿਲਾਂ ਕਾਂਗਰਸ ਕਮੇਟੀ ਦੀ ਪ੍ਰਧਾਨ ਸਵਰਨਜੀਤ ਕੌਰ ਸਮੇਤ ਹੋਰ ਆਗੂਆਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿਚ ਖਰੜ ਹਲਕੇ ਵਿਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਜਲਦੀ ਹੀ ਪਿੰਡਾਂ ਅਤੇ ਸ਼ਹਿਰਾਂ ਵਿਚ ਮੀਟਿੰਗਾਂ ਕਰਨ ਦਾ ਸਿਲਸਿਲਾ ਆਰੰਭਿਆ ਜਾਵੇਗਾ। ਮੀਟਿੰਗ ਵਿਚ ਜਿਲ੍ਹਾ ਮਹਿਲਾਂ ਕਾਂਗਰਸ ਪ੍ਰਧਾਨ ਸਵਰਨਜੀਤ ਕੌਰ ਵਲੋਂ ਜਿਲੇ ਵਿਚ ਕੀਤੇ ਜਾ ਰਹੇ ਕੰਮਾਂ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਉਨ੍ਹਾਂ ਦਾ ਵਿਸੇਸ ਤੌਰ ਤੇ ਸਨਮਾਨ ਕੀਤਾ ਗਿਆ। ਜਿਲ੍ਹਾ ਮਹਿਲਾਂ ਕਾਂਗਰਸ ਕਮੇਟੀ ਦੀ ਪ੍ਰਧਾਨ ਸਵਰਨਜੀਤ ਕੌਰ ਨੇ ਕਿਹਾ ਕਿ ਹਲਕੇ ਵਿਚ ਮਹਿਲਾ ਕਾਂਗਰਸ ਦੀਆਂ ਮੀਟਿੰਗਾਂ ਕਰਕੇ ਕਾਂਗਰਸ ਦੀ ਜਿੱਤ ਲਈ ਵੱਡੇ ਪੱਧਰ ਤੇ ਯਤਨ ਕੀਤੇ ਜਾਣਗੇ। ਇਸ ਮੌਕੇ ਮਲਕੀਤ ਸਿੰਘ, ਰਾਣੀ ਸ਼ਰਮਾ ਬਲਾਕ ਪ੍ਰਧਾਨ ਖਰੜ, ਰਜਿੰਦਰ ਕਰਵਲ ਜਨਰਲ ਸੈਕਟਰੀ ਮਹਿਲਾ ਕਾਂਗਰਸ, ਹਰਬੰਸ ਕੌਰ ਮਾਵੀ, ਰੇਨੂੰ ਕਰਬਲ, ਨੀਤੂ ਸੰਤੋਸ਼ੀ, ਪੂਨਮ, ਮਲਕੀਤ ਸਿੰਘ ਰਾਣਾ ਸੀਨੀਅਰ ਕਾਂਗਰਸੀ ਆਗੂ, ਬਲਜੀਤ ਕੌਰ, ਵਿਨੋਦ ਕੁਮਾਰ, ਸੌਦਾਗਰ ਸਿੰਘ ਮਾਵੀ, ਮਨੋਜ ਕੁਮਾਰ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀ ਵਿਖੇ ਨੌਵੇਂ ਪਾਤਸ਼ਾਹ ਜੀ ਦੇ ਨਾਂ ਤੇ ਚੇਅਰ ਸਥਾਪਤ ਕਰਨ ਦਾ ਕਾਰਜ ਸਲਾਘਾਯੋਗ : ਪ੍ਰੋ. ਬਡੂੰਗਰ

**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਹੋਈ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਸ੍ਰੀ ਗੁਰੂ ਤੇਗ ਬਾਹਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਤ ਕਰਨ ਨੂੰ ਸਿਧਾਂਤਕ ਪ੍ਰਵਾਨਗੀ ਦਿੱਤੇ ਜਾਣ ਦੀ ਸ਼ਲਾਘਾ ਕੀਤੀ ਹੈ।

ਪ੍ਰੋ. ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਮੁੱਚੀ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਇਸ ਉੱਦਮ ਨਾਲ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸਤਾਪਦੀ ਨੂੰ ਸਮਰਪਿਤ ਨੌਵੇਂ ਪਾਤਸ਼ਾਹ ਜੀ ਦੇ ਜੀਵਨ, ਯਾਤਰਾਵਾਂ ਅਤੇ ਸ਼ਹਾਦਤ ਬਾਰੇ ਮੌਲਿਕ ਅਤੇ ਖੋਜ ਕਾਰਜ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਪਾਵਨ ਗੁਰਬਾਣੀ ਬਾਰੇ ਦਾਰਸ਼ਨਿਕ ਅਧਿਐਨ ਦਾ ਕੰਮ ਕੀਤਾ ਜਾਵੇਗਾ, ਜਿਸ ਨਾਲ ਆਉਣ ਵਾਲੀ ਪੀੜੀ ਅਤੇ ਖਾਸ ਕਰ ਯੂਨੀਵਰਸਿਟੀ ਵਿੱਚ ਪੜ੍ਹ ਵਾਲੇ ਵਿਦਿਆਰਥੀ ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਨੇੜੇ ਤੋਂ ਜਾਣਕਾਰੀ ਪ੍ਰਾਪਤ ਕਰ ਸਕਣਗੇ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਸ਼ਵ ਦੀ ਇੱਕੋ ਇੱਕ ਅਜਿਹੀ ਯੂਨੀਵਰਸਿਟੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ ਤੇ ਬਣੀ ਹੈ ਤੇ ਇਸ ਯੂਨੀਵਰਸਿਟੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਚੇਅਰ ਸਥਾਪਿਤ ਕਰਨਾ ਆਪਣੇ ਆਪ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੱਡਾ ਕਾਰਜ ਹੈ।

ਉਹਨਾਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਿਤਪਾਲ ਸਿੰਘ ਅਤੇ ਪ੍ਰਬੰਧਕ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਯੋਗ ਕਾਰਵਾਈ ਮੁਕੰਮਲ ਕਰਨ ਉਪਰੰਤ ਇਸ ਨੂੰ ਕਾਰਜਸ਼ੀਲ ਕਰਨ ਦੀ ਅਪੀਲ ਵੀ ਕੀਤੀ।

# ਅੰਤਰਰਾਸ਼ਟਰੀ ਸ਼ਤਰੰਜ ਦੀ ਪ੍ਰਤਿਭਾਸ਼ਾਲੀ ਆਦਿਆ ਗੁਪਤਾ ਨੇ ਦਿੱਤੀ ਮਾਡਰਨ ਸਕੂਲ ਦੇ ਨੌਜਵਾਨ ਹੁਨਰ ਨੂੰ ਅਗਵਾਈ



**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ ਸਕੂਲ ਦੇ ਸਮਰਪਿਤ ਸ਼ਤਰੰਜ ਖਿਡਾਰੀਆਂ ਲਈ ਇੱਕ ਸ਼ਤਰੰਜ ਵਰਕਸ਼ਾਪ ਦਾ ਆਯੋਜਨ ਕੀਤਾ, ਜਿਸਦੀ ਮੇਜ਼ਬਾਨੀ ਆਦਿਆ ਗੁਪਤਾ, ਇੱਕ ਅੰਤਰਰਾਸ਼ਟਰੀ ਸ਼ਤਰੰਜ ਖਿਡਾਰਨ ਅਤੇ ਮਹਿਲਾ 6945 ਮਾਸਟਰ, ਨੇ ਸਿਰਫ਼ 15 ਸਾਲ ਦੀ ਉਮਰ ਵਿੱਚ ਸਕੂਲ ਦੇ ਸਮਰਪਿਤ ਸ਼ਤਰੰਜ ਖਿਡਾਰੀਆਂ ਲਈ ਕੀਤੀ।

ਹੁਨਰ ਅਤੇ ਸਲਾਹ ਦੇ ਇੱਕ ਸ਼ਾਨਦਾਰ ਪ੍ਰਦਰਸ਼ਨ ਵਿੱਚ, ਆਦਿਆ ਨੇ ਇੱਕੋ ਸਮੇਂ ਦਸ ਚੁਣੇ ਹੋਏ ਵਿਦਿਆਰਥੀਆਂ ਦੇ ਵਿਰੁੱਧ ਇੱਕੋ ਸਮੇਂ ਖੇਡਿਆ, ਇੱਕ ਤੋਂ ਬਾਅਦ ਇੱਕ ਸਾਰੇ 10 ਨੂੰ ਹਰਾਇਆ, ਉਨ੍ਹਾਂ ਨੂੰ ਅਸਲ-ਸਮੇਂ ਦੀ ਫੀਡਬੈਕ, ਰਣਨੀਤਕ ਸੂਝ ਅਤੇ ਵਿਹਾਰਕ ਰਣਨੀਤੀਆਂ ਦੀ ਪੇਸ਼ਕਸ਼ ਕੀਤੀ। ਇਹ ਨੌਜਵਾਨ ਸ਼ਤਰੰਜ ਪ੍ਰੇਮੀ, ਆਪਣੀ ਮੁਹਾਰਤ ਦੁਆਰਾ ਸੇਧਿਤ, ਹੁਣ 30 ਜੁਲਾਈ ਨੂੰ ਹੋਣ ਵਾਲੇ MSSSP ਇੰਟਰ-ਸਕੂਲ ਸ਼ਤਰੰਜ ਟੂਰਨਾਮੈਂਟ 2025 ਵਿੱਚ ਹਿੱਸਾ ਲੈਣ ਲਈ ਤਿਆਰ ਹਨ। ਵਰਕਸ਼ਾਪ ਦੇ ਹਿੱਸੇ ਵਜੋਂ, ਆਦਿਆ ਨੇ 90 ਤੋਂ ਵੱਧ ਵਿਦਿਆਰਥੀਆਂ ਨਾਲ ਇੱਕ ਇੰਟਰਐਕਟਿਵ ਸੈਸ਼ਨ ਵੀ ਕੀਤਾ ਜੋ ਸ਼ਤਰੰਜ ਲਈ ਜਨੂੰਨ ਸਾਂਝਾ ਕਰਦੇ ਹਨ। ਉਸਨੇ ਇੱਕ ਸਾਬਕਾ ਵਿਸ਼ਵ ਚੈਂਪੀਅਨ - ਵਿਸ਼ਵਨਾਥਨ ਆਨੰਦ ਅਤੇ ਜ਼ੈਪਟੋ ਅਲੋਂਸੋ ਦੁਆਰਾ ਖੇਡੀ ਗਈ ਇੱਕ ਮਾਸਟਰ-ਪੱਧਰ ਦੀ ਖੇਡ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ, ਵਿਦਿਆਰਥੀਆਂ ਨੂੰ ਸਹੀ ਅਤੇ ਗਲਤ ਚਾਲਾਂ ਬਾਰੇ ਆਲੋਚਨਾਤਮਕ ਤੌਰ 'ਤੇ ਸੋਚਣ ਲਈ ਚੁਣੌਤੀ ਦਿੱਤੀ, ਮੋੜਾਂ ਦੀ ਪੜਚੋਲ ਕੀਤੀ ਜਿੱਥੇ ਖੇਡ ਗ੍ਰੈਂਡਮਾਸਟਰ ਦੇ ਹੱਕ ਵਿੱਚ ਬਦਲ ਸਕਦੀ ਸੀ।

ਦਿਨ ਦੇ ਸਭ ਤੋਂ ਯਾਦਗਾਰੀ ਪਲਾਂ ਵਿੱਚੋਂ ਇੱਕ ਇਹ ਐਲਾਨ ਸੀ ਕਿ ਸਕੂਲ ਦੀ ਇਨ-ਹਾਊਸ ਸ਼ਤਰੰਜ ਟਰਾਫੀ, ਜੋ ਕਿ ਹਰ ਸਾਲ ਸੰਸਥਾਪਕ ਦਿਵਸ 'ਤੇ ਦਿੱਤੀ ਜਾਂਦੀ ਹੈ, ਦਾ ਨਾਮ ਬਦਲ ਕੇ ਆਦਿਆ ਗੁਪਤਾ ਅਵਾਰਡ ਫਾਰ ਐਕਸੀਲੈਂਸ ਇਨ ਸ਼ਤਰੰਜ ਰੱਖਿਆ ਗਿਆ ਹੈ। ਸੈਸ਼ਨ ਦੌਰਾਨ, ਆਦਿਆ ਨੇ ਨਿੱਜੀ ਤੌਰ 'ਤੇ ਉਨ੍ਹਾਂ ਯੋਗ ਵਿਦਿਆਰਥੀਆਂ ਦੀ ਪਛਾਣ ਕੀਤੀ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜੋ ਹੁਣ ਇਸ ਵੱਕਾਰੀ ਕੱਪ 'ਤੇ ਉੱਕਰੇ ਹੋਏ ਨਵੀਨਤਮ ਨਾਮ ਹੋਣਗੇ, ਜੋ ਪਿਛਲੇ ਚੈਂਪੀਅਨਾਂ ਵਿੱਚ ਸ਼ਾਮਲ ਹੋਣਗੇ।

# ਅਵਾਰਾ ਖੂੰਖਾਰ ਸਾਡਾਂ ਨੂੰ ਯੋਗ ਥਾਵਾਂ 'ਤੇ ਨਾ ਪਹੁੰਚਾਉਣ ਸਬੰਧੀ ਨਗਰ ਨਿਗਮ ਪ੍ਰਸ਼ਾਸ਼ਨ ਅਤੇ ਸਰਕਾਰ ਖਿਲਾਫ ਨਾਅਰੇਬਾਜੀ ਕਰ ਕੀਤਾ ਪ੍ਰਦਰਸ਼ਨ



**ਪਟਿਆਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਲੰਮੇ ਸਮੇਂ ਤੋਂ ਗਲੀਆਂ, ਮੁਹੱਲਿਆਂ ਅਤੇ ਸ਼ਹਿਰ ਦੇ ਭੀੜ ਭਾੜ ਬਜਾਰਾਂ ਦੀਆਂ ਸੜਕਾਂ ਤੇ ਘੁੰਮ ਰਹੇ ਅਵਾਰਾ ਖੂੰਖਾਰ ਸਾਡਾਂ ਦੀ ਝੂੰਡਾ ਨੂੰ ਫੜ ਕੇ ਇਨ੍ਹਾਂ ਨੂੰ ਯੋਗ ਥਾਵਾਂ ਤੇ ਪਹੁੰਚਾਉਣ ਸਬੰਧੀ ਨਗਰ ਨਿਗਮ ਪ੍ਰਸ਼ਾਸ਼ਨ ਤੇ ਸਰਕਾਰ ਵੱਲੋਂ ਕੋਈ ਕਦਮ ਨਾ ਚੁੱਕੇ ਜਾਣ ਤੇ ਨਿਊ ਪਟਿਆਲਾ ਵੈਲਫੇਅਰ ਕਲੱਬ ਵੱਲੋਂ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਨਗਰ ਨਿਗਮ ਪ੍ਰਸ਼ਾਸ਼ਨ ਤੇ ਸਰਕਾਰ ਖਿਲਾਫ ਨਾਅਰੇਬਾਜੀ ਕਰ ਭਾਰੀ ਰੋਸ ਜਤਾਇਆਹਾ ਗਿਆ। ਇਸ ਸਮੱਸਿਆ ਦੇ ਜਲਦ ਹਲ ਤੇ ਜ਼ੋਰ ਦਿੰਦਿਆ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਅਵਾਰਾ ਖੂੰਖਾਰ ਸਾਡਾਂ ਵੱਲੋ ਅਨੇਕਾਂ ਘਟਨਾਵਾਂ ਸ਼ਹਿਰ ਅੰਦਰ ਵਾਪਰ ਚੁੱਕੀਆਂ ਹਨ ਅਤੇ ਕਈ ਘਰਾਂ ਦੇ ਮੈਂਬਰ ਇਨ੍ਹਾਂ ਦੇ ਹਮਲਿਆਂ ਤੋਂ ਆਪਣੀਆਂ ਜਾਨਾ ਗਵਾ ਚੁੱਕੇ ਹਨ ਹੁਣ ਅਵਾਰਾ ਜਾਨਵਰ ਸ਼ਹਿਰ ਵਾਸੀਆਂ ਲਈ ਇੱਕ ਵੱਡੀ ਤੇ ਗੰਭੀਰ ਸਮੱਸਿਆ ਬਣੀ ਹੋਈ ਹੈ। ਲੋਕਾਂ ਦੀ ਸੁਰੱਖਿਆ ਹਿੱਤ ਸਰਕਾਰ ਤੇ ਨਗਰ ਨਿਗਮ ਪ੍ਰਸ਼ਾਸ਼ਨ ਵਲੋਂ ਕੋਈ ਕਦਮ ਨਹੀਂ ਚੁੱਕੇ ਜਾ ਰਹੇ। ਮੋਟੀਆਂ ਤਨਖਾਹਾਂ ਲੈਣ ਵਾਲੇ ਨਗਰ ਨਿਗਮ ਅਧਿਕਾਰੀਆਂ ਨੂੰ ਸ਼ਹਿਰ ਵਿੱਚ ਵਸਦੇ ਲੋਕਾਂ ਦੀਆਂ ਕੀਮਤੀ ਜਾਨਾ ਦੀ ਕੋਈ ਪ੍ਰਵਾਹ ਨਹੀਂ ਜਦੋਂ ਕਿ ਲੋਕਾਂ ਦੀ ਸੁਰੱਖਿਆ ਦੀ ਜਿੰਮੇਵਾਰੀ ਨਗਰ ਨਿਗਮ ਕਮਿਸ਼ਨਰ ਅਤੇ ਡੀ.ਸੀ. ਦੀ ਬਣਦੀ ਹੈ। ਬੇਲਗਾਮ ਤੇ ਬੇ-ਖੌਫ ਘੁੰਮ ਰਹੇ ਅਵਾਰਾ ਪਸ਼ੂ ਗਾਦਾਰਾਂ ਲਈ ਇੱਕ ਵੱਡੀ ਸਮੱਸਿਆ ਤਾਂ ਬਣ ਚੁੱਕੀ ਹੈ ਲੋਕਾਂ ਨੂੰ ਗੰਭੀਰ ਜਖਮੀ ਕਰਨ ਵਾਲੇ ਅਤੇ ਮੌਤਾਂ ਦਾ ਕਾਰਨ ਬਣ ਚੁੱਕੇ ਖੂੰਖਾਰ ਜਾਨਵਰਾਂ ਨੂੰ ਸੰਭਾਲਣ ਲਈ ਨਗਰ ਨਿਗਮ ਤੇ ਸਰਕਾਰ ਬੁਰੀ ਤਰ੍ਹਾਂ ਫੇਲ ਸਾਬਿਤ ਹੋਈ ਹੈ। ਸ਼ਹਿਰ ਦਾ ਕੋਈ ਇਲਾਕਾ ਅਜਿਹਾ ਨਹੀਂ ਜਿੱਥੇ ਸਾਂਡ ਗਊਆਂ ਦੀਆਂ ਟੋਲੀਆਂ ਵੱਧ ਗਿਣਤੀ ਵਿੱਚ ਘੁੰਮਦੀਆਂ ਨਜਰ ਨਾ ਆਉਂਦੀਆਂ ਹੋਣ। ਸਰਕਾਰ ਵਲੋਂ ਅਵਾਰਾ ਪਸ਼ੂਆਂ ਦੀ ਸੰਭਾਲ ਸਬੰਧੀ ਲੋਕਾਂ ਤੋਂ ਕਰੋੜਾਂ ਰੁਪਏ ਗਊ ਸੈਸ ਵੀ ਵਸੂਲਿਆ ਜਾ ਰਹੀ ਹੈ। ਜੇਕਰ ਕਿਸੇ ਵਿਅਕਤੀ ਦੀ ਅਵਾਰਾ ਜਾਨਵਰਾਂ ਕਾਰਨ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਜਿੰਮੇਵਾਰ ਸਰਕਾਰ ਤੇ ਪ੍ਰਸ਼ਾਸ਼ਨ ਦੀ ਹੋਵੇਗੀ ਜੇਕਰ ਅਵਾਰਾ ਪਸ਼ੂਆਂ ਕਾਰਨ ਜਾਨੀ ਨੁਕਸਾਨ ਹੁੰਦਾ ਹੈ ਤਾਂ ਮਾਨ ਸਰਕਾਰ 50 ਲੱਖ ਰੁਪਏ ਦੀ ਰਾਸ਼ੀ ਕਲੇਮ ਵਜੋਂ ਪੀੜਤ ਪਰਿਵਾਰ ਨੂੰ ਦੇਣੀ ਲਾਜਮੀ ਕਰੇ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਸਰਕਾਰ ਤੇ ਨਗਰ ਨਿਗਮ ਪ੍ਰਸ਼ਾਸ਼ਨ ਨੂੰ ਚਿਤਾਵਨੀ ਦਿੰਦਿਆ ਕਿਹਾ ਕਿ ਜੇਕਰ ਜਲਦ ਹੀ ਸ਼ਹਿਰ ਵਿੱਚ ਘੁੰਮ ਰਹੇ ਅਵਾਰਾ ਖੂੰਖਾਰ ਜਾਨਵਰਾਂ ਨੂੰ ਯੋਗ ਥਾਵਾਂ ਤੇ ਨਾ ਪਹੁੰਚਾਇਆ ਗਿਆ ਤਾਂ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਸੰਘਰਸ਼ ਦਾ ਵਿਗਲ ਵਜਾ ਦਿੱਤਾ ਜਾਵੇਗਾ। ਇਸ ਦੌਰਾਨ ਹੁਕਮ ਸਿੰਘ, ਕਾਲਾ ਸਿੰਘ, ਭਾਗ ਸਿੰਘ, ਬੰਟੀ, ਮਦਨ ਸਿੰਘ, ਮਾਨ ਸਿੰਘ, ਸੂਰਜ ਕੁਮਾਰ, ਅਰੁਣ ਕਪੂਰ, ਪਰਮਜੀਤ ਸਿੰਘ, ਨਰਿੰਦਰ ਪਾਲ ਸਿੰਘ, ਸੁਰਿੰਦਰ ਸਿੰਘ, ਸਰਵਨ ਕੁਮਾਰ, ਪ੍ਰੇਮ ਚੰਦ, ਸੋਨੂੰ, ਗੁਰਦੀਪ ਸਿੰਘ ਆਦਿ ਹਾਜ਼ਰ ਸਨ।

# ਖ਼ੁਸ਼ੀਆਂ ਦੇ ਸੌ ਰੰਗ ਵੇ ਲੋਕਾ



ਕੁਦਰਤ ਦੇ ਵਰਤਾਰੇ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ ਕਿ ਮਨੁੱਖੀ ਜ਼ਿੰਦਗੀ ਕਦੇ ਵੀ ਇੱਕੋ ਜਿਹੀ ਨਹੀਂ ਰਹਿੰਦੀ। ਜ਼ਿੰਦਗੀ ਦੇ ਰੰਗਮੰਚ 'ਤੇ ਜੇ ਖ਼ੁਸ਼ੀਆਂ ਦੇ ਰੰਗ-ਬਿਰੰਗੇ ਫੁੱਲ ਨਜ਼ਰੀਂ ਪੈਂਦੇ ਹਨ ਤਾਂ ਦੂਜੇ ਪਾਸੇ ਗ਼ਮੀਆਂ, ਉਦਾਸੀਆਂ ਤੇ ਹਉਕਿਆਂ ਦੀ ਪੱਤਝੜ ਵੀ ਇਸੇ ਜ਼ਿੰਦਗੀ ਦਾ ਹਿੱਸਾ ਹੈ। ਬੱਚੇ ਦੇ ਜਨਮ ਤੋਂ ਲੈ ਕੇ ਵੱਖ ਵੱਖ ਪੜਾਵਾਂ ਵਿੱਚੋਂ ਗੁਜ਼ਰਦਿਆਂ ਜਵਾਨੀ, ਬੁਢਾਪਾ ਤੇ ਮੌਤ ਤਕ ਦਾ ਸਫ਼ਰ ਕਿਸੇ ਵੀ ਮਨੁੱਖ ਲਈ ਖ਼ੁਸ਼ੀਆਂ ਤੇ ਗ਼ਮੀਆਂ ਦਾ ਗੁਲਦਸਤਾ ਹੈ। ਜ਼ਿੰਦਗੀ ਦੀ ਅਸਲੀਅਤ ਇਹ ਹੈ ਕਿ ਹਰ ਮਨੁੱਖ ਖ਼ੁਸ਼ੀ ਦੀ ਭਾਲ ਵਿੱਚ ਦੌੜਿਆ ਫਿਰਦਾ ਹੈ। ਬਹੁਤ ਸਾਲ ਪਹਿਲਾਂ ਪੰਜਾਬੀ ਸ਼ਾਇਰਾ ਕੁਲਦੀਪ ਕਲਪਨਾ ਦਾ ਇਹ ਸ਼ੇਅਰ ਪੜ੍ਹਿਆ ਸੀ ਜਿਹੜਾ ਜੀਵਨ ਦੀ ਸੱਚਾਈ ਨੂੰ ਬਿਆਨ ਕਰਦਾ ਹੈ, "ਖ਼ੁਸ਼ੀਆਂ ਦੇ ਸੌ ਰੰਗ ਵੇ ਲੋਕਾ, ਦਰਦ ਦਾ ਇੱਕੋ ਰੰਗ।"ਕਈ ਮਨੁੱਖ ਖ਼ੁਸ਼ੀ ਦੀ ਖ਼ਬਰ ਸੁਣ ਕੇ ਐਨੇ ਭਾਵੁਕ ਹੋ ਜਾਂਦੇ ਹਨ ਕਿ ਉਨ੍ਹਾਂ ਦੇ ਅੰਗ ਅੰਗ ਵਿੱਚੋਂ ਖ਼ੁਸ਼ੀ ਝਲਕਦੀ ਦੇਖੀ ਜਾ ਸਕਦੀ ਹੈ। ਅਚਾਨਕ ਮਿਲੀ ਕੋਈ ਅਲੋਕਾਰੀ ਖ਼ੁਸ਼ੀ ਵੀ ਕਈ ਵਾਰ ਕਈਆਂ ਨੂੰ ਪਚਾਉਣੀ ਔਖੀ ਹੋ ਜਾਂਦੀ ਹੈ। ਸ਼ਾਇਦ ਇਸੇ ਕਾਰਨ ਹੀ ਕਈ ਵਾਰ ਕਿਹਾ ਜਾਂਦਾ ਹੈ ਕਿ ਫਲਾਣਾ ਬੰਦਾ ਤਾਂ ਖ਼ੁਸ਼ੀ ਵਿੱਚ ਪਾਗਲ ਹੋ ਉੱਠਿਆ। ਕੋਈ ਵਿਅਕਤੀ ਖ਼ੁਸ਼ੀ ਦੀ ਖ਼ਬਰ ਨੂੰ ਬਹੁਤ ਹੀ ਸਹਿਜ ਰੂਪ ਵਿੱਚ ਲੈਂਦਾ ਹੈ ਤੇ ਇਨ੍ਹਾਂ ਪਲਾਂ ਨੂੰ ਮਨ ਦੇ ਅੰਦਰ ਹੀ ਮਾਣਦਾ ਹੈ ਪਰ ਕਈ ਲੋਕ ਖ਼ੁਸ਼ੀ ਦਾ ਪ੍ਰਗਟਾਵਾ ਬਹੁਤ ਹੀ ਧੂਮ-ਧੜੱਕੇ ਨਾਲ ਕਰਦੇ ਹਨ ਅਤੇ ਅਕਸਰ ਆਪੇ ਤੋਂ ਬਾਹਰ ਹੋ ਜਾਂਦੇ ਹਨ। ਜੇ ਗ਼ਮ ਜਾਂ ਦਰਦ ਸਾਂਝਾ ਕੀਤਿਆਂ ਘਟਦਾ ਹੈ ਤਾਂ ਖ਼ੁਸ਼ੀ ਆਪਣੇ ਪਿਆਰਿਆਂ ਨਾਲ ਸਾਂਝੀ ਕੀਤਿਆਂ ਦੂਣ-ਸਵਾਈ ਹੋ ਜਾਂਦੀ ਹੈ। ਖ਼ੁਸ਼ੀ ਦਾ ਕੋਈ ਵੀ ਪਲ ਹੋਵੇ, ਹਰ ਮਨੁੱਖ ਦੀ ਇਹ ਉਤਸੁਕਤਾ ਹੁੰਦੀ ਹੈ ਕਿ ਉਹ ਇਸ ਖ਼ੁਸ਼ੀ ਨੂੰ ਨੇੜਲੇ ਰਿਸ਼ਤਿਆਂ ਤੇ ਗੂੜ੍ਹੇ ਰੰਗਾਂ ਵਾਲੇ ਦੋਸਤਾਂ ਤੇ ਸਨੇਹੀਆਂ ਨਾਲ ਜਲਦੀ ਤੋਂ ਜਲਦੀ ਸਾਂਝਾ ਕਰੇ ਤਾਂ ਕਿ ਖ਼ੁਸ਼ੀ ਨੂੰ ਚਾਰ ਚੰਨ ਲੱਗ ਜਾਣ। ਖ਼ੁਸ਼ੀ, ਮਨੁੱਖ ਨੂੰ ਜ਼ਿੰਦਗੀ ਜਿਉਣ ਤੇ ਸੰਸਾਰਿਕ ਮੇਲੇ ਵਿੱਚ ਵਿਚਰਨ ਲਈ ਤਾਂਘ, ਉਮੰਗ ਤੇ ਹੌਸਲਾ ਬਖ਼ਸ਼ਦੀ ਹੈ। ਮਨੁੱਖ ਦੁਆਰਾ ਸਿਰਜੇ ਸਾਰੇ ਸਿਧਾਂਤ, ਫਿਲਾਸਫੀਆਂ ਤੇ ਜ਼ਿੰਦਗੀ ਦੀ ਦੌੜ ਪਿੱਛੇ ਮੂਲ ਕਾਰਨ ਖ਼ੁਸ਼ੀਆਂ ਦੀ ਪ੍ਰਾਪਤੀ ਹੀ ਹੈ। ਮਨੁੱਖ ਆਪਣੇ ਜੀਵਨ ਦੀ ਬਿਹਤਰੀ ਲਈ ਜਿਹੜੇ ਵੀ ਕਾਰਜ ਕਰਦਾ ਹੈ, ਉਸ ਪਿੱਛੇ ਅਸਲੀ ਉਦੇਸ਼ ਜੀਵਨ ਨੂੰ ਖ਼ੁਸ਼ੀਆਂ ਸੰਗ ਮਾਨਣ ਦੀ ਚਾਹਤ ਹੀ ਹੁੰਦੀ ਹੈ।

ਬੱਚੇ ਦੇ ਜਨਮ ਨਾਲ ਘਰ ਖ਼ੁਸ਼ੀਆਂ ਨਾਲ ਮਹਿਕ ਉੱਠਦਾ ਹੈ। ਸੁੰਨੇ ਵਿਹੜਿਆਂ ਵਿੱਚ ਬਾਲ ਦੀਆਂ ਮਾਸੂਮ ਕਿਲਕਾਰੀਆਂ ਨਾਲ ਰੌਣਕਾਂ ਦੇ ਸੂਹੇ ਗੁਲਾਬਾਂ ਦੀ ਮਹਿਕ ਪਸਰ ਜਾਂਦੀ ਹੈ। ਮਾਪਿਆਂ ਲਈ ਬੱਚੇ ਦੀ ਆਮਦ ਸਮਾਜ ਨਾਲ ਹੋਰ ਗਹਿਰੇ ਰੂਪ ਵਿੱਚ ਜੁੜਨ ਦਾ ਸਬੱਬ ਬਣਦੀ ਹੈ। ਸਾਰਾ ਜਹਾਨ ਹੀ ਆਪਣਾ ਆਪਣਾ ਲੱਗਣ ਲੱਗਦਾ ਹੈ। ਜ਼ਿੰਦਗੀ ਵਿੱਚ ਬੱਚਿਆਂ ਨਾਲ ਅਨੇਕਾਂ ਖ਼ੁਸ਼ੀਆਂ ਜੁੜੀਆਂ ਹੋਈਆਂ ਹਨ। ਬੱਚੇ ਦੇ ਜਨਮ ਦਿਨ ਦੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ। ਬੱਚੇ ਨੂੰ ਪਹਿਲੀ ਵਾਰ ਸਕੂਲ ਭੇਜਣ ਦੀ ਖ਼ੁਸ਼ੀ ਮਾਪਿਆਂ ਕੋਲੋਂ ਸਾਂਭੀ ਨਹੀਂ ਜਾਂਦੀ। ਇਸ ਤਰ੍ਹਾਂ ਹੀ ਅੱਗੇ ਜਾ ਕੇ ਪੜ੍ਹਾਈ ਵਿੱਚ ਸਫ਼ਲਤਾ, ਚੰਗੀ ਨੌਕਰੀ ਤੇ ਹੋਰ ਪ੍ਰਾਪਤੀਆਂ ਖ਼ੁਸ਼ੀਆਂ ਦੇ ਮੌਕੇ ਲਿਆਉਂਦੀਆਂ ਹਨ। ਜੀਵਨ ਵਿੱਚ ਪ੍ਰਵਾਨ ਚੜ੍ਹੇ ਬੱਚੇ ਦੇ ਵਿਆਹ ਸ਼ਾਦੀ ਦਾ ਮੌਕਾ ਤਾਂ ਪਰਿਵਾਰ ਲਈ ਅਸੀਮ ਖ਼ੁਸ਼ੀਆਂ ਲੈ ਕੇ ਆਉਂਦਾ ਹੈ। ਅਜਿਹੀ ਖ਼ੁਸ਼ੀ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਕਿਸੇ ਪ੍ਰੀਖਿਆ ਵਿੱਚੋਂ ਸਫ਼ਲ ਹੋਣ ਦੀ ਖ਼ੁਸ਼ੀ ਮਨੁੱਖੀ ਮਨ ਨੂੰ ਹੁਲਾਸ ਨਾਲ ਭਰ ਦਿੰਦੀ ਹੈ। ਜੇ ਬਹੁਤ ਚੰਗੇ ਨੰਬਰ ਆ ਜਾਣ ਜਾਂ ਕੋਈ ਪੁਜੀਸ਼ਨ ਆ ਜਾਵੇ ਫਿਰ ਤਾਂ ਖ਼ੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਹੁੰਦਾ। ਕਿਸੇ ਨੂੰ ਨੌਕਰੀ ਮਿਲ ਜਾਣ ਦੀ ਖ਼ੁਸ਼ੀ ਘਰ ਪਰਿਵਾਰ ਦੇ ਜੀਆਂ ਤੋਂ ਸਾਂਭੀ ਨਹੀਂ ਜਾਂਦੀ। ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ ਜਾਣ ਦੀ ਰੀਝ ਰੱਖਣ ਵਾਲਿਆਂ ਨੂੰ ਜਦੋਂ ਵੀਜ਼ਾ ਲੱਗਣ ਦੀ ਖ਼ਬਰ ਮਿਲਦੀ ਹੈ ਤਾਂ ਮਨ ਖ਼ੁਸ਼ੀ ਨਾਲ ਨੱਚ ਉੱਠਦਾ ਹੈ। ਜ਼ਿੰਦਗੀ ਵਿੱਚ ਕਦਮ ਕਦਮ 'ਤੇ ਖ਼ੁਸ਼ੀਆਂ ਦੇ ਰੰਗ ਬਿਖਰੇ ਪਏ ਹਨ। ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡ-ਉਤਸਵ ਜਵਾਨੀ ਦੇ ਜੋਸ਼, ਸਮਰੱਥਾ, ਮਿਹਨਤ ਤੇ ਦ੍ਰਿੜ੍ਹਤਾ ਦੀ ਜਿਉਂਦੀ ਜਾਗਦੀ ਮਿਸਾਲ ਹੁੰਦੇ ਹਨ। ਮੈਡਲ ਜਿੱਤਣ ਵਾਲਿਆਂ ਦੀ ਖ਼ੁਸ਼ੀ ਦੀ ਸੀਮਾ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੈ। ਜੇਤੂ ਮੰਚ 'ਤੇ ਖੜ੍ਹੇ ਹੋ ਕੇ ਮੈਡਲ ਪ੍ਰਾਪਤ ਕਰਦਿਆਂ ਕੁਝ ਖਿਡਾਰੀ ਏਨੇ ਭਾਵੁਕ ਹੋ ਜਾਂਦੇ ਹਨ ਕਿ ਖ਼ੁਸ਼ੀ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਬਣ ਵਹਿ ਤੁਰਦੀ ਹੈ। ਜਿਹੜੇ ਜੇਤੂ ਮੰਚ ਤਕ ਪਹੁੰਚਣ ਤੋਂ ਥੋੜ੍ਹੇ ਜਿਹੇ ਪਛੜ ਜਾਂਦੇ ਹਨ, ਉਨ੍ਹਾਂ ਦੇ ਦਰਦ ਨੂੰ ਵੀ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਪੜ੍ਹ ਸਕਣਾ ਮੁਸ਼ਕਿਲ ਨਹੀਂ ਹੁੰਦਾ। ਭਾਵੇਂ ਜਿੱਤ ਹਾਰ ਜ਼ਿੰਦਗੀ ਦਾ ਹਿੱਸਾ ਹੁੰਦੀ ਹੈ ਪਰ ਹਰ ਕੋਈ ਜਿੱਤ ਦੀ ਆਸ ਨਾਲ ਹੀ ਆਪਣੀ ਸਮਰੱਥਾ ਤੇ ਪੂਰੀ ਸ਼ਕਤੀ ਦਾਅ 'ਤੇ ਲਾ ਦਿੰਦਾ ਹੈ। ਮਿੱਟੀ ਨਾਲ ਮਿੱਟੀ ਹੁੰਦੇ ਕਿਸਾਨ ਦੀ ਜਦੋਂ ਫ਼ਸਲ ਤਿਆਰ ਹੁੰਦੀ ਹੈ ਤਾਂ ਉਸ ਦੀ ਖ਼ੁਸ਼ੀ ਦੀ ਕੋਈ ਸੀਮਾ ਨਹੀਂ ਹੁੰਦੀ। ਜੇ ਕਿਸਾਨ ਦੀ ਫ਼ਸਲ ਬਿਮਾਰੀਆਂ ਤੇ ਕੀੜਿਆਂ ਮਕੌੜਿਆਂ ਤੋਂ ਬਚ ਜਾਵੇ ਤੇ ਮੰਡੀ ਵਿੱਚ ਸਹੀ ਸਲਾਮਤ ਵਿਕ ਜਾਵੇ ਤਾਂ ਉਸ ਨੂੰ ਅੰਤਰੀਵ ਖ਼ੁਸ਼ੀ ਮਹਿਸੂਸ ਹੁੰਦੀ ਹੈ ਤੇ ਅੰਤਾਂ ਦੀ ਕੀਤੀ ਮੁਸ਼ੱਕਤ ਵੀ ਭੁੱਲ ਜਾਂਦੀ ਹੈ ਅਤੇ ਉਹ ਖ਼ੁਸ਼ੀ ਵਿੱਚ ਫੁੱਲਿਆ ਨਹੀਂ ਸਮਾਉਂਦਾ ਪਰ ਜੇ ਨਕਲੀ ਬੀਜਾਂ, ਨਕਲੀ ਖਾਦਾਂ, ਨਕਲੀ ਕੀੜੇਮਾਰ ਦਵਾਈਆਂ ਤੇ ਕੁਦਰਤੀ ਕਰੋਪੀ ਦੀ ਮਾਰ ਪੈ ਜਾਵੇ ਤਾਂ ਧਰਤੀ ਪੁੱਤ ਦੇ ਦਰਦ ਦੀ ਇੰਤਹਾ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਸ਼ਾਇਦ ਹੀ ਦੁਨੀਆਂ ਦਾ ਕੋਈ ਸ਼ਖ਼ਸ ਹੋਵੇ ਜਿਹੜਾ ਘਾਟੇ ਦਾ ਵਣਜ ਕਰਦਾ ਹੋਵੇ ਪਰ ਧੰਨ ਜਿਗਰਾ ਕਿਸਾਨ ਦਾ ਜਿਹੜਾ ਲਗਾਤਾਰ ਘਾਟੇ ਸਹਿ ਕੇ ਵੀ ਅਗਲੀ ਫ਼ਸਲ ਬੀਜਣ ਤੁਰ ਪੈਂਦਾ ਹੈ। ਲਹਿਲਹਾਉਂਦੀ ਫ਼ਸਲ ਦੇਖ ਕੇ ਜੱਟ ਦੀ ਖ਼ੁਸ਼ੀ ਦੀ ਕੋਈ ਸੀਮਾ ਨਹੀਂ ਹੁੰਦੀ।

ਹਵਾਈ ਅੱਡੇ 'ਤੇ ਜਾਉ ਤਾਂ ਰੋਟੀ-ਰੋਜ਼ੀ ਦੀ ਖ਼ਾਤਰ ਵਿਦੇਸ਼ਾਂ ਵਿੱਚ ਗਏ ਪੰਜਾਬੀ ਜਦੋਂ ਵਤਨ ਪਰਤਦੇ ਹਨ ਤਾਂ ਆਪਣੀ ਧਰਤੀ 'ਤੇ ਆ ਕੇ ਤੇ ਆਪਣਿਆਂ ਨੂੰ ਮਿਲ ਕੇ ਉਨ੍ਹਾਂ ਦੀਆਂ ਅੱਖਾਂ ਵਿੱਚ ਆਪਮੁਹਾਰੇ ਹੀ ਖ਼ੁਸ਼ੀ ਦੇ ਹੰਝੂ ਉਮੜ ਆਉਂਦੇ ਹਨ। ਪਰਦੇਸੀਂ ਜਾਣ ਵਾਲਿਆਂ ਦੀਆਂ ਅੱਖਾਂ ਵੀ ਖ਼ੁਸ਼ੀ ਵਿੱਚ ਨਮ ਹੋ ਜਾਂਦੀਆਂ ਹਨ। ਇਸ ਖ਼ੁਸ਼ੀ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਜਿਹੜਾ ਇਸ ਨੂੰ ਭੋਗਦਾ ਹੈ, ਉਸ ਨੂੰ ਹੀ ਇਹ ਅਨੁਭਵ ਹੁੰਦਾ ਹੈ। ਪਤੀ ਦੀ ਯਾਦ ਵਿੱਚ ਤੜਪਦੀ ਨਵ-ਵਿਆਹੁਤਾ ਨੂੰ ਜਦੋਂ ਵੀਜ਼ਾ ਲੱਗਣ ਦੀ ਖ਼ਬਰ ਮਿਲਦੀ ਹੈ ਤਾਂ ਉਸ ਦੀਆਂ ਅੱਖਾਂ ਵਿੱਚ ਜਿਹੜੀ ਖ਼ੁਸ਼ੀ ਲਿਸ਼ਕਾਂ ਮਾਰਦੀ ਹੈ, ਉਸ ਨੂੰ ਸ਼ਬਦਾਂ 'ਚ ਦੱਸਣਾ ਬਹੁਤ ਔਖਾ ਹੈ। ਕਵੀ, ਲੇਖਕ, ਚਿੱਤਰਕਾਰ, ਬੁੱਤਘਾੜਾ ਆਦਿ ਕਲਾਕਾਰ ਜਦੋਂ ਕਿਸੇ ਰਚਨਾ ਦੀ ਸਿਰਜਣਾ ਕਰਦੇ ਹਨ ਤਾਂ ਉਨ੍ਹਾਂ ਨੂੰ ਜਿਹੜੀ ਤ੍ਰਿਪਤੀ ਹੁੰਦੀ ਹੈ, ਉਹ ਵੱਡੀ ਤੋਂ ਵੱਡੀ ਖ਼ੁਸ਼ੀ ਤੋਂ ਵੀ ਕਿਤੇ ਵੱਡੀ ਹੁੰਦੀ ਹੈ। ਇਸ ਅੰਤਰੀਵ ਖ਼ੁਸ਼ੀ ਦੀ ਥਾਹ ਪਾ ਸਕਣਾ ਹਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਹੈ।

ਅਸਲ ਵਿੱਚ ਖ਼ੁਸ਼ੀ ਮਨ ਦੀ ਸਥਿਤੀ ਦਾ ਨਾਂ ਹੈ। ਨਵੇਂ ਕੱਪੜੇ ਪਹਿਨ ਕੇ ਹਰ ਇੱਕ ਨੂੰ ਖ਼ੁਸ਼ੀ ਹੁੰਦੀ ਹੈ ਪਰ ਕਹਿੰਦੇ ਨੇ ਨਵਾਂ ਸੂਟ ਪਹਿਨ ਕੇ ਜਿਹੜੀ ਖ਼ੁਸ਼ੀ ਔਰਤ ਦੇ ਮਨ ਵਿੱਚ ਪੈਦਾ ਹੁੰਦੀ ਹੈ, ਉਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਬੱਚੇ ਨੂੰ ਖਿਡੌਣਾ ਲੈ ਕੇ ਜਿਹੜੀ ਖ਼ੁਸ਼ੀ ਮਿਲਦੀ ਹੈ, ਉਸ ਦੀ ਥਾਹ ਕੌਣ ਪਾ ਸਕਦਾ ਹੈ? ਇਹ ਗੱਲ ਹਰ ਵਿਅਕਤੀ ਦੇ ਜ਼ਿੰਦਗੀ ਪ੍ਰਤੀ ਵਤੀਰੇ ਉੱਤੇ ਨਿਰਭਰ ਕਰਦੀ ਹੈ ਕਿ ਉਹ ਜੀਵਨ ਦੀ ਕਿਸ ਘਟਨਾ ਨੂੰ ਕਿਹੜੇ ਅਰਥਾਂ ਵਿੱਚ ਲੈਂਦਾ ਹੈ। ਆਸ਼ਾਵਾਦੀ ਸੋਚ ਵਾਲੇ ਲੋਕ ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋਂ ਵੀ ਖ਼ੁਸ਼ੀ ਦੇ ਅਰਥ ਤਲਾਸ਼ ਲੈਂਦੇ ਹਨ। ਅਜਿਹੇ ਤਲਖ਼ੀਆਂ ਭਰਪੂਰ ਸਮਿਆਂ ਵਿੱਚ ਖ਼ੁਸ਼ੀ ਦੇ ਮੌਕੇ ਸੀਮਤ ਹੁੰਦੇ ਜਾ ਰਹੇ ਹਨ। ਹਰ ਰੋਜ਼ ਅਖ਼ਬਾਰਾਂ ਉਦਾਸ ਤੇ ਦਰਦਨਾਕ ਖ਼ਬਰਾਂ ਨਾਲ ਭਰੀਆਂ ਨਜ਼ਰ ਆਉਂਦੀਆਂ ਹਨ। ਜ਼ਿੰਦਗੀ ਬਹੁਤ ਕੀਮਤੀ ਹੈ। ਇਸ ਲਈ ਸਾਨੂੰ ਖ਼ੁਸ਼ੀ ਦੇ ਪਲਾਂ ਨੂੰ ਹੱਥੋਂ ਗੁਆਉਣਾ ਨਹੀਂ ਚਾਹੀਦਾ।

ਸਿਆਣੇ ਕਹਿੰਦੇ ਨੇ ਖ਼ੁਸ਼ੀ ਤੇ ਆਜ਼ਾਦੀ ਦਾ ਅਸਲੀ ਅਨੁਭਵ ਦੂਜਿਆਂ ਨੂੰ ਦੇ ਕੇ ਹੀ ਅਸਲੀ ਅਰਥਾਂ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ। ਜੇ ਖ਼ੁਸ਼ੀਆਂ ਮਾਨਣੀਆਂ ਚਾਹੁੰਦੇ ਹੋ ਤਾਂ ਆਓ, ਖ਼ੁਸ਼ੀਆਂ ਵੰਡਣ ਦੇ ਰਾਹ ਤੁਰੀਏ।

# ਅਜੋਕੀ ਪੀੜ੍ਹੀ ਨੂੰ ਪੈਸੇ ਦੀ ਨਹੀਂ, ਸਹੀ ਅਗਵਾਈ ਦੀ ਲੋੜ



ਪੰਜਾਬੀਆਂ ਦਾ ਸੁਭਾਅ ਹੈ ਕਿ ਜਦੋਂ ਇਨ੍ਹਾਂ ਨੇ ਗੱਡੀ ਫੜਨੀ ਹੁੰਦੀ ਹੈ ਤਾਂ ਸਮੇਂ ਤੋਂ ਬਹੁਤ ਪਹਿਲਾਂ ਰੇਲਵੇ ਸਟੇਸ਼ਨ ਪਹੁੰਚ ਜਾਂਦੇ ਹਨ। ਗੱਡੀ ਆਉਂਦੀ ਹੈ ਅਤੇ ਦਗੜ-ਦਗੜ ਕਰਦੀ ਲੰਘ ਜਾਂਦੀ ਹੈ। ਫੱਟੇ ਤੋਂ ਜਦੋਂ ਉਹ ਤ੍ਰਭਕ ਕੇ ਉੱਠਦੇ ਹਨ, ਉਦੋਂ ਤਕ ਗੱਡੀ ਅੱਖਾਂ ਤੋਂ ਓਹਲੇ ਹੋ ਗਈ ਹੁੰਦੀ ਹੈ ਅਤੇ ਉਹ ਪਛਤਾਵੇ ਵਿੱਚ ਹੱਥ ਮਲਦੇ ਰਹਿ ਜਾਂਦੇ ਹਨ। ਔਲਾਦ ਪ੍ਰਤੀ ਪੰਜਾਬੀਆਂ ਦੀ ਸੋਚ ਵੀ ਕੁਝ ਇਸ ਤਰ੍ਹਾਂ ਦੀ ਹੀ ਬਣੀ ਹੋਈ ਹੈ। ਔਲਾਦ ਨੂੰ ਮਹਿੰਗੀ ਸਿੱਖਿਆ, ਮਹਿੰਗੇ ਟਿਊਸ਼ਨ, ਮਹਿੰਗਾ ਮੋਬਾਈਲ, ਖੁੱਲ੍ਹਾ ਜੇਬ ਖ਼ਰਚ ਦੇਣ ਵਿੱਚ ਮਾਪਿਆਂ ਵੱਲੋਂ ਕੋਈ ਕਸਰ ਨਹੀਂ ਛੱਡੀ ਜਾਂਦੀ ਪਰ ਜਦੋਂ ਨੈਤਿਕ ਤੇ ਸਮਾਜਿਕ ਸਿੱਖਿਆ ਦੇਣ ਅਤੇ ਕੁਸੰਗਤ ਪ੍ਰਤੀ ਪਹਿਰੇਦਾਰੀ ਦੀ ਗੱਲ ਆਉਂਦੀ ਹੈ ਤਾਂ ਉੱਥੇ ਮਾਪਿਆਂ ਵੱਲੋਂ ਘੇਸਲ ਮਾਰ ਲਈ ਜਾਂਦੀ ਹੈ। ਇਸ ਦਾ ਮਾੜ੍ਹਾ ਅਸਰ ਅਜਿਹਾ ਹੁੰਦਾ ਹੈ ਕਿ ਔਲਾਦ ਗ਼ਲਤ ਹੱਥਾਂ ਵਿੱਚ ਜਾ ਕੇ ਸਿਰਫ਼ ਆਪਣਾ ਭਵਿੱਖ ਹੀ ਨਹੀਂ ਧੁਆਂਖਦੀ ਸਗੋਂ ਮਾਪਿਆਂ ਦੀਆਂ ਰੀਝਾਂ, ਚਾਵਾਂ ਅਤੇ ਭਵਿੱਖ ਪ੍ਰਤੀ ਸਿਰਜੇ ਸੁਪਨੇ, ਸਭ ਕੁਝ ਹੀ ਮਲੀਆਮੇਟ ਹੋ ਜਾਂਦਾ ਹੈ।

ਦਰਅਸਲ, ਨੌਜਵਾਨਾਂ ਦਾ ਪ੍ਰਵਾਹ ਹੜ੍ਹਾਂ ਦੇ ਪਾਣੀ ਵਰਗਾ ਹੁੰਦਾ ਹੈ। ਅੱਜ ਲੜਕੀਆਂ ਦਾ ਵੱਡਾ ਹਿੱਸਾ ਕਿਰਤ ਪ੍ਰਤੀ ਸੰਜੀਦਾ, ਆਗਿਆਕਾਰ, ਹਉਮੈ ਤੋਂ ਦੂਰ ਅਤੇ ਦ੍ਰਿੜ੍ਹ ਸੰਕਲਪ ਦਾ ਧਾਰਨੀ ਹੋ ਕੇ ਸਿੱਖਿਆ ਦੇ ਖੇਤਰ ਤੋਂ ਇਲਾਵਾ ਜ਼ਿੰਦਗੀ ਦੀ ਦੌੜ ਵਿੱਚ ਵੀ ਲੜਕਿਆਂ ਨੂੰ ਪਿੱਛੇ ਛੱਡ ਰਿਹਾ ਹੈ। ਕਾਰਨਾਂ ਦੀ ਘੋਖ ਕੀਤੀ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਲੜਕੀਆਂ ਦੇ ਮੁਕਾਬਲੇ ਲੜਕਿਆਂ ਨੂੰ ਸਮਾਜਿਕ ਅਤੇ ਪਰਿਵਾਰਕ ਪਹਿਰੇਦਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਪਹਿਰੇਦਾਰੀ ਹੀ ਉਨ੍ਹਾਂ ਨੂੰ ਬੁਲੰਦੀਆਂ ਛੂਹਣ ਦੀ ਜਾਚ ਸਿਖਾਉਣ ਵਿੱਚ ਸਹਾਈ ਹੁੰਦੀ ਹੈ।

ਅੱਜ ਦੀ ਪਦਾਰਥਕ ਦੌੜ ਨੇ ਜਿੱਥੇ ਰਿਸ਼ਤਿਆਂ ਦਾ ਰੰਗ ਫਿੱਕਾ ਪਾ ਦਿੱਤਾ ਹੈ, ਉੱਥੇ ਹੀ ਮਾਂ-ਬਾਪ ਨੂੰ ਆਪਣੀ ਔਲਾਦ ਪ੍ਰਤੀ ਗੰਭੀਰ ਜ਼ਿੰਮੇਵਾਰੀਆਂ ਤੋਂ ਵੀ ਬੇਮੁੱਖ ਕਰ ਦਿੱਤਾ ਹੈ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਦਸਤਪੰਜਾ ਲੈਣ ਦੀ ਜਾਚ ਔਲਾਦ ਨੇ ਮਾਪਿਆਂ ਤੋਂ ਹੀ ਸਿੱਖਣੀ ਹੁੰਦੀ ਹੈ। ਬੱਚਿਆਂ ਦੀ ਮੁਢਲੀ ਪਾਠਸ਼ਾਲਾ ਮਾਪੇ ਹਨ ਅਤੇ ਇਸ ਪਾਠਸ਼ਾਲਾ ਵਿੱਚ ਉਨ੍ਹਾਂ ਨੇ ਜ਼ਿੰਦਗੀ ਦੀ ਪੜ੍ਹਾਈ ਦੇ ਉਹ ਪਾਠ ਸਿੱਖਣੇ ਹੁੰਦੇ ਹਨ ਜਿਨ੍ਹਾਂ ਦਾ ਅਸਰ ਉਨ੍ਹਾਂ ਦੀ ਸਾਰੀ ਜ਼ਿੰਦਗੀ 'ਤੇ ਪੈਂਦਾ ਹੈ। ਜ਼ਿੰਦਗੀ ਦੀ ਪੜ੍ਹਾਈ ਵਿੱਚ ਪ੍ਰੀਖਿਆ ਪਹਿਲਾਂ ਹੁੰਦੀ ਹੈ ਅਤੇ ਸਬਕ ਬਾਅਦ ਵਿੱਚ ਮਿਲਦਾ ਹੈ। ਮਾਂ ਬੱਚੇ ਨੂੰ ਸਿਖਾਉਂਦੀ ਹੈ ਕਿ ਸੰਸਾਰ ਨਾਲ ਕਿਵੇਂ ਵਰਤਣਾ ਹੈ ਅਤੇ ਬਾਪ ਦੀ ਪ੍ਰੇਰਨਾ ਨਾਲ ਬੱਚਾ ਇਹ ਸਿੱਖਦਾ ਹੈ ਕਿ ਸੰਸਾਰ ਨੂੰ ਕਿਵੇਂ ਵਰਤਣਾ ਹੈ, ਪਰ ਇਸ ਵੇਲੇ ਤਾਂ ਜ਼ਿੰਦਗੀ ਦੀ ਭੱਜ-ਦੌੜ ਵਿੱਚ ਬੱਚੇ ਨੌਕਰਾਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਗਏ ਹਨ। ਬੱਚਿਆਂ ਦੀ ਸਾਰੀ ਜ਼ਿੰਮੇਵਾਰੀ ਨੌਕਰਾਂ 'ਤੇ ਛੱਡਣ ਕਾਰਨ ਬੱਚਿਆਂ ਨਾਲ ਮਾਪਿਆਂ ਦੇ ਮੋਹ, ਸਤਿਕਾਰ ਅਤੇ ਅਪਣੱਤ ਦੇ ਰਿਸ਼ਤੇ ਵਿੱਚ ਤਰੇੜ ਆ ਗਈ ਹੈ। ਇਸ ਪਦਾਰਥਕ ਦੌੜ ਵਿੱਚ ਬਹੁਤ ਸਾਰੇ ਮਾਪੇ ਆਪਣੀ ਫੁੱਲੀ ਹੋਈ ਜੇਬ ਨੂੰ ਹੀ ਜ਼ਿੰਦਗੀ ਦੀ ਅਹਿਮ ਪ੍ਰਾਪਤੀ ਸਮਝਦੇ ਹੋਏ ਆਪਣੀ ਅਸਲ ਪੂੰਜੀ ਔਲਾਦ 'ਤੇ ਧਿਆਨ ਕੇਂਦਰਤ ਨਹੀਂ ਕਰ ਰਹੇ। ਕੁਦਰਤੀ ਵਾਤਾਵਰਨ, ਸਭਿਆਚਾਰ, ਆਪਸੀ ਭਾਈਚਾਰਕ ਸਾਂਝ ਦੀ ਅਣਹੋਂਦ ਅਤੇ ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਨੇ ਜਿੱਥੇ ਮਨੁੱਖੀ ਰਿਸ਼ਤਿਆਂ ਨੂੰ ਤਾਰ-ਤਾਰ ਕੀਤਾ ਹੈ, ਉੱਥੇ ਬਹੁਤ ਸਾਰੇ ਨਜ਼ਦੀਕੀ ਰਿਸ਼ਤਿਆਂ ਦੇ ਰੰਗ ਫਿੱਕੇ ਪੈਣ ਕਾਰਨ ਮਨੁੱਖ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ। ਘਰ ਅਤੇ ਮਕਾਨ ਦੇ ਅੰਤਰ ਨੂੰ ਭੁੱਲ ਕੇ ਮਨੁੱਖ ਕੋਠੀਆਂ ਉਸਾਰਨ, ਮਹਿੰਗੇ ਫਰਨੀਚਰ ਅਤੇ ਹੋਰ ਸੁੱਖ ਸਹੂਲਤਾਂ ਦਾ ਸਾਮਾਨ ਲਿਆਉਣ ਨੂੰ ਹੀ ਆਪਣੀ ਅਹਿਮ ਪ੍ਰਾਪਤੀ ਸਮਝਦਾ ਹੈ ਪਰ ਉਹ ਇਹ ਭੁੱਲ ਜਾਂਦਾ ਹੈ ਕਿ ਜਿੱਥੇ ਮੋਹ, ਪਿਆਰ, ਸਤਿਕਾਰ ਅਤੇ ਇੱਕ-ਦੂਜੇ ਦੇ ਜਜ਼ਬਾਤ ਦੀ ਕਦਰ ਹੁੰਦੀ ਹੈ, ਉਸ ਨੂੰ 'ਘਰ' ਕਿਹਾ ਜਾਂਦਾ ਹੈ ਅਤੇ ਜਿੱਥੇ ਇਹ ਸਭ ਕੁਝ ਲੋਪ ਹੋਵੇ, ਉੱਥੇ ਆਲੀਸ਼ਾਨ ਕੋਠੀ ਵੀ 'ਭੂਤਵਾੜਾ' ਬਣ ਜਾਂਦੀ ਹੈ ਅਤੇ ਅਜਿਹੇ 'ਭੂਤਵਾੜੇ' ਵਿੱਚ ਬੱਚੇ ਦੀ ਜ਼ਿੰਦਗੀ ਨੂੰ ਗ੍ਰਹਿਣ ਲੱਗਣਾ ਸੁਭਾਵਿਕ ਹੀ ਹੈ। ਸਾਨੂੰ ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਦਾ ਵੱਡਾ ਹਿੱਸਾ ਆਪਣੀ ਤਾਕਤ ਨੂੰ ਦਰਿੰਦਗੀ ਦਾ ਰੂਪ ਦੇ ਕੇ ਖ਼ੁਸ਼ੀ ਵਿੱਚ ਚਾਂਘਰਾਂ ਕਿਉਂ ਮਾਰ ਰਿਹਾ ਹੈ?

ਉਸ ਨੇ ਨੈਤਿਕ ਕਦਰਾਂ-ਕੀਮਤਾਂ ਤੋਂ ਕਿਨਾਰਾਕਸ਼ੀ ਕਿਉਂ ਕੀਤੀ ਹੈ? ਦਰਅਸਲ ਬਹੁਤ ਸਾਰੇ ਘਰਾਂ ਵਿੱਚ ਬੱਚਿਆਂ ਨੂੰ ਚੀਕਾਂ, ਗਾਲਾਂ ਦੀ ਵਾਛੜ ਅਤੇ ਹਾਸਿਆਂ ਵਿੱਚ ਰਲੀ-ਮਿਲੀ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ। ਸੋਚਣ ਵਾਲੀ ਗੱਲ ਹੈ ਕਿ ਲੋੜ ਤੋਂ ਵੱਧ ਸਖ਼ਤੀ, ਗਾਲਾਂ, ਰੋਣ-ਪਿੱਟਣ ਵਾਲੇ ਸੀਰੀਅਲ, ਖ਼ੂਨ-ਖ਼ਰਾਬੇ ਵਾਲੀਆਂ ਫ਼ਿਲਮਾਂ ਨਾਲ ਭਲਾ ਬੱਚੇ ਦੀ ਮਾਨਸਿਕਤਾ ਦਾ ਰੁਖ਼ ਕਿਸ ਪਾਸੇ ਵੱਲ ਹੋਵੇਗਾ? ਦਰਅਸਲ ਬੱਚਿਆਂ ਨੂੰ ਜੀਵਨ ਜਾਚ ਦਾ ਸਬਕ ਮਾਪਿਆਂ ਨੇ ਹੀ ਪੜ੍ਹਾਉਣਾ ਹੁੰਦਾ ਹੈ। ਅਜੋਕੇ ਸਮੇਂ ਹਰ ਘਰ ਵਿੱਚ ਚੇਤਨਾ ਦਾ ਦੀਵਾ ਜਗਾਉਣ ਦੀ ਲੋੜ ਹੈ। ਸਵੈ-ਚਿੰਤਨ, ਸਵੈ-ਮੁਲਾਂਕਣ ਦੀ ਜਾਚ ਬੱਚਿਆਂ ਨੂੰ ਟੋਕਣ ਨਾਲ ਨਹੀਂ, ਸਗੋਂ ਮਾਪਿਆਂ ਵੱਲ ਦੇਖ-ਦੇਖ ਕੇ ਆਉਂਦੀ ਹੈ। ਬੱਚੇ ਕਹਿਣ-ਸੁਣਨ ਨਾਲੋਂ ਨਕਲ ਕਰਨ ਨੂੰ ਤਰਜੀਹ ਦਿੰਦੇ ਹਨ ਅਤੇ ਜੇ ਮਾਪੇ, ਔਲਾਦ ਤੇ ਸਮਾਜ ਲਈ ਆਦਰਸ਼ ਦਾ ਫ਼ਰਜ਼ ਨਿਭਾਉਣ ਤਾਂ ਬੱਚੇ ਨਕਲ ਕਰਦਿਆਂ ਉਨ੍ਹਾਂ ਦੇ ਪਦਚਿੰਨ੍ਹਾਂ 'ਤੇ ਜ਼ਰੂਰ ਚੱਲਣਗੇ। ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਿਆਦਾਤਰ ਬੱਚੇ ਵਿਗੜ ਕੇ ਨਸ਼ਿਆਂ ਅਤੇ ਹੋਰ ਬੁਰੀਆਂ ਆਦਤਾਂ ਦੇ ਸ਼ਿਕਾਰ ਉਸ ਵੇਲੇ ਹੀ ਹੁੰਦੇ ਹਨ ਜਦੋਂ ਘਰ ਦਾ ਮੁਖੀ ਆਪ ਹੀ ਨੈਤਿਕ ਕਦਰਾਂ-ਕੀਮਤਾਂ ਤੋਂ ਕਿਨਾਰਾਕਸ਼ੀ ਕਰਕੇ ਇੱਕ ਚੰਗਾ ਬਾਪ, ਇੱਕ ਚੰਗਾ ਪਤੀ ਅਤੇ ਇੱਕ ਚੰਗਾ ਪੁੱਤ ਬਣਨ ਦੇ ਫ਼ਰਜ਼ਾਂ ਤੋਂ ਬੇਮੁੱਖ ਹੋਇਆ ਹੁੰਦਾ ਹੈ। ਭਲਾ, ਜਿਹੜੇ ਮਾਂ-ਬਾਪ ਆਪਣੇ ਬੱਚਿਆਂ ਦੀ ਹਾਜ਼ਰੀ ਵਿੱਚ ਆਪਣੇ ਬਜ਼ੁਰਗਾਂ ਦੀ ਬੇਕਦਰੀ ਕਰਦੇ ਹਨ, ਉਨ੍ਹਾਂ ਦੇ ਬੱਚੇ ਰਹਿਮ ਦਿਲ ਅਤੇ ਸੇਵਾ ਭਾਵਨਾ ਦੇ ਜਜ਼ਬੇ ਨਾਲ ਲਬਰੇਜ਼ ਜ਼ਿੰਦਗੀ ਜਿਊਣ ਦੀ ਜਾਚ ਕਿੰਜ ਸਿੱਖਣਗੇ? ਅਜਿਹੇ ਮਾਪੇ ਆਪਣੀ ਜ਼ਿੰਦਗੀ ਧੁਆਂਖਣ ਦੇ ਨਾਲ ਬੱਚਿਆਂ ਨੂੰ ਵੀ ਕੁਰਾਹੇ ਪਾ ਦਿੰਦੇ ਹਨ। ਬਿਨਾਂ ਸ਼ੱਕ ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣ ਦੀ ਪਹਿਲੀ ਜ਼ਿੰਮੇਵਾਰੀ ਮਾਪਿਆਂ ਦੀ ਹੈ। ਜਿੱਥੇ ਮਾਂ-ਬਾਪ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹਨ ਅਤੇ ਵਕਤ ਕੱਢ ਕੇ ਆਪਣੀ ਅਸਲ ਪੂੰਜੀ ਔਲਾਦ ਉੱਪਰ ਧਿਆਨ ਕੇਂਦਰਿਤ ਕਰਦੇ ਹਨ, ਉਨ੍ਹਾਂ ਬੱਚਿਆਂ ਦੇ ਵਿਗੜਨ ਦੀ ਨੌਬਤ ਘੱਟ ਹੀ ਆਉਂਦੀ ਹੈ ਅਤੇ ਅਜਿਹੇ ਬੱਚੇ ਆਪਣੀ ਜ਼ਿੰਦਗੀ ਵਿੱਚ ਕਿਰਮਚੀ ਰੰਗ ਭਰਨ ਲਈ ਸੰਘਰਸ਼ ਦਾ ਰਾਹ ਜ਼ਰੂਰ ਫੜਦੇ ਹਨ। ਸੁਹਿਰਦ ਮਾਪੇ ਆਪਣੇ ਬੱਚਿਆਂ ਨੂੰ ਸ਼ੁਰੂ ਵਿੱਚ ਹੀ ਧਰਮ, ਕਿਰਤ ਅਤੇ ਸਾਹਿਤ ਨਾਲ ਜੋੜ ਕੇ ਉਨ੍ਹਾਂ ਦੀ ਜ਼ਿੰਦਗੀ ਦੀ ਨੀਂਹ ਮਜ਼ਬੂਤ ਕਰ ਦਿੰਦੇ ਹਨ ਅਤੇ ਜੇ ਨੀਂਹ ਮਜ਼ਬੂਤ ਹੈ ਤਾਂ ਜ਼ਿੰਦਗੀ ਦੇ ਝੱਖੜ, ਹਨੇਰੀਆਂ ਅਤੇ ਦੁਸ਼ਵਾਰੀਆਂ ਉਨ੍ਹਾਂ ਨੂੰ ਡਗਮਗਾ ਨਹੀਂ ਸਕਦੀਆਂ।

# ਸਾਡੇ ਤਾਂ ਵਿਹੜੇ ਮੁੱਢ ਮਕੱਈ ਦਾ



ਪੰਜਾਬੀਆਂ ਦੀ ਮਨਭਾਉਂਦੀ ਖ਼ੁਰਾਕ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ 'ਚੋਂ ਜੇ ਮੱਕੀ ਦੀ ਰੋਟੀ ਨੂੰ ਮਨਫ਼ੀ ਕਰ ਦੇਈਏ ਤਾਂ ਸੁਆਦ ਪੱਖੋਂ ਪਿੱਛੇ ਕੁਝ ਨਹੀਂ ਰਹਿ ਜਾਂਦਾ। ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਦਾ ਵਿਕਲਪ ਤਾਂ ਜ਼ਰੂਰ ਲੱਭਿਆ ਜਾ ਸਕਦਾ ਹੈ, ਪਰ ਉਸ ਦੇ ਸੁਆਦ ਦਾ ਕੋਈ ਵਿਕਲਪ ਨਹੀਂ ਹੈ। ਮੱਕੀ ਦੀ ਫ਼ਸਲ ਦੀ ਗਿਣਤੀ ਪੰਜਾਬ ਦੀਆਂ ਸਾਉਣੀ ਦੀਆਂ ਫ਼ਸਲਾਂ 'ਚ ਕੀਤੀ ਜਾਂਦੀ ਹੈ। ਅੱਜ ਕੱਲ੍ਹ ਪੰਜਾਬ 'ਚ ਮੱਕੀ ਦੀ ਫ਼ਸਲ ਦੀਆਂ ਕਈ ਹਾਈਬ੍ਰਿਡ ਕਿਸਮਾਂ ਪ੍ਰਚਲਿਤ ਹੋਣ ਕਰਕੇ ਇਹ ਸਿਆਲ ਤੇ ਗਰਮੀ ਦੋਵਾਂ ਮੌਸਮਾਂ 'ਚ ਵੀ ਬੀਜੀ ਜਾਣ ਲੱਗੀ ਹੈ, ਪਰ ਪੰਜਾਬੀਆਂ ਨੂੰ ਸਰ੍ਹੋਂ ਦੇ ਸਾਗ ਨਾਲ ਸੁੱਕੇ ਢੋਡਿਆਂ ਦੇ ਰੂਪ 'ਚ ਰੂਹ ਵਿੱਚ ਵੱਸ ਜਾਣ ਵਾਲਾ ਮਿੱਠਾ ਮਿੱਠਾ ਸੁਆਦ ਦੇਣ ਵਾਲਾ ਕੰਮ ਹਾੜ੍ਹ ਮਹੀਨੇ ਬੀਜੀ ਤੇ ਅੱਸੂ ਕੱਤਕ 'ਚ ਪੱਕਣ ਵਾਲੀ ਦੇਸੀ ਤੇ ਲਾਲ ਭਾਹ ਮਾਰਦੀ ਜੁਆਰ ਦੇ ਹੀ ਹਿੱਸੇ ਆਇਆ ਹੈ। ਖੇਤੀ ਲਈ ਸਿੰਚਾਈ ਸਹੂਲਤਾਂ ਤੇ ਆਧੁਨਿਕ ਤੌਰ ਤਰੀਕਿਆਂ ਦੇ ਦੌਰ ਤੋਂ ਪਹਿਲਾਂ ਇਹ ਦੇਸੀ ਮੱਕੀ ਹਾੜ੍ਹ ਮਹੀਨੇ ਪਏ ਮੀਂਹਾਂ ਨਾਲ ਖੇਤਾਂ 'ਚ ਕੇਰ ਦਿੱਤੀ ਜਾਂਦੀ ਤੇ ਫਿਰ ਦਸ ਪੰਦਰਾਂ ਦਿਨਾਂ ਬਾਅਦ ਜ਼ਮੀਨ 'ਚੋਂ ਬਾਹਰ ਨਿੱਕਲੇ ਛੋਟੇ-ਛੋਟੇ ਟਾਂਡੇ ਚੰਡੇ ਹੋਏ ਰੰਭਿਆਂ, ਬੋਹਲਿਆਂ ਨਾਲ ਗੋਡੀਆਂ ਕਰ ਕਰ ਤਕੜੇ ਕੀਤੇ ਜਾਂਦੇ। ਉਸ ਦੌਰ 'ਚ ਮੱਕੀ ਦੀ ਫ਼ਸਲ 'ਚ ਗੋਡੀਆਂ ਨਦੀਨ ਮਾਰਨ ਤੇ ਜ਼ਮੀਨ ਨੂੰ ਪੋਲੀ ਰੱਖਣ ਲਈ ਕੀਤੀਆਂ ਜਾਂਦੀਆਂ। ਇਸ ਤਰ੍ਹਾਂ ਵਾਰ ਵਾਰ ਕੀਤੀਆਂ ਗੋਡੀਆਂ ਇਸ ਫ਼ਸਲ ਨੂੰ ਕਈ ਦਿਨ ਪਾਣੀ ਦੀ ਕਮੀ ਮਹਿਸੂਸ ਨਾ ਹੋਣ ਦਿੰਦੀਆਂ ਤੇ ਫਿਰ ਸਾਉਣ ਦੀਆਂ ਝੜੀਆਂ ਤਕ ਇਨ੍ਹਾਂ ਮੱਕੀਆਂ 'ਚ ਬਲਦਾਂ ਵਾਲੇ ਹਲ ਫੇਰ ਫੇਰ ਮੱਕੀ ਦੇ ਬੂਟਿਆਂ ਦੁਆਲੇ ਮਿੱਟੀ ਚਾੜ੍ਹ ਵੱਟਾਂ ਮਜ਼ਬੂਤ ਕੀਤੀਆਂ ਜਾਂਦੀਆਂ। ਹੌਲੀ ਹੌਲੀ ਬਰਸਾਤੀ ਮੌਸਮ 'ਚ ਮੀਂਹ ਦੀਆਂ ਫੁਹਾਰਾਂ ਤੇ ਤੇਜ਼ ਧੁੱਪਾਂ ਦੇ ਚੁਮਾਸੇ ਇਸ ਫ਼ਸਲ ਨੂੰ ਜਵਾਨ ਕਰ ਦਿੰਦੇ। ਭਾਦੋਂ ਦੀ ਹੁੰਮਸ ਤੇ ਅੱਸੂ ਦੀ ਬਦਲਦੀ ਰੁੱਤ ਤਕ ਇਹ ਦੇਸੀ ਮੱਕੀ ਦੀਆਂ ਛੱਲੀਆਂ ਚੱਬਣ ਲਈ ਤਿਆਰ ਹੁੰਦੀਆਂ ਅਤੇ ਖੇਤਾਂ 'ਚ ਕੰਮ ਕਰਨ ਵਾਲੇ ਕਾਮੇ, ਹਾਲੀ ਤੇ ਪਾਲੀ ਚਾਬੂ ਹੋਈਆਂ ਛੱਲੀਆਂ ਨੂੰ ਭੁੰਨਣ ਲਈ ਤੂਤਾਂ, ਧਰੇਕਾਂ, ਟਾਹਲੀਆਂ ਜਾਂ ਅੰਬਾਂ ਦੀ ਛਾਵੇਂ ਧਰਤੀ ਮਾਂ ਦੇ ਸੀਨੇ 'ਤੇ ਟੋਆ ਪੁੱਟ ਕੰਮ ਚਲਾਵੀਆਂ ਭੱਠੀਆਂ ਬਣਾਉਂਦੇ ਤੇ ਛੱਲੀਆਂ ਭੁੰਨ ਭੁੰਨ ਦੁਪਹਿਰ ਦੀ ਭੁੱਖ ਮਿਟਾ ਲੈਂਦੇ। ਚਾਰ-ਪੰਜ ਚੱਬੀਆਂ ਛੱਲੀਆਂ ਨੂੰ ਹਜ਼ਮ ਕਰਨ ਲਈ ਡੋਲੂ ਖੱਟੀ ਲੱਸੀ ਦਾ ਲੂਣ ਪਾ ਕੇ ਪੀਤਾ ਜਾਂਦਾ। ਇਸ ਤਰ੍ਹਾਂ ਦੇਸੀ ਤੇ ਨਰੋਈ ਖ਼ੁਰਾਕ ਖਾ ਕੇ ਪੇਂਡੂ ਲੋਕ ਆਪਣੇ ਫੌਲਾਦੀ ਜਿਸਮਾਂ ਨਾਲ ਪੱਠੇ ਵੱਢਣ, ਕੁਤਰਨ ਤੇ ਪਸ਼ੂਆਂ ਨੂੰ ਪਾਉਣ ਵਰਗੇ ਕੰਮ ਨਿਬੇੜਨ ਲਈ ਦੇਰ ਰਾਤ ਤਕ ਡਟੇ ਰਹਿੰਦੇ। ਅਜਿਹੀਆਂ ਖ਼ੁਰਾਕਾਂ ਖਾਣ ਵਾਲਿਆਂ ਨੂੰ ਖ਼ੂਨ ਦੇ ਦਬਾਅ, ਦਿਲ ਦੀ ਗਤੀ ਰੁਕਣੀ ਜਾਂ ਤੇਜ਼ ਹੋਣੀ, ਮੋਟਾਪਾ, ਭੁੱਖ ਨਾ ਲੱਗਣੀ ਜਾਂ ਸਰੀਰ ਨੂੰ ਵਿਟਾਮਨਾਂ ਦੀ ਕਮੀ ਜਾਂ ਖ਼ੂਨ ਦੀ ਘਾਟ ਦੀ ਕਦੇ ਸਮੱਸਿਆ ਨਹੀਂ ਸੀ ਆਈ।

ਛੱਲੀਆਂ ਦੀ ਰੁੱਤੇ ਕਿਸਾਨ, ਕਾਮਿਆਂ ਲਈ ਖੇਤ ਰਹਿਣਾ ਇਸ ਲਈ ਵੀ ਜ਼ਰੂਰੀ ਹੁੰਦਾ ਕਿਉਂਕਿ ਤੋਤੇ ਤੇ ਕਾਵਾਂ ਵਰਗੇ ਪੰਛੀ ਦੁਧੀਆ ਛੱਲੀਆਂ ਨੂੰ ਟੁੱਕ ਟੁੱਕ ਕੇ ਜਵਾਨ ਹੋ ਰਹੀ ਫ਼ਸਲ ਦਾ ਨੁਕਸਾਨ ਕਰਿਆ ਕਰਦੇ ਹਨ। ਛੱਲੀਆਂ ਦੇ ਰਖਵਾਲਿਆਂ ਨੂੰ ਖੇਤਾਂ 'ਚ ਦਰੱਖਤਾਂ ਦੀ ਛਾਵੇਂ ਪੱਕੇ ਮਣੇ ਬਣਾ ਕੇ ਸਾਰਾ ਦਿਨ ਰਾਖੀ ਕਰਨੀ ਪੈਂਦੀ ਤੇ ਇਸ ਤਰ੍ਹਾਂ ਤੇਜ਼ ਧੁੱਪਾਂ, ਹੁੰਮਸ ਤੇ ਝੜੀ ਦੇ ਦਿਨਾਂ 'ਚ ਲੰਮਾ ਸਮਾਂ ਇਨ੍ਹਾਂ ਮਣਿਆਂ 'ਤੇ ਹੀ ਗੁਜ਼ਾਰਨਾ ਕਿਸਾਨ ਕਾਮਿਆਂ ਦੀ ਮਜਬੂਰੀ ਹੁੰਦੀ।

ਛੱਲੀਆਂ ਪੱਕਣ ਲੱਗਦੀਆਂ ਤਾਂ ਪਿੰਡਾਂ 'ਚ ਭੱਠੀਆਂ ਤੋਂ ਦਾਣੇ ਭੰਨਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਛੱਲੀਆਂ ਦੇ ਗਿੱਲੇ ਦਾਣਿਆਂ ਤੋਂ ਮੁਰਮਰੇ ਤੇ ਪੂਰੀ ਤਰ੍ਹਾਂ ਪੱਕਿਆਂ ਦੀਆਂ ਖਿੱਲਾਂ ਬਣਦੀਆਂ। ਪੇਂਡੂ ਰਹਿਤਲ 'ਚ ਲੋਕਾਂ ਦੇ ਮੂੰਹ ਦਾ ਸੁਆਦ ਕਰਾਰਾ ਕਰਨ ਲਈ ਦਾਣੇ ਭੁੰਨਣ ਵਾਸਤੇ ਭੱਠੀਆਂ ਦੀ ਅਹਿਮ ਭੂਮਿਕਾ ਰਹੀ ਹੈ।

ਆਮ ਤੌਰ 'ਤੇ ਅੱਸੂ ਕੱਤਕ ਦੇ ਮਹੀਨਿਆਂ 'ਚ ਸਾਉਣੀ ਦੀ ਫ਼ਸਲ ਮੱਕੀ ਕਿਸਾਨਾਂ ਦੇ ਵਿਹੜਿਆਂ ਤਕ ਪਹੁੰਚ ਰਹੀ ਹੁੰਦੀ ਤੇ ਜੁਆਕ ਅਣਸੁੱਕੀਆਂ ਛੱਲੀਆਂ ਤੋਂ ਮੁਰਮਰੇ ਤੇ ਖਿੱਲਾਂ ਬਣਵਾ ਰੀਝ ਨਾਲ ਚੱਬਦੇ। ਲੋਕ ਸੱਥਾਂ 'ਚ ਗੱਪਸ਼ੱਪ ਲਾਉਂਦੇ, ਆਥਣ ਨੂੰ ਖੇਤੀਬਾੜੀ ਦੇ ਕੰਮ ਨਿਪਟਾਉਂਦੇ ਹੋਏ ਭੱਠੀ ਤੋਂ ਦਾਣੇ ਭੁੰਨਾ ਕੇ ਮੂੰਹ ਦਾ ਸੁਆਦ ਕਰਾਰਾ ਕਰਿਆ ਕਰਦੇ ਅਤੇ ਨਾਲ ਹੀ ਪਿੰਡ 'ਚ ਵਾਪਰੀ ਕੋਈ ਵੀ ਘਟਨਾ ਜਾਂ ਹਾਦਸਾ ਹੱਟੀ ਭੱਠੀ 'ਤੇ ਬੈਠਣ ਵਾਲਿਆਂ ਲਈ ਚੁੰਝ ਚਰਚਾ ਦਾ ਵਿਸ਼ਾ ਬਣ ਜਾਂਦਾ। ਉਨ੍ਹਾਂ ਦਿਨਾਂ 'ਚ ਸਕੂਲੀ ਪੜ੍ਹਦੇ ਜਾਂ ਘਰਾਂ 'ਚ ਬਚਪਨ ਦੀਆਂ ਮੌਜ ਬਹਾਰਾਂ ਮਾਣ ਰਹੇ ਜੁਆਕਾਂ ਲਈ ਦਾਣਿਆਂ ਵਾਲੀ ਭੱਠੀ ਤੋਂ ਦਾਣੇ ਭੁੰਨਾ ਕੇ ਚੱਬਣਾ ਹੀ ਵੱਡਾ ਰੁਝੇਵਾਂ ਹੋਇਆ ਕਰਦਾ ਸੀ। ਘਰਾਂ 'ਚ ਰੋਜ਼ਮਰ੍ਹਾ ਦੇ ਕੰਮਾਂ 'ਚ ਉਲਝੀਆਂ ਪੇਂਡੂ ਸੁਆਣੀਆਂ ਤੇ ਜਵਾਨੀ ਦੀ ਦਹਿਲੀਜ਼ 'ਤੇ ਪਹੁੰਚੀਆਂ ਕੁੜੀਆਂ ਚਿੜੀਆਂ ਵੀ ਦਾਣਿਆਂ ਦੇ ਪੱਜ ਭੱਠੀ 'ਤੇ ਆਪਣੀਆਂ ਸਖੀਆਂ ਸਹੇਲੀਆਂ ਨਾਲ ਮਨ ਦੇ ਵਲਵਲਿਆਂ ਨੂੰ ਸਾਂਝੇ ਕਰ ਆਉਂਦੀਆਂ। ਇਸ ਤਰ੍ਹਾਂ ਸਿੱਧ ਪੱਧਰੀ ਤੇ ਨਰੋਈ ਖੁਰਾਕ ਦਾ ਸੁਆਦ ਮਾਣਦਿਆਂ ਪਤਾ ਨਹੀਂ ਸੂਰਜ ਕਦੋਂ ਅਸਤ ਹੋ ਜਾਂਦਾ ਤੇ ਨਿੱਤਰੇ ਹੋਏ ਨੀਲੇ ਅਸਮਾਨ 'ਚ ਕਦੋਂ ਤਾਰਿਆਂ ਨੂੰ ਮੱਠਾ ਮੱਠਾ ਤਾਪ ਚੜ੍ਹ ਜਾਂਦਾ। ਦਰਅਸਲ ਪੰਜ ਛੇ ਦਹਾਕੇ ਪਹਿਲਾਂ ਪੰਜਾਬ 'ਚ ਕਣਕ ਵਰਗੀ ਖਾਣ ਦੇ ਕੰਮ ਆਉਣ ਵਾਲੀ ਫ਼ਸਲ ਦੀ ਪੈਦਾਵਾਰ ਘੱਟ ਹੋਣ ਕਰਕੇ ਲੋਕ ਦੁਪਹਿਰੇ ਲੱਗਣ ਵਾਲੀ ਭੁੱਖ ਮੱਕੀ, ਛੋਲੇ, ਜੌਂ, ਬਾਜਰਾ ਜਾਂ ਚੌਲਾਂ ਦੇ ਦਾਣੇ ਭੁੰਨਾ ਕੇ ਦੂਰ ਕਰਿਆ ਕਰਦੇ। ਲੋਕ ਲੰਮੇ ਸਫ਼ਰ 'ਤੇ ਤੁਰਨ ਲੱਗਿਆਂ ਦਾਣੇ ਭੁੰਨਾ ਕੇ ਕੋਲ ਰੱਖ ਲੈਂਦੇ ਤਾਂ ਜੋ ਰਸਤੇ ਵਿੱਚ ਲੱਗਣ ਵਾਲੀ ਭੁੱਖ ਤੋਂ ਬਚਿਆ ਜਾ ਸਕੇ। ਮੇਲੇ 'ਚ ਖਰਚਣ ਜੋਗੇ ਪੈਸੇ ਨਾ ਹੋਣੇ ਤਾਂ ਵੀ ਪੱਲੇ ਦਾਣੇ ਬੰਨ੍ਹ ਲੈਣੇ। ਉਂਜ ਵੀ ਦਾਣੇ ਚੱਬਣ ਤੇ ਸਿਆਲਾਂ 'ਚ ਗੰਨੇ ਚੂਪਣ ਨਾਲ ਲੋਕਾਂ ਦੇ ਦੰਦ ਮਜ਼ਬੂਤ ਤੇ ਸਿਹਤ ਨਰੋਈ ਰਹਿੰਦੀ ਸੀ। ਮੱਕੀ ਦੀ ਫ਼ਸਲ ਨੇ ਪੰਜਾਬ ਦੀ ਸਮਾਜਿਕ ਜ਼ਿੰਦਗੀ 'ਚ ਨੇੜਤਾ ਬਣਾਈ ਰੱਖਣ ਦੇ ਨਾਲ ਇੱਥੋਂ ਦੇ ਸਭਿਆਚਾਰਕ ਰੰਗ ਤੇ ਲੋਕ ਧਾਰਾਈ ਪਿਛੋਕੜ 'ਚ ਵੀ ਆਪਣੀ ਥਾਂ ਰਾਖਵੀਂ ਕਰ ਰੱਖੀ ਹੈ। ਜਿਵੇਂ ਪੰਜਾਬੀ ਸਿੱਠਣੀਆਂ 'ਚ 'ਸਾਡੇ ਤਾਂ ਵਿਹੜੇ ਮੁੱਢ ਮਕੱਈ ਦਾ. . .'। ਬੁਝਾਰਤਾਂ ਵਿੱਚ 'ਹਰੀ ਸੀ ਮਨ ਭਰੀ ਸੀ, ਨਾਲ ਮੋਤੀਆਂ ਜੜੀ ਸੀ, ਲਾਲਾ ਜੀ ਦੇ ਬਾਗ਼ ਵਿੱਚ ਦੁਸ਼ਾਲਾ ਲਈ ਖੜ੍ਹੀ ਸੀ'। ਅਖਾਣਾਂ ਵਿੱਚ 'ਕਣਕ ਕਮਾਈ ਛੱਲੀਆਂ ਤੇ ਹੋਰ ਖੇਤੀ ਕੁੱਲ, ਰੂੜੀ ਬਾਝ ਨਾ ਹੁੰਦੀਆਂ, ਤੂੰ ਨਾ ਜਾਈਂ ਭੁੱਲ. . .' ਅਤੇ 'ਤਿਲ ਵਿਰਲੇ ਜੌਂ ਸੰਘਣੇ, ਵੱਟੋ ਵੱਟ ਕਪਾਹ, ਲੇਫ ਦੀ ਬੁੱਕਲ ਮਾਰ ਕੇ ਮੱਕੀ ਵਿੱਚ ਦੀ ਜਾਹ'।

ਅੱਜ 21ਵੀਂ ਸਦੀ ਦਾ ਡੇਢ ਦਹਾਕਾ ਪਾਰ ਕਰਨ ਪਿੱਛੋਂ ਪੰਜਾਬੀ ਸਭਿਆਚਾਰ ਤੇ ਜਨ-ਜੀਵਨ ਦਾ ਮੁਹਾਂਦਰਾ ਬਦਲਣ ਨਾਲ ਪੰਜਾਬ ਦੇ ਪਿੰਡਾਂ 'ਚ ਹੁਣ ਦਾਣੇ ਭੁੰਨਾਉਣ ਤੇ ਚੱਬਣ ਦਾ ਰਿਵਾਜ ਖ਼ਤਮ ਹੋ ਰਿਹਾ ਹੈ। ਭੱਠੀ ਵਾਲੀ ਚਾਚੀ ਵੀ ਅਖੌਤੀ ਆਧੁਨਿਕਤਾ ਦੇ ਧੂੰਏ 'ਚ ਗੁਆਚਦੀ ਜਾ ਰਹੀ ਹੈ। ਪਿੰਡਾਂ ਦੇ ਜੁਆਕ ਸ਼ਹਿਰਾਂ 'ਚ ਟਾਈਆਂ ਵਾਲੇ ਸਕੂਲਾਂ 'ਚ ਸੁਵੱਖਤੇ ਪੜ੍ਹਨ ਲਈ ਚਲੇ ਜਾਂਦੇ ਹਨ ਤੇ ਆਥਣ ਨੂੰ ਫਿਰ ਟਿਊਸ਼ਨ 'ਤੇ ਜਾਣਾ ਹੁੰਦਾ ਹੈ। ਕਿਤਾਬਾਂ ਤੋਂ ਕਿਤਾਬਾਂ ਤਕ ਦਾ ਸਫ਼ਰ ਕਰਦਿਆਂ ਪਿੰਡਾਂ ਦੇ ਬੱਚਿਆਂ ਨੂੰ ਪਤਾ ਹੀ ਨਹੀਂ ਲੱਗਦਾ ਛੱਲੀਆਂ ਚੱਬਣ ਵਾਲੀਆਂ ਕਦੋਂ ਹੋ ਗਈਆਂ ਅਤੇ ਖਿੱਲਾਂ ਤੇ ਮੁਰਮਰਿਆਂ 'ਚ ਕੀ ਫ਼ਰਕ ਹੁੰਦੈ? ਹੁਣ ਉਨ੍ਹਾਂ ਕੋਲ ਭੱਠੀ ਵਾਲੀ ਚਾਚੀ ਦੇ ਕੋਲ ਬੈਠਣ ਦੀ ਵਿਹਲ ਨਹੀਂ। ਉਹ ਘਰਦਿਆਂ ਵੱਲੋਂ ਮਿਲੇ ਜੇਬ ਖਰਚੇ ਨਾਲ ਦੁਕਾਨਾਂ ਤੋਂ ਟਾਫੀਆਂ, ਚਾਕਲੇਟ, ਲੇਜ਼, ਕੁਰਕਰੇ, ਨੂਡਲਜ਼, ਬਰਗਰ ਨਾਲ ਕੋਕ ਦੀਆਂ ਘੁੱਟਾਂ ਭਰਦੇ ਆਪਣੇ ਹਾਜ਼ਮੇ ਖ਼ਰਾਬ ਕਰਦੇ ਹਨ। ਉਨ੍ਹਾਂ ਨੂੰ ਪਤਾ ਨਹੀਂ ਕਿ ਅੱਸੂ ਕੱਤਕ ਦੇ ਮਹੀਨੇ ਬਰਸਾਤਾਂ ਤੋਂ ਬਾਅਦ ਪੱਛਮ ਦੀ ਗੁੱਠ 'ਚੋਂ ਆਉਂਦੇ ਸਿਆਲ ਦਾ ਸੁਨੇਹਾ ਦਿੰਦੀਆਂ ਹਵਾਵਾਂ ਕਿਹੜਾ ਗੀਤ ਗਾਉਂਦੀਆਂ ਨੇ ਤੇ ਪਿਛਲੇ ਮਹੀਨੇ ਮੀਂਹਾਂ ਨਾਲ ਹਰੇ ਕਚੂਰ ਹੋਏ ਕਮਾਦਾਂ ਦੇ ਓਹਲੇ ਅਸਤ ਹੁੰਦੇ ਸੂਰਜ ਦੀ ਲਾਲੀ ਦਾ ਰੰਗ ਕਿਵੇਂ ਭਾਹ ਮਾਰਦੈ?

ਅੱਜ ਜਿੱਥੇ ਪੰਜਾਬ ਦੀ ਨਵੀ ਪੀੜ੍ਹੀ ਆਪਣੀ ਅਮੀਰ ਸਭਿਆਚਾਰਕ ਮਹਿਕ ਤੋਂ ਦੂਰ ਹੋ ਗਈ ਹੈ, ਉੱਥੇ ਹੀ ਹੁਣ ਦਾਣੇ ਭੁੰਨ ਕੇ ਗੁਜ਼ਾਰਾ ਕਰਨਾ ਭੱਠੀ ਵਾਲੀ ਚਾਚੀ ਦੇ ਵੱਸ ਦਾ ਰੋਗ ਨਹੀਂ ਰਿਹਾ ਕਿਉਂਕਿ ਭੱਠੀ ਤਪਾਉਣੀ ਤੇ ਦਾਣੇ ਭੁੰਨਣਾ ਬੜੇ ਹੱਠ ਤੇ ਮੁਸ਼ੱਕਤ ਵਾਲਾ ਕੰਮ ਹੈ ਅਤੇ ਹੁਣ ਹੱਠ, ਮੁਸ਼ੱਕਤ, ਸਿਦਕ ਤੇ ਸਬਰ ਪੰਜਾਬੀ ਜੀਵਨ ਜਾਚ 'ਚੋਂ ਮਨਫ਼ੀ ਹੋ ਰਹੇ ਹਨ। ਇਹੀ ਕਾਰਨ ਹੈ ਕਿ ਪੰਜਾਬ ਦੀ ਪੇਂਡੂ ਆਰਥਿਕਤਾ ਨਾਲ ਜੁੜੇ ਕੰਮ ਦੂਜੇ ਰਾਜਾਂ 'ਚੋਂ ਆਏ ਪ੍ਰਵਾਸੀ ਮਜ਼ਦੂਰਾਂ ਦੀ ਕਮਾਈ ਦਾ ਵਸੀਲਾ ਬਣ ਰਹੇ ਹਨ। ਮੱਕੀ ਦੇ ਦਾਣਿਆਂ ਤੋਂ ਕਰਾਰਾ ਸੁਆਦ ਤੇ ਦਿਲ ਟੁੰਬਣ ਵਾਲੀ ਮਹਿਕ ਦੇਣ ਵਾਲੀ ਭੱਠੀ ਪਿੰਡ ਦੀ ਸੱਥ ਜਾਂ ਗਲੀ ਤੋਂ ਤਬਦੀਲ ਹੋ ਕੇ ਸ਼ਹਿਰ ਦੇ ਭੀੜ ਵਾਲੇ ਚੌਕ 'ਤੇ ਪ੍ਰਵਾਸੀ ਮਜ਼ਦੂਰ ਦੀ ਰੇਹੜੀ ਤਕ ਪਹੁੰਚ ਗਈ ਹੈ ਜਿੱਥੇ ਦਾਣੇ ਭੁੰਨਾਉਣ ਲਈ ਆਪਣੀ ਵਾਰੀ ਦਾ ਇੰਤਜ਼ਾਰ ਨਹੀਂ ਕਰਨਾ ਪੈਂਦਾ, ਜੁਆਕਾਂ 'ਚ ਆਪਣੀ ਵਾਰੀ ਲੈਣ ਲਈ ਲੜਾਈ ਨਹੀਂ ਹੁੰਦੀ, ਸਗੋਂ ਖਿੱਲਾਂ ਤੇ ਮੁਰਮਰੇ ਪੋਲੀਥੀਨ ਦੇ ਲਿਫਾਫੇ 'ਚ ਪਹਿਲਾਂ ਹੀ ਪੈਕ ਹੋ ਕੇ ਗਾਹਕ ਦਾ ਇੰਤਜ਼ਾਰ ਕਰ

# ਚਿੜੀਆਂ ਦਾ ਚੰਬਾ

ਬਾਬਲ ਅਸਾਂ ਉੱਡ ਵੇ ਜਾਣਾ।
ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਹੜੇ ਦੇਸ ਜਾਣਾ।

ਉਪਰੋਕਤ ਸਤਰਾਂ ਕੁੜੀ ਦੇ ਵਿਆਹ ਸਮੇਂ ਗਾਏ ਜਾਂਦੇ ਸੁਹਾਗ ਦੇ ਬੋਲ ਹਨ ਜਿਸ ਵਿੱਚ ਇੱਕ ਧੀ ਆਪਣੇ ਪਿਤਾ ਨੂੰ ਸੰਬੋਧਨ ਕਰਦੀ ਕਹਿੰਦੀ ਹੈ ਕਿ ਉਹਨੇ ਇੱਕ ਦਿਨ ਚਿੜੀਆਂ ਦੇ ਚੰਬੇ ਦੀ ਤਰ੍ਹਾਂ ਉਡਾਰੀ ਮਾਰ ਕੇ ਦੂਜੇ ਘਰ ਚਲੇ ਜਾਣਾ ਹੈ। ਫਿਰ ਉਸ ਨੇ ਕਦੇ ਹੀ ਪੇਕਿਆਂ ਵੱਲ ਗੇੜਾ ਮਾਰਨਾ ਹੈ ਤੇ ਉਹਦੇ ਬਿਨਾਂ ਇਹ ਘਰ ਸੁੰਨ੍ਹਾ ਹੋ ਜਾਵੇਗਾ। ਇਨ੍ਹਾਂ ਸਤਰਾਂ ਵਿੱਚ ਧੀਆਂ ਆਪਣੀ ਦਿਲ ਦੀ ਗੱਲ ਆਪਣੇ ਪਿਤਾ ਨੂੰ ਸਮਝਾਉਂਦੀਆਂ ਹਨ, ਪਰ ਪਾਸ਼ ਦੀ ਕਵਿਤਾ ਕੁੜੀਆਂ ਦੀ ਅਜੋਕੀ ਸਮਾਜਿਕ ਸਥਿਤੀ ਨੂੰ ਪੇਸ਼ ਕਰਦੀ ਹੈ, ਜਿਵੇਂ:

ਇਹ ਚਿੜੀਆਂ ਦਾ ਚੰਬਾ ਉੱਡ ਕੇ ਕਿਧਰੇ ਨਹੀਂ ਜਾਵੇਗਾ
ਇੱਥੋਂ ਹੀ ਕਿਧਰੋਂ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ
ਰੁੱਖੀਆਂ ਮਿੱਸੀਆਂ ਰੋਟੀਆਂ ਢੋਏਗਾ ਐਥੇ ਹੀ ਕਿਤੇ
ਉਰੇ ਪਰੇ ਲੁਕ ਕੇ ਕੱਲਮ ਕੱਲਿਆਂ ਰੋਇਆ ਕਰੇਗਾ

ਭਾਵ ਕਿ ਇਹ ਕੁੜੀਆਂ ਜਿਨ੍ਹਾਂ ਦੀ ਤੁਲਨਾ ਚਿੜੀਆਂ ਦੇ ਚੰਬੇ ਨਾਲ ਕੀਤੀ ਜਾਂਦੀ ਹੈ, ਇਨ੍ਹਾਂ ਨੇ ਉੱਡ ਕੇ ਕਿਤੇ ਨਹੀਂ ਜਾਣਾ ਅਤੇ ਇਸੇ ਸਮਾਜ ਵਿੱਚ ਰਹਿ ਕੇ ਹੀ ਆਪਣੇ ਕੰਮ ਕਾਜ ਕਰਨੇ ਹਨ। ਕੋਈ ਖੇਤਾਂ ਵਿੱਚ ਕੰਮ ਕਰਦੀ ਨਜ਼ਰ ਆਏਗੀ ਤੇ ਕੋਈ ਰੋਟੀਆਂ ਪਕਾਏਗੀ ਤੇ ਢੋਏਗੀ ਅਤੇ ਕੋਈ ਕਿਧਰੇ ਲੁਕ ਲੁਕ ਕੇ ਰੋਇਆ ਵੀ ਕਰੇਗੀ। ਜੋ ਧੀ ਵਿਆਹ ਤੋਂ ਪਹਿਲਾਂ ਆਪਣੇ ਨਵੇਂ ਘਰ ਦੇ ਸੁਪਨੇ ਸਿਰਜਦੀ ਹੈ, ਉਸ ਦੀ ਵਿਆਹ ਤੋਂ ਬਾਅਦ ਦੀ ਵਾਸਤਵਿਕ ਸਮਾਜਿਕ ਸਥਿਤੀ ਪਾਸ਼ ਦੀ ਇਹ ਕਵਿਤਾ ਪੇਸ਼ ਕਰਦੀ ਹੈ। ਇਹ ਗੱਲ ਬਿਲਕੁਲ ਠੀਕ ਹੈ ਕਿ ਕੁੜੀਆਂ ਦੀ ਹਾਲਤ ਉਸ ਚਿੜੀਆਂ ਦੇ ਚੰਬੇ ਦੀ ਤਰ੍ਹਾਂ ਹੈ ਜਿਨ੍ਹਾਂ ਨੇ ਇੱਕ ਨਾ ਇੱਕ ਦਿਨ ਉੱਡ ਕੇ ਕਿਧਰੇ ਹੋਰ ਜਾ ਵੱਸਣਾ ਹੁੰਦਾ ਹੈ ਅਤੇ ਚਿੜੀਆਂ ਦੀ ਤਰ੍ਹਾਂ ਕੁੜੀਆਂ ਵੀ ਇਸ ਗੱਲ ਤੋਂ ਅਣਜਾਣ ਹੁੰਦੀਆਂ ਹਨ ਕਿ ਉਨ੍ਹਾਂ ਦਾ ਅਸਲੀ ਘਰ ਕਿਹੜਾ ਹੈ, ਪਰ ਇੱਕ ਧੀ ਆਪਣੇ ਨਵੇਂ ਘਰ ਲਈ ਸੁਪਨੇ ਜ਼ਰੂਰ ਬੁਣਦੀ ਹੈ। ਉਸ ਨੂੰ ਅਗਲਾ ਘਰ ਆਪਣਾ ਆਪਣਾ ਲੱਗਦਾ ਹੈ ਤੇ ਜਦੋਂ ਉਸ ਘਰ ਵਿੱਚ ਵੀ ਉਸ ਲਈ ਬੇਗਾਨੀ ਧੀ ਸ਼ਬਦ ਵਰਤਿਆ ਜਾਂਦਾ ਹੈ ਤਾਂ ਫਿਰ ਉਹ ਸੋਚਦੀ ਹੈ ਕਿ ਉਸ ਦਾ ਅਸਲੀ ਘਰ ਕਿਹੜਾ ਹੋਇਆ। ਪੇਕੇ ਘਰ ਵਿੱਚ ਤਾਂ ਬਚਪਨ ਤੋਂ ਉਹਨੂੰ ਇਹੀ ਸਿਖਾਇਆ ਜਾਂਦਾ ਹੈ ਕਿ ਉਸ ਦਾ ਅਸਲੀ ਘਰ ਕੋਈ ਹੋਰ ਹੈ, ਪਰ ਜਦੋਂ ਸਹੁਰੇ ਘਰ ਵੀ ਉਸ ਨੂੰ ਬੇਗਾਨੀ ਸਮਝਿਆ ਜਾਂਦਾ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਕੁੜੀਆਂ ਦੇ ਘਰ ਨਹੀਂ ਹੁੰਦੇ, ਉਨ੍ਹਾਂ ਦੇ ਤਾਂ ਪੇਕੇ ਤੇ ਸਹੁਰੇ ਹੁੰਦੇ ਨੇ।

ਸੁਆਲ ਇਹ ਹੈ ਕਿ ਇੱਕ ਧੀ ਜੋ ਆਪਣੇ ਮਾਪਿਆਂ ਦਾ ਮਾਣ ਵਧਾਉਂਦੀ ਹੈ, ਉਹ ਸਹੁਰੇ ਪਰਿਵਾਰ ਵਿੱਚ ਆਪਣੀ ਜਗ੍ਹਾ ਕਿਉਂ ਨਹੀਂ ਬਣਾ ਪਾਉਂਦੀ। ਉਹ ਆਪਣੇ ਪਤੀ ਦੀ ਰਾਣੀ ਕਿਉਂ ਨਹੀਂ ਬਣ ਪਾਉਂਦੀ? ਇਸ ਤਰ੍ਹਾਂ ਦੇ ਕਾਫ਼ੀ ਸੁਆਲ ਹਨ ਜੋ ਸਾਡੇ ਦਿਮਾਗ ਵਿੱਚ ਆਉਂਦੇ ਹਨ। ਇਨ੍ਹਾਂ ਪਿੱਛੇ ਬਹੁਤ ਸਾਰੇ ਆਰਥਿਕ ਤੇ ਸਮਾਜਿਕ ਕਾਰਨ ਹਨ ਜਿਨ੍ਹਾਂ ਕਰਕੇ ਕੁੜੀਆਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਹਾਸਲ ਨਹੀਂ ਹੁੰਦਾ ਤੇ ਜਿਸ ਕਾਰਨ ਪਰਿਵਾਰਕ ਰਿਸ਼ਤੇ ਟੁੱਟਦੇ ਨਜ਼ਰ ਆ ਰਹੇ ਹਨ। ਬਹੁਤ ਛੋਟੀਆਂ ਗੱਲਾਂ ਹਨ ਜਿਨ੍ਹਾਂ ਨੂੰ ਜੇ ਨਾ ਵਧਾਇਆ ਜਾਏ ਤਾਂ ਰਿਸ਼ਤੇ ਟੁੱਟਣ ਤੋਂ ਬਚ ਸਕਦੇ ਹਨ। ਜਿਵੇਂ ਜਦੋਂ ਨਵਵਿਆਹੀ ਵਹੁਟੀ ਘਰ ਆਉਂਦੀ ਹੈ ਤਾਂ ਕੁਦਰਤੀ ਤੌਰ 'ਤੇ ਮੁੰਡਾ ਕੁੜੀ ਆਪਸ ਵਿੱਚ ਇੱਕ ਦੂਜੇ ਪ੍ਰਤੀ ਆਕਰਸ਼ਿਤ ਹੁੰਦੇ ਹਨ। ਇਸ ਕਾਰਨ ਕਈ ਸਹੁਰਿਆਂ ਨੂੰ ਲੱਗਦਾ ਹੈ ਕਿ ਸਾਡਾ ਮੁੰਡਾ ਤਾਂ ਹੁਣ ਹੱਥੋਂ ਗਿਆ। ਜਦੋਂਕਿ ਜੇ ਅਸੀਂ ਨਵਵਿਆਹੇ ਜੋੜੇ ਨੂੰ ਇਕੱਲਿਆਂ ਜ਼ਿਆਦਾ ਸਮਾਂ ਬਤੀਤ ਕਰਨ ਦੇਵਾਂਗੇ ਤਾਂ ਹੀ ਉਹ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣਗੇ ਤੇ ਉਨ੍ਹਾਂ ਦਾ ਆਪਸੀ ਰਿਸ਼ਤਾ ਮਜ਼ਬੂਤ ਬਣੇਗਾ। ਇਸ ਤੋਂ ਇਲਾਵਾ ਸੱਸ ਨੂੰ ਆਪਣੀ ਨੂੰਹ ਨੂੰ ਆਪਣੇ ਘਰ ਦੇ ਕੰਮ ਕਰਨ ਦੇ ਅਸੂਲ ਪਹਿਲਾਂ ਦੱਸਣੇ ਚਾਹੀਦੇ ਹਨ ਤਾਂ ਜੋ ਉਸ ਨੂੰ ਕੰਮ ਕਰਨ ਵਿੱਚ ਕੋਈ ਮੁਸ਼ਕਿਲ ਨਾ ਆਏ, ਪਰ ਅਜਿਹਾ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਇਸ ਤੋਂ ਇਲਾਵਾ ਅਸੀਂ ਲੋਕ ਪਰਿਵਰਤਨ ਵੀ ਬਰਦਾਸ਼ਤ ਨਹੀਂ ਕਰਦੇ। ਪਹਿਲੇ ਸਮਿਆਂ ਵਿੱਚ ਸੱਸਾਂ ਦਾ ਆਪਣੀ ਨੂੰਹ ਨਾਲ ਵਰਤਾਓ ਹੋਰ ਤਰ੍ਹਾਂ ਦਾ ਸੀ, ਪਰ ਅੱਜ ਦੇ ਸਮੇਂ ਵਿੱਚ ਕੁੜੀਆਂ ਜ਼ਿਆਦਾ ਪੜ੍ਹ ਲਿਖ ਗਈਆਂ ਹਨ। ਉਨ੍ਹਾਂ ਦੇ ਵਿਚਾਰਾਂ ਵਿੱਚ ਨਵਾਂਪਨ ਦੇਖਣ ਨੂੰ ਮਿਲਦਾ ਹੈ ਜੋ ਕਈ ਸਹੁਰਿਆਂ ਨੂੰ ਬਰਦਾਸ਼ਤ ਨਹੀਂ ਹੁੰਦਾ, ਪਰ ਸਾਨੂੰ ਜ਼ਮਾਨੇ ਨਾਲ ਆਪਣੀ ਸੋਚ ਵਿੱਚ ਪਰਿਵਰਤਨ ਲਿਆਉਣਾ ਚਾਹੀਦਾ ਹੈ। ਜੇ ਅਸੀਂ ਇਹ ਸੋਚੀਏ ਕਿ ਜਦੋਂ ਮੈਂ ਨੂੰਹ ਬਣ ਕੇ ਆਈ ਸੀ ਤਾਂ ਮੇਰੀ ਸੱਸ ਦਾ ਵਤੀਰਾ ਮੇਰੇ ਪ੍ਰਤੀ ਸਖ਼ਤ ਸੀ ਜਾਂ ਅਸੀਂ ਉਨ੍ਹਾਂ ਦੇ ਅਨੁਸਾਰ ਕੰਮਕਾਜ ਕਰਦੇ ਸੀ ਤੇ ਹੁਣ ਮੈਂ ਸੱਸ ਬਣ ਗਈ ਹਾਂ ਤਾਂ ਮੇਰੀ ਨੂੰਹ ਵੀ ਉਸ ਤਰ੍ਹਾਂ ਰਹੇ ਤੇ ਕਰੇ ਤਾਂ ਇਹ ਸੰਭਵ ਨਹੀਂ ਕਿਉਂਕਿ ਅੱਜ ਅਸੀਂ ਇੱਕੀਵੀਂ ਸਦੀ ਵਿੱਚ ਪ੍ਰਵੇਸ਼ ਕਰ ਚੁੱਕੇ ਹਾਂ। ਅੱਜ ਦੀਆਂ ਨੌਜਵਾਨ ਕੁੜੀਆਂ ਦੇ ਪਹਿਰਾਵੇ, ਖਾਣ ਪੀਣ ਅਤੇ ਰਹਿਣ ਸਹਿਣ ਵਿੱਚ ਬਹੁਤ ਅੰਤਰ ਆ ਗਿਆ ਹੈ। ਉਹ ਆਪਣੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨਾ ਲੋਚਦੀਆਂ ਹਨ, ਪਰ ਬਹੁਤ ਘੱਟ ਸਹੁਰੇ ਪਰਿਵਾਰ ਵਾਲੇ ਹੁੰਦੇ ਹਨ ਜੋ ਉਨ੍ਹਾਂ ਦੀ ਇਸ ਅਗਾਂਹਵਧੂ ਸੋਚ ਨੂੰ ਸਵੀਕਾਰ ਕਰਦੇ ਹਨ। ਇਸ ਸਭ ਦਾ ਇਹ ਮਤਲਬ ਨਹੀ ਕਿ ਲੜਕੀਆਂ ਆਪਣੇ ਪਰਿਵਾਰਕ ਫ਼ਰਜ਼ ਪੂਰੇ ਨਾ ਕਰਨ ਜਦੋਂਕਿ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨੀਆਂ ਉਨ੍ਹਾਂ ਦਾ ਪਹਿਲਾ ਫ਼ਰਜ਼ ਹੈ।

ਅੱਜ ਕੱਲ੍ਹ ਦੇਖਣ ਵਿੱਚ ਆਇਆ ਹੈ ਕਿ ਔਰਤਾਂ ਘਰ ਤੇ ਬਾਹਰ ਦੇ ਕੰਮ ਬੜੀ ਫੁਰਤੀ ਨਾਲ ਕਰਦੀਆਂ ਹਨ। ਇਸ ਲਈ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਨੂੰਹਾਂ ਧੀਆਂ ਨੂੰ ਹੌਸਲਾ ਜ਼ਰੂਰ ਦੇਈਏ ਤਾਂ ਜੋ ਉਹ ਆਪਣੇ ਕੰਮਕਾਜ ਹੋਰ ਚੰਗੇ ਤਰੀਕੇ ਨਾਲ ਕਰ ਸਕਣ। ਇਹ ਇੱਕ ਸਰਵ ਪ੍ਰਵਾਨਿਤ ਸੱਚ ਹੈ ਕਿ ਅੱਜ ਸਾਡੇ ਆਰਥਿਕ, ਸਮਾਜਿਕ ਢਾਂਚੇ ਵਿੱਚ ਤਬਦੀਲੀ ਆ ਗਈ ਹੈ। ਨਵਾਂ ਸਭਿਆਚਾਰ ਹੋਂਦ ਵਿੱਚ ਆਇਆ ਹੈ।

ਔਰਤ ਨੂੰ ਆਪਣੀ ਹੋਂਦ ਦਾ ਅਹਿਸਾਸ ਹੋਇਆ ਹੈ ਪਰ ਫਿਰ ਵੀ ਸਾਡੇ ਸਮਾਜ ਅੰਦਰ ਇਹ ਕੁੜੀਆਂ ਚਿੜੀਆਂ ਬੇਗਾਨੀਆਂ ਹੀ ਹਨ। ਕਿਉਂ ਸਹੁਰੇ ਘਰ ਵਿੱਚ ਉਨ੍ਹਾਂ ਨੂੰ ਬੇਗਾਨਾ ਸਮਝਿਆ ਜਾਂਦਾ ਹੈ? ਕਿਉਂ ਉਨ੍ਹਾਂ ਤੋਂ ਲੋੜ ਤੋਂ ਵੱਧ ਆਸਾਂ ਰੱਖੀਆਂ ਜਾਂਦੀਆਂ ਹਨ ਜਦੋਂਕਿ ਇੱਕ ਔਰਤ ਹੀ ਹੁੰਦੀ ਹੈ ਜੋ ਧੀ, ਨੂੰਹ, ਮਾਂ ਤੇ ਸੱਸ ਦਾ ਫ਼ਰਜ਼ ਨਿਭਾਉਂਦੀ ਹੈ। ਫਿਰ ਕਿਉਂ ਔਰਤ, ਸੱਸ ਬਣ ਕੇ ਇਹ ਭੁੱਲ ਜਾਂਦੀ ਹੈ ਕਿ ਸਭ ਤੋਂ ਪਹਿਲਾਂ ਨੂੰਹ ਨਾਲ ਉਸ ਦੀ ਸਾਂਝ ਇੱਕ ਔਰਤ ਹੋਣ ਦੀ ਹੈ। ਇਸ ਤੋਂ ਬਿਨਾਂ ਕਈ ਘਰਾਂ ਵਿੱਚ ਦਾਜ ਵੀ ਲੜਾਈ ਦਾ ਕਾਰਨ ਬਣਦਾ ਹੈ ਜੋ ਠੀਕ ਗੱਲ ਨਹੀਂ ਕਿਉਂਕਿ ਮਾਪੇ, ਧੀਆਂ ਨੂੰ ਵਿੱਤ ਤੋਂ ਵਧ ਕੇ ਸਭ ਕੁਝ ਦਿੰਦੇ ਹਨ। ਇਸ ਤਰ੍ਹਾਂ ਦੇ ਕਈ ਕਾਰਨ ਹਨ ਜਿਨ੍ਹਾਂ ਕਰਕੇ ਪਰਿਵਾਰਾਂ ਦੀ ਆਪਸੀ ਸਾਂਝ ਖ਼ਤਮ ਹੋ ਰਹੀ ਹੈ, ਰਿਸ਼ਤੇ ਟੁੱਟ ਰਹੇ ਹਨ ਅਤੇ ਤਲਾਕ ਵਧ ਰਹੇ ਹਨ। ਹਾਲਾਂਕਿ ਗੱਲ ਦੋਵੇਂ ਪਾਸੇ ਸਮਝਣ ਸਮਝਾਉਣ ਦੀ ਹੁੰਦੀ ਹੈ। ਕੁੜੀਆਂ ਨੂੰ ਵੀ ਆਪਣੇ ਸੁਹਰੇ ਪਰਿਵਾਰ ਨੂੰ ਅਪਣਾਉਣਾ ਚਾਹੀਦਾ ਹੈ। ਇੱਕ ਧੀ ਹੀ ਹੁੰਦੀ ਹੈ ਜੋ ਕਿਤੇ ਨੂੰਹ ਦਾ ਤੇ ਕਿਤੇ ਧੀ ਦਾ ਫ਼ਰਜ਼ ਨਿਭਾਉਂਦੀ ਹੈ ਅਤੇ ਇੱਕ ਮਾਂ ਹੀ ਹੁੰਦੀ ਹੈ ਜੋ ਸੱਸ ਬਣਦੀ ਹੈ। ਇਸ ਲਈ ਸਾਨੂੰ ਆਪਣੇ ਮਨਾਂ ਦਾ ਫ਼ਰਕ ਦੂਰ ਕਰਨ ਦੀ ਲੋੜ ਹੈ ਤਾਂ ਜੋ ਇਹ ਚਿੜੀਆਂ ਦਾ ਚੰਬਾ ਗੁਣਗੁਣਾਉਂਦਾ ਤੇ ਹੱਸਦਾ ਖੇਡਦਾ ਰਹੇ ਨਾ ਕਿ ਇਕੱਲਿਆਂ ਲੁਕ ਲੁਕ ਕੇ ਰੋਵੇ। ਕਿਸੇ ਨੇ ਠੀਕ ਹੀ ਕਿਹਾ ਹੈ:

ਜਿਹੜੇ ਘਰ ਆਵਣ ਧੀਆਂ,
ਭਾਗ ਉਸ ਨੂੰ ਲਾਵਣ ਧੀਆਂ
ਸੁੰਨ ਮਸੁੰਨਾ ਲੱਗਦਾ ਵਿਹੜਾ,
ਜਦੋਂ ਪਰਾਈਆਂ ਹੋ ਜਾਵਣ ਧੀਆਂ
ਮਾਪਿਆਂ ਦੇ ਇਹ ਦੁੱਖ ਵੰਡਾਵਣ,
ਜਾਇਦਾਦ ਨਾ ਵੰਡਾਵਣ ਧੀਆਂ
ਪੁੱਤਾਂ ਨਾਲੋਂ ਵਧ ਕੇ ਇਹ ਫਿਰ,
ਕਿਉਂ ਪਰਾਈਆਂ ਅਖਵਾਵਣ ਧੀਆਂ?



# ਜ਼ਿਲ੍ਹੇ ਦੀਆਂ ਸਮੂਹ ਸਰਕਾਰੀ ਸੰਸਥਾਵਾਂ ਵਿੱਚ ਹੈਪੇਟਾਈਟਿਸ-ਸੀ ਦੀਆਂ ਦਵਾਈਆਂ ਬਿਲਕੁਲ ਮੁਫਤ ਉਪਲੱਬਧ: ਸਿਵਲ ਸਰਜਨ ਡਾ.ਗੁਰਪ੍ਰੀਤ ਰਾਏ



**ਤਰਨ ਤਾਰਨ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸ਼ਨ ਤੰਦਰੁਸਤ ਪੰਜਾਬ ਤਹਿਤ "ਆਓ ਇਸ ਨੂੰ ਤੋੜ ਦੇਈਏ । ਭਾਵ ਪੀਲੀਏ ਨੂੰ ਖਤਮ ਕਰੋ÷ ਇਸ ਥੀਮ ਨੂੰ ਸਮਰਪਿਤ ਅੱਜ ਸਿਵਲ ਸਰਜਨ ਤਰਨ ਤਾਰਨ ਡਾ ਗੁਰਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠ ਵਿਸ਼ਵ ਹੈਪਾਟਾਈਟਸ ਦਿਵਸ ਮਨਾਇਆ ਗਿਆ।

ਇਸ ਅਵਸਰ 'ਤੇ ਸਿਵਲ ਸਰਜਨ ਵੱਲੋਂ ਹੈਪਾਟਾਈਟਸ ਜਾਗਰੂਕਤਾ ਫੈਲਾਉਣ ਲਈ ਪੋਸਟਰ, ਪੈਂਫਲੇਟ ਅਤੇ ਹੈਂਡਬਿਲ ਰਿਲੀਜ਼ ਕੀਤੇ ਗਏ, ਜਿਸ ਦੁਆਰਾ ਪੂਰੇ ਜ਼ਿਲ੍ਹੇ ਭਰ ਵਿੱਚ ਇਸ ਬੀਮਾਰੀ ਸੰਬੰਧੀ ਜਾਗਰੂਕਤਾ ਫੈਲਾਈ ਜਾਵੇਗੀ। ਉਹਨਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਸਮੂਹ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਹੈਪੇਟਾਈਟਿਸ-ਸੀ ਦੀਆਂ ਦਵਾਈਆਂ ਬਿਲਕੁਲ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ।

ਇਸ ਅਵਸਰ 'ਤੇ ਸੰਬੋਧਨ ਕਰਦਿਆ ਡਾ. ਰਣਦੀਪ ਸਿੰਘ ਜ਼ਿਲ੍ਹਾ ਐਪੀਡਿਮੋਲੋਜਿਸਟ (ਆਈ. ਡੀ. ਐਸ. ਪੀ) ਨੇ ਕਿਹਾ ਕਿ ਹੈਪਾਟਾਈਟਸ ਜੋ ਕਿ ਹੁਣ ਇਲਾਜ ਯੋਗ ਹੈ, ਬਾਰੇ ਜਿੰਨੀ ਜਲਦੀ ਜਾਣਕਾਰੀ ਮਿਲੇਗੀ, ਉਨੀ ਹੀ ਜਲਦੀ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ। ਉਹਨਾਂ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਵੱਲੋਂ ਹਰ ਸਾਲ 28 ਜੁਲਾਈ ਨੂੰ ਹੈਪੇਟਾਈਟਸ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਬਿਮਾਰੀ ਦੀਆਂ 5 ਕਿਸਮਾਂ ਹਨ ਜਿਵੇਂ ਕਿ ਹੈਪਾਟਾਈਟਸ ਏ, ਬੀ, ਸੀ, ਡੀ, ਅਤੇ ਈ ਹੈ । ਇਨ੍ਹਾਂ ਵਿੱਚੋਂ ਹੈਪੇਟਾਈਟਸ ਏ ਅਤੇ ਬੀ ਦੀ ਟੀਕਾ ਮੌਜੂਦ ਹੈ। ਹੈਪੇਟਾਈਟਸ ਸੀ, ਡੀ ਅਤੇ ਈ ਦਾ ਇਲਾਜ ਦਵਾਈਆਂ ਰਾਹੀਂ ਕੀਤਾ ਜਾ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਹੈਪੇਟਾਈਟਸ ਤੋਂ ਬਚਾਅ ਲਈ ਸੂਈਆਂ ਦਾ ਸਾਂਝਾ ਇਸਤੇਮਾਲ ਨਾ ਕਰੋ, ਰੇਜਰ ਨਾ ਵਟਾਓ ਜਾਣ, ਟੈਟੂ ਅਤੇ ਬੁਰਸ਼ ਸਾਂਝੇ ਨਾ ਕੀਤੇ ਜਾਣ, ਸੁਰੱਖਿਅਤ ਸੰਭੋਗ ਲਈ ਕੰਡੋਮ ਦਾ ਇਸਤੇਮਾਲ ਕਰੋ।

ਉਨ੍ਹਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਅੱਜ ਦੇ ਦਿਨ ਦਾ ਜ਼ਰੂਰੀ ਸੁਨੇਹਾ (ਹੈਪੇਟਾਈਟਸ ਤੋਂ ਬਚਾਅ) ਬਾਰੇ ਹਰ ਘਰ ਵਿੱਚ ਪਹੁੰਚਣਾ ਚਾਹੀਦਾ ਹੈ, ਕੋਵਿਡ ਕਾਲ ਦੌਰਾਨ ਹੈਪੇਟਾਈਟਸ ਬਾਰੇ ਗਿਆਨ ਹੋਣਾ ਹੋਰ ਵੀ ਜ਼ਰੂਰੀ ਹੈ, ਤਾਂ ਜੋ ਕਿ ਇਨਸਾਨੀ ਜ਼ਿੰਦਗੀ ਨੂੰ ਇਹਨਾਂ ਬਿਮਾਰੀਆਂ ਤੋਂ ਸੁਰੱਖਿਅਤ ਰੱਖਿਆ ਜਾ ਸਕੇ।

# ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਨੂੰ ਕੇਂਦਰੀਕ੍ਰਿਤ ਪੁਲਿਸ ਮਾਲਖਾਨਾ ਵਿੱਚ ਹੈਰੋਇਨ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ ਪੰਜ ਸਾਲ ਦੀ ਕੈਦ

**ਫਾਜ਼ਿਲਕਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਨੂੰ ਕੇਂਦਰੀਕ੍ਰਿਤ ਪੁਲਿਸ ਮਾਲਖਾਨਾ ਵਿੱਚ ਹੈਰੋਇਨ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ ਪੰਜ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਹੈ। ਵਧੀਕ ਸੈਸ਼ਨ ਜੱਜ, ਫਾਜ਼ਿਲਕਾ ਸ਼੍ਰੀ ਅਜੀਤ ਪਾਲ ਸਿੰਘ ਦੀ ਅਦਾਲਤ ਨੇ ਮਿਤੀ 28 ਜੁਲਾਈ 2025 ਨੂੰ ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਮੇਜਰ ਸਿੰਘ ਨੂੰ ਪੁਲਿਸ ਸਟੇਸ਼ਨ ਸਿਟੀ ਫਾਜ਼ਿਲਕਾ ਵਿਖੇ ਦਰਜ ਐਫਆਈਆਰ ਨੰਬਰ 28 ਮਿਤੀ 01.04.2017 ਤੋਂ ਪੈਦਾ ਹੋਏ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ, ਜਿਸ ਵਿੱਚ ਉਨ੍ਹਾਂ ਅਤੇ ਸਹਿ-ਦੋਸ਼ੀ ਐਮਐਚਸੀ ਸੁਰਜੀਤ ਸਿੰਘ (ਮੌਤ ਤੋਂ ਬਾਅਦ) ਵਿਰੁੱਧ ਦੋਸ਼ ਸਨ ਕਿ ਉਨ੍ਹਾਂ ਨੇ ਕੇਂਦਰੀਕ੍ਰਿਤ ਮਾਲਖਾਨਾ ਪੁਲਿਸ ਲਾਈਨ, ਫਾਜ਼ਿਲਕਾ ਦੇ ਲਾਕਰ ਦੀ ਡੁਪਲੀਕੇਟ ਚਾਬੀ ਤਿਆਰ ਕੀਤੀ ਅਤੇ ਉਸ ਵਿੱਚ ਪਏ ਹੈਰੋਇਨ ਦੇ ਪੈਕੇਟ ਕੱਢੇ ਅਤੇ ਉਸ ਨਾਲ ਛੇੜਛਾੜ ਕੀਤੀ। ਹੈਰੋਇਨ ਦੇ ਪੈਕੇਟਾਂ ਨਾਲ ਛੇੜਛਾੜ ਕਰਨ ਤੋਂ ਬਾਅਦ ਦੋਸ਼ੀ ਨੇ ਦੁਬਾਰਾ ਉਸੇ ਲਾਕਰ ਵਿੱਚ ਰੱਖ ਦਿੱਤਾ। ਪੁਲਿਸ ਦੇ ਅਨੁਸਾਰ ਕਾਂਸਟੇਬਲ ਜਗਜੀਤ ਸਿੰਘ ਨੇ ਵਿਸ਼ਲ ਬਲੋਅਰ ਵਜੋਂ ਕੰਮ ਕੀਤਾ ਅਤੇ ਮਾਮਲੇ ਦੀ ਜਾਣਕਾਰੀ ਏਐਸਆਈ ਭਗਤ ਸਿੰਘ ਨੂੰ ਦਿੱਤੀ, ਜਿਸਨੇ ਹਰਮੀਤ ਸਿੰਘ ਹੁੰਦਲ ਨੂੰ ਤਤਕਾਲੀ ਐਸਪੀ, ਫਾਜ਼ਿਲਕਾ ਨੂੰ ਸੂਚਿਤ ਕੀਤਾ। ਸ਼੍ਰੀ ਕੇਤਨ ਬਲੀਰਾਮ ਪਾਟਿਲ, ਤਤਕਾਲੀ ਐਸਐਸਪੀ, ਫਾਜ਼ਿਲਕਾ ਦੁਆਰਾ ਇੱਕ ਐਸਆਈਟੀ ਦਾ ਗਠਨ ਕੀਤਾ ਗਿਆ ਸੀ। ਅਦਾਲਤ ਨੇ ਐਸਆਈ ਮੇਜਰ ਸਿੰਘ ਨੂੰ ਪੰਜ ਸਾਲ ਦੀ ਸਖ਼ਤ ਕੈਦ ਦੇ ਨਾਲ-ਨਾਲ ਜੁਰਮਾਨੇ ਦੀ ਸਜ਼ਾ ਸੁਣਾਈ।

ਦੋਸ਼ੀ ਮੇਜਰ ਸਿੰਘ ਨੂੰ ਆਈਪੀਸੀ, ਭ੍ਰਿਸ਼ਟਾਚਾਰ ਰੋਕਥਾਮ ਐਕਟ, ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਅਤੇ ਪੰਜਾਬ ਪੁਲਿਸ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਹੈ। ਅਦਾਲਤ ਨੇ ਤਿੰਨ ਹੋਰ ਮੁਲਜ਼ਮਾਂ ਜੈ ਕਿਸ਼ਨ ਉਰਫ ਜੈਕੀ, ਸੀ. ਲਾਲ ਚੰਦ ਅਤੇ ਐੱਚਸੀ ਮਨਜਿੰਦਰ ਸਿੰਘ ਨੂੰ ਉਨ੍ਹਾਂ ਦੇ ਖਿਲਾਫ ਕੋਈ ਸਬੂਤ ਨਾ ਮਿਲਣ 'ਤੇ ਬਰੀ ਕਰ ਦਿੱਤਾ।

# ਭੈਣ ਨੂੰ ਤੀਆਂ ਦਾ ਸੰਧਾਰਾ ਦੇ ਕੇ ਪਰਤ ਰਹੇ ਨੌਜਵਾਨ ਸਣੇ ਚਾਰ ਦੋਸਤ ਹਾਦਸੇ 'ਚ ਹਲਾਕ



**ਹਿਸਾਰ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਹਿਸਾਰ ਜ਼ਿਲ੍ਹੇ ਵਿੱਚ ਸੋਮਵਾਰ ਤੜਕੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਚਾਰ ਨੌਜਵਾਨਾਂ ਦੀ ਮੌਤ ਹੋ ਗਈ ਜੋ ਆਪਸ ਵਿਚ ਦੋਸਤ ਸਨ। ਹਾਦਸਾ ਅਗਰੋਹਾ ਦੇ ਨੰਗਥਲਾ ਪਿੰਡ ਨੇੜੇ ਵਾਪਰਿਆ, ਜਿੱਥੇ ਇੱਕ ਕਰੇਟਾ ਕਾਰ ਅਤੇ ਖਾਦ ਨਾਲ ਭਰੇ ਟਰੱਕ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਵਿੱਚ ਸਵਾਰ ਚਾਰੇ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।ਮੀਡੀਆ ਰਿਪੋਰਟਾਂ ਅਨੁਸਾਰ, ਕਾਰ ਹਿਸਾਰ ਦੇ ਬਰਵਾਲਾ ਤੋਂ ਅਗਰੋਹਾ ਜਾ ਰਹੀ ਸੀ, ਜਦੋਂ ਕਿ ਟਰੱਕ ਖਾਦ ਲੈ ਕੇ ਅਗਰੋਹਾ ਤੋਂ ਬਰਵਾਲਾ ਆ ਰਿਹਾ ਸੀ। ਤੜਕੇ ਕਰੀਬ 2 ਵਜੇ ਨੰਗਥਲਾ ਬੱਸ ਸਟੈਂਡ ਨੇੜੇ ਦੋਵੇਂ ਵਾਹਨ ਆਹਮੋ-ਸਾਹਮਣੇ ਟਕਰਾ ਗਏ। ਮ੍ਰਿਤਕਾਂ ਦੀ ਪਛਾਣ ਰਾਮਮੇਹਰ, ਰਵਿੰਦਰ, ਪ੍ਰਵੀਨ ਵਾਸੀ ਕਿਰੋੜੀ ਅਤੇ ਰਾਜਲੀ ਵਾਸੀ ਰਾਜੂ ਵਜੋਂ ਹੋਈ ਹੈ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਗੁਰਦੁਆਰਾ ਲਖਨੌਰ ਸਾਹਿਬ ਵਿਖੇ ਨਤਮਸਤਕ

**ਅੰਬਾਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਅੰਬਾਲਾ ਜ਼ਿਲ੍ਹੇ ਦੇ ਇਤਿਹਾਸਕ ਗੁਰਦੁਆਰਾ ਲਖਨੌਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਸੂਬੇ ਦੇ ਲੋਕਾਂ ਦੀ ਭਲਾਈ, ਖੁਸ਼ਹਾਲੀ ਤੇ ਤਰੱਕੀ ਲਈ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਸ਼ਹਾਦਤ ਨੂੰ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਕਰਾਰ ਦਿੱਤਾ।

ਗੁਰਦੁਆਰਾ ਲਖਨੌਰ ਸਾਹਿਬ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਨਕੇ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਉੱਥੇ ਮਾਤਾ ਗੁਜਰੀ ਜੀ ਦੀਆਂ ਯਾਦਾਂ ਵੀ ਜੁੜੀਆਂ ਹੋਈਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਵਿੱਤਰ ਧਰਤੀ ਉਨ੍ਹਾਂ ਲਈ ਅਸ਼ੀਰਵਾਦ ਵਰਗੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਸਿੱਖ ਇਤਿਹਾਸ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕਮਰ ਕੱਸ ਕੇ ਲੱਗੀ ਹੋਈ ਹੈ। ਕੁਰੂਕਸ਼ੇਤਰ ਵਿਖੇ 3 ਏਕੜ ਵਿੱਚ ਸਿੱਖ ਮਿਊਜ਼ੀਅਮ ਬਣਾਇਆ ਜਾ ਰਿਹਾ ਹੈ, ਜਿਥੇ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਦਰਸਾਇਆ ਜਾਵੇਗਾ।

ਇਸ ਮੌਕੇ ਭਾਜਪਾ ਸੂਬਾ ਪ੍ਰਧਾਨ ਮੋਹਨ ਲਾਲ ਬਡੋਲੀ, ਸਾਬਕਾ ਮੰਤਰੀ ਅਸੀਮ ਗੋਇਲ, ਭਾਜਪਾ ਜ਼ਿਲ੍ਹਾ ਪ੍ਰਧਾਨ ਮਨਦੀਪ ਰਾਣਾ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਵੀ ਹਾਜ਼ਰ ਸਨ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮੰਤਰੀ ਤੇ ਹੋਰ ਮਹਿਮਾਨਾਂ ਨੂੰ ਸਿਰੋਪੇ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।

ਸ੍ਰੀ ਸੈਣੀ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਦਰਸ਼ਨ ਕਰਨਾ ਉਨ੍ਹਾਂ ਲਈ ਭਾਗਾਂਵਾਲਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਸ਼ਹਾਦਤ, ਬਲਿਦਾਨ ਅਤੇ ਇਤਿਹਾਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਜੋ ਕੁਰਬਾਨੀਆਂ ਦਿੱਤੀਆਂ, ਉਹ ਸਾਡੀ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ।

ਇਸ ਤੋਂ ਇਲਾਵਾ ਮੁੱਖ ਮੰਤਰੀ, ਭਾਜਪਾ ਜ਼ਿਲ੍ਹਾ ਪ੍ਰਧਾਨ ਮਨਦੀਪ ਰਾਣਾ ਦੇ ਘਰ ਵੀ ਪਹੁੰਚੇ ਜਿੱਥੇ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਹਾਲ ਚਾਲ ਜਾਣਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਅਜੈ ਸਿੰਘ ਤੋਮਰ, ਸੀਈਓ ਗਗਨਦੀਪ, ਡਾ. ਪਵਨ ਸੈਣੀ, ਪਵਿਤਰ ਸਿੰਘ ਬਾਜਵਾ, ਬੰਤੋ ਕਟਾਰੀਆ, ਜਸਬੀਰ ਜੱਸੀ, ਸੁਰਿੰਦਰ ਢੀਂਗਰਾ, ਟੀ.ਪੀ. ਸਿੰਘ ਅਤੇ ਕਈ ਹੋਰ ਭਾਜਪਾ ਆਗੂ ਮੌਜੂਦ ਸਨ।

# ਕੁੜੀਆਂ ਦੇ ਕਾਲਜ 'ਚ ਜਾਗਰੂਕਤਾ ਪ੍ਰੋਗਰਾਮ

**ਰਤੀਆ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਜ਼ਿਲ੍ਹਾ ਪੁਲੀਸ ਕਪਤਾਨ ਸਿਧਾਰਥ ਜੈਨ ਦੇ ਆਦੇਸ਼ਾਂ ਅਨੁਸਾਰ, ਮਹਿਲਾ ਸੁਰੱਖਿਆ ਟੀਮ ਦੇ ਇੰਚਾਰਜ ਇੰਸਪੈਕਟਰ ਮੰਜੂ ਸਿੰਘ ਨੇ ਕੁੜੀਆਂ ਦੇ ਸਰਕਾਰੀ ਸੀਨੀਅਰ ਕੰਡਰੀ ਸਕੂਲ ਰਤੀਆ ਵਿੱਚ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।ਕਾਲਜ ਵਿੱਚ ਮਹਿਲਾ ਸੁਰੱਖਿਆ ਟੀਮ ਨੇ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ। ਮੁੱਖ ਬੁਲਾਰੇ ਇੰਸਪੈਕਟਰ ਮੰਜੂ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਕਿ ਜੇਕਰ ਤੁਸੀਂ ਕਿਸੇ ਵੀ ਥਾਂ 'ਤੇ ਅਸੁਰੱਖਿਅਤ ਮਹਿਸੂਸ ਕਰਦੇ ਹੋ, ਤਾਂ ਤੁਸੀਂ 112 ਨੰਬਰ 'ਤੇ ਕਾਲ ਕਰਕੇ ਆਪਣੀ ਸੁਰੱਖਿਆ ਯਕੀਨੀ ਬਣਾ ਸਕਦੇ ਹੋ। ਉਨ੍ਹਾਂ ਨੇ 112 ਨੰਬਰ ਸਬੰਧੀ 'ਐਪ' ਡਾਊਨਲੋਡ ਕਰਨ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਇਸ ਨੰਬਰ 'ਤੇ ਮਿਲੀ ਸੁਰੱਖਿਆ ਸਬੰਧੀ ਹਰ ਤਰ੍ਹਾਂ ਦੀ ਸ਼ਿਕਾਇਤ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ।

# ਆਮ ਲੋਕਾਂ ਦੀ ਸੁਰੱਖਿਆ ਲਈ ਪੁਲਿਸ ਵਚਨਵੱਧ ਤੇ ਯਤਨਸ਼ੀਲ : ਐਸਐਸਪੀ ਅਮਨੀਤ ਕੌਂਡਲ



**ਬਠਿੰਡਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਆਮ ਲੋਕਾਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਲਈ ਬਠਿੰਡਾ ਪੁਲਿਸ ਵਚਨਬੱਧ ਅਤੇ ਯਤਨਸ਼ੀਲ ਹੈ। ਜ਼ਿਲ੍ਹਾ ਪੁਲਿਸ ਮੁਖੀ ਨੇ ਅੱਗੇ ਦੱਸਿਆ ਕਿ ਅੱਜ ਪੁਲਿਸ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ 'ਤੇ ਸਰਚ ਅਭਿਆਨ ਚਲਾਇਆ ਗਿਆ। ਉਹਨਾਂ ਦੱਸਿਆ ਕਿ ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਯਾਤਰੀਆਂ ਦੇ ਸਮਾਨ ਦੀ ਡੌਗ ਸਕਾਡ ਟੀਮ ਵੱਲੋਂ ਸਖਤ ਚੈਕਿੰਗ ਕੀਤੀ ਗਈ।

ਇਸ ਦੌਰਾਨ ਐਸਐਸਪੀ ਨੇ ਇਹ ਵੀ ਕਿਹਾ ਕਿ ਗਠਿਤ ਕੀਤੀਆਂ ਟੀਮਾਂ ਵੱਲੋ ਸ਼ੱਕੀ ਵਾਹਨਾਂ ਅਤੇ ਵਿਅਕਤੀਆਂ ਦੀ ਵੀ ਵਿਸ਼ੇਸ਼ ਜਾਂਚ ਕੀਤੀ ਜਾ ਗਈ ਤਾਂ ਜੋ ਕਿਸੇ ਵੀ ਅਣਸੁਖਾਵੀ ਘਟਨਾ ਤੋਂ ਪੂਰਾ ਬਚਾਅ ਕੀਤਾ ਜਾ ਸਕੇ।

# ਰੂਪਨਗਰ 'ਚ ਪਹਿਲੀ ਵਰਖਾ ਨੇ ਵਿਧਾਇਕ ਵਲੋਂ ਕੀਤੇ ਵਿਕਾਸ ਦੇ ਦਾਅਵਿਆਂ ਦੀ ਪੋਲ, ਭਾਜਪਾ ਪ੍ਰਧਾਨ ਲਾਲਪੁਰਾ ਵੱਲੋਂ ਵਿਧਾਇਕ ਤੇ ਕੌਂਸਲ 'ਤੇ ਕਾਬਜ ਧਿਰ ਨੂੰ ਤਿੱਖੇ ਸਵਾਲ

**ਰੂਪ ਨਗਰ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਰੂਪਨਗਰ 'ਚ ਹੋਈ ਪਹਿਲੀ ਭਾਰੀ ਵਰਖਾ ਨੇ ਵਿਧਾਇਕ ਵਲੋਂ ਕੀਤੇ ਜਾਂਦੇ ਵਿਕਾਸ ਦਾਅਵਿਆਂ ਅਤੇ ਪਾਣੀ ਨਿਕਾਸੀ ਪ੍ਰਣਾਲੀ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਭਾਜਪਾ ਜ਼ਿਲ੍ਹਾ ਪ੍ਰਧਾਨ ਸ. ਅਜੈਵੀਰ ਸਿੰਘ ਲਾਲਪੁਰਾ ਨੇ ਵਿਧਾਇਕ ਅਤੇ ਨਗਰ ਕੌਂਸਲ ਦੀ ਨਕਾਰਾਤਮਕ ਕਾਰਗੁਜ਼ਾਰੀ ਨੂੰ ਲੈ ਕੇ ਤਿੱਖਾ ਹਮਲਾ ਕੀਤਾ ਹੈ। ਲਾਲਪੁਰਾ ਨੇ ਕਿਹਾ ਕਿ ਹਰ ਪੰਜ ਸਾਲ ਬਾਅਦ ਵਿਧਾਇਕ ਤੇ ਕੌਂਸਲਰ ਲੋਕਾਂ ਦੇ ਦਰਵਾਜੇ 'ਤੇ ਵੋਟਾਂ ਮੰਗਣ ਆਉਂਦੇ ਹਨ, ਪਰ ਚੋਣਾਂ ਜਿੱਤਣ ਤੋਂ ਬਾਅਦ ਇਹ ਆਮ ਲੋਕਾਂ ਦੀਆਂ ਸਮੱਸਿਆਵਾਂ ਵੱਲ ਪਿੱਠ ਮੋੜ ਲੈਂਦੇ ਹਨ।

ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਵਿਧਾਇਕ ਨੂੰ ਲੋਕਾਂ ਦੀ ਅਸਲ ਹਾਲਤ ਬਾਰੇ ਕੋਈ ਲੈਣਾ-ਦੇਣਾ ਨਹੀਂ ਅਤੇ ਨਗਰ ਕੌਂਸਲ ਦੀ ਲਾਪਰਵਾਹੀ ਕਰਕੇ ਹਰੇਕ ਸਾਲ ਮੀਂਹ ਆਉਣ 'ਤੇ ਰੂਪਨਗਰ ਸ਼ਹਿਰ ਪਾਣੀ 'ਚ ਡੁੱਬ ਜਾਂਦਾ ਹੈ।ਲਾਲਪੁਰਾ ਨੇ ਜੈਲ ਸਿੰਘ ਨਗਰ, ਗਾਂਧੀ ਨਗਰ, ਬੇਲਾ ਚੌਂਕ, ਆਦਰਸ਼ ਨਗਰ, ਮਹਿੰਦਰਾ ਕਲੋਨੀ, ਸ਼ਾਮਪੁਰਾ ਅਤੇ ਮਾਧੋਦਾਸ ਕਾਲੋਨੀ ਆਦਿ ਇਲਾਕਿਆਂ ਦੀ ਵਿਸ਼ੇਸ਼ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਥਾਵਾਂ 'ਚ ਮੀਂਹ ਤੋਂ ਬਾਅਦ ਨੱਕੋ ਨੱਕ ਪਾਣੀ ਭਰ ਜਾਂਦਾ ਹੈ।"ਲੋਕ ਆਪਣੇ ਘਰਾਂ ਤੋਂ ਬਾਹਰ ਨਹੀਂ ਨਿਕਲ ਸਕਦੇ, ਗੰਦੇ ਪਾਣੀ ਕਰਕੇ ਬਿਮਾਰੀਆਂ ਫੈਲ ਰਹੀਆਂ ਹਨ, ਤੇ ਜਿੰਮੇਵਾਰ ਲੋਕ ਸਿਰਫ਼ ਬਿਆਨਬਾਜ਼ੀ ਕਰ ਰਹੇ ਹਨ,"ਲਾਲਪੁਰਾ ਨੇ ਆਖਿਆ।

ਉਨ੍ਹਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਤੁਰੰਤ ਕੋਈ ਠੋਸ ਕਦਮ ਨਾ ਚੁੱਕਿਆ ਗਿਆ ਤਾਂ ਭਾਜਪਾ ਵੱਲੋਂ ਇਨ੍ਹਾਂ ਮਸਲਿਆਂ 'ਤੇ ਵੱਡਾ ਜਨ ਅੰਦੋਲਨ ਸ਼ੁਰੂ ਕੀਤਾ ਜਾਵੇਗਾ।

ਆਖਰ 'ਚ ਲਾਲਪੁਰਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀਆਂ ਚੋਣਾਂ ਵਿੱਚ ਕਿਸੇ ਵੀ ਉਮੀਦਵਾਰ ਦੀ ਨੀਤੀ ਅਤੇ ਨੀਅਤ ਦੇਖ ਕੇ ਹੀ ਵੋਟ ਪਾਈ ਜਾਵੇ। "ਜੋ ਚੋਣਾਂ ਜਿੱਤਣ ਤੋਂ ਬਾਅਦ ਪੰਜ ਸਾਲ ਤੱਕ ਮੁੜ ਲੋੜੀਂਦੇ ਵੇਲੇ ਵੀ ਨਹੀਂ ਆਉਂਦੇ, ਅਜਿਹੇ ਨੁਮਾਇੰਦਿਆਂ ਤੋਂ ਸਾਵਧਾਨ ਰਹੋ,"ਲਾਲਪੁਰਾ ਨੇ ਕਿਹਾ।

# ਰੋਟਰੀ ਕਲੱਬ ਰੋਪੜ ਸੈਂਟਰਲ ਦੇ ਨਵਨਿਯੁਕਤ ਪ੍ਰਧਾਨ ਰੁਮਿੰਦਰ ਸਿੰਘ ਨੇ ਸੰਤ ਬਾਬਾ ਅਵਤਾਰ ਸਿੰਘ ਜੀ ਤੋਂ ਲਿਆ ਆਸ਼ੀਰਵਾਦ



**ਰੂਪ ਨਗਰ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਰੋਪੜ ਸੈਂਟਰਲ ਦੇ ਨਵਨਿਯੁਕਤ ਪ੍ਰਧਾਨ ਰੁਮਿੰਦਰ ਸਿੰਘ ਨੇ ਗੁਰਦੁਆਰਾ ਹੈੱਡ ਦਰਬਾਰ ਕੋਟ ਪੁਰਾਣ ਟਿੱਬੀ ਸਾਹਿਬ ਰੂਪਨਗਰ ਵਿਖੇ ਨਤਮਸਤਕ ਹੋ ਕੇ ਅਤੇ ਅਰਦਾਸ ਕਰਨ ਉਪਰੰਤ ਸੰਤ ਬਾਬਾ ਅਵਤਾਰ ਸਿੰਘ ਜੀ ਮੁੱਖ ਸੇਵਾਦਾਰ ਤੋਂ ਆਸ਼ੀਰਵਾਦ ਲਿਆ। ਇਸ ਮੌਕੇ ਜਿਥੇ ਸੰਤ ਬਾਬਾ ਅਵਤਾਰ ਸਿੰਘ ਜੀ ਨੇ ਨਵ-ਨਿਯੁਕਤ ਪ੍ਰਧਾਨ ਰੁਮਿੰਦਰ ਸਿੰਘ ਨੂੰ ਰੋਟਰੀ ਕਾਲਰ ਪਾ ਕੇ ਤੇ ਸਾਬਕਾ ਪ੍ਰਧਾਨ ਐਡਵੋਕੇਟ ਕੁਲਤਾਰ ਸਿੰਘ ਤੇ ਸਾਬਕਾ ਪ੍ਰਧਾਨ ਅਜਮੇਰ ਸਿੰਘ ਨੂੰ ਜਿਥੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਉਥੇ ਹੀ ਉਹਨਾ ਪਛਿਲੇ ਸਾਲ ਦੌਰਾਨ ਰੋਟਰੀ ਕਲੱਬ ਰੋਪੜ ਸੈਂਟਰਲ ਵੱਲੋਂ ਜ਼ਰੂਰਤਮੰਦ ਬੱਚਿਆਂ ਦੀ ਪੜ੍ਹਾਈ, ਮੁੱਢਲੀਆਂ ਜ਼ਰੂਰਤਾਂ, ਵਾਤਾਵਾਰਣ ਸੰਭਾਲ ਲਈ ਵੱਡੀ ਗਿਣਤੀ ਵਿੱਚ ਲਗਾਏ ਪੌਦਿਆਂ, ਖੂਨ ਦਾਨ ਕੈਂਪ ਲਗਾਉਣ, ਪਲਾਸਟਿਕ ਫਰੀ ਸ਼ਹਿਰ ਬਣਾਉਣ, ਨੌਜਵਾਨਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਦੇ ਉਪਰਾਲੇ ਸਹਿਤ ਸਮਾਜ ਸੇਵੀ ਕੰਮਾਂ ਵਿੱਚ ਪਾਏ ਅਹਿਮ ਯੋਗਦਾਨ ਲਈ ਪ੍ਰਸ਼ੰਸਾ ਵੀ ਕੀ ਤੇ ਕਿਹਾ ਕਿ ਇਸੇ ਤਰਾਂ ਓਹ ਸਮਾਜ ਭਲਾਈ ਦੇ ਕਾਰਜ ਕਰਦੇ ਰਹਿਣ ਤੇ ਗੁਰਦੁਆਰਾ ਹੈੱਡ ਦਰਬਾਰ ਕੋਟ ਪੁਰਾਣ ਟਿੱਬੀ ਸਾ ?ਹਬ ਦੇ ਪ੍ਰਬੰਧ ਤੇ ਉਹ ਆਪ ਨਿਜੀ ਤੌਰ ਤੇ ਉਹਨਾਂ ਦੇ ਹਰ ਸਹਿਯੋਗ ਲਈ ਤਿਆਰ ਰਹਿਣਗੇ ।

ਇਸ ਮੌਕੇ ਰੋਟਰੀ ਕਲੱਬ ਰੋਪੜ ਸੈਂਟਰਲ ਦੇ ਪ੍ਰਧਾਨ ਰੁਮਿੰਦਰ ਸਿੰਘ ਨੇ ਸੰਤ ਬਾਬਾ ਅਵਤਾਰ ਸਿੰਘ ਜੀ ਤੇ ਗੁਰਦੁਆਰਾ ਹੈੱਡ ਦਰਬਾਰ ਕੋਟ ਪੁਰਾਣ ਟਿੱਬੀ ਸਾਹਿਬ ਰੂਪਨਗਰ ਦੇ ਪ੍ਰਬੰਧ ਦਾ ਹਰ ਮੁਸ਼ਕਿਲ ਸਮੇਂ ਇਲਾਕੇ ਦੇ ਲੋਕਾਂ ਨਾਲ ਖੜਨ ਤੇ ਹਰ ਸੰਭਵ ਮੱਦਦ ਕਰਨ ਲਈ ਵੀ ਧੰਨਵਾਦ ਕੀਤਾ। ਇਸ ਮੌਕੇ ਰੋਟਰੀ ਕਲੱਬ ਰੋਪੜ ਸੈਂਟਰਲ ਦੇ ਸਾਬਕਾ ਪ੍ਰਧਾਨ ਐਡਵੋਕੇਟ ਕੁਲਤਾਰ ਸਿੰਘ ਤੇ ਸਾਬਕਾ ਪ੍ਰਧਾਨ ਅਜਮੇਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਗੁਰੂਗ੍ਰਾਮ 'ਚ ਕਿਰਤੀਆਂ ਦੀ ਕਮੀ ਰੜਕਣ ਲੱਗੀ

**ਗੁਰੂਗ੍ਰਾਮ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਗੁਰੂਗ੍ਰਾਮ ਪੁਲੀਸ ਵੱਲੋਂ ਗੈਰਕਾਨੂੰਨੀ ਬੰਗਲਾਦੇਸ਼ੀ ਪਰਵਾਸੀਆਂ ਦਾ ਪਤਾ ਲਾਉਣ ਦੀ ਛੇੜੀ ਗਈ ਮੁਹਿੰਮ ਨੇ ਇਥੇ ਪਰਵਾਸੀ ਮਜ਼ਦੂਰਾਂ ਵਿਚ ਵਿਆਪਕ ਹਿਜਰਤ ਦਾ ਮੁੱਢ ਬੰਨ੍ਹ ਦਿੱਤਾ ਹੈ ਅਤੇ ਸੈਂਕੜੇ ਲੋਕ ਤਸਦੀਕ ਤੋਂ ਬਚਣ ਲਈ ਸ਼ਹਿਰ ਛੱਡ ਕੇ ਭੱਜ ਰਹੇ ਹਨ। ਇਨ੍ਹਾਂ ਪਰਵਾਸੀਆਂ ਵਿੱਚੋਂ ਜ਼ਿਆਦਾਤਰ ਬੰਗਾਲ ਦੇ ਮਾਲਦਾ, ਦੱਖਣੀ ਦਿਨਾਜਪੁਰ, ਉੱਤਰੀ ਦਿਨਾਜਪੁਰ, ਨਾਦੀਆ, ਮੁਰਸ਼ੀਦਾਬਾਦ, ਕੂਚ ਬਿਹਾਰ ਅਤੇ ਉੱਤਰੀ 24 ਪਰਗਨਾ ਜ਼ਿਲ੍ਹਿਆਂ ਨਾਲ ਸਬੰਧਤ ਹੋਣ ਦਾ ਦਾਅਵਾ ਕਰਦੇ ਹਨ।

ਉਨ੍ਹਾਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਬੰਗਲਾਦੇਸ਼ੀਆਂ ਨਾਲ ਭਾਸ਼ਾ ਦੇ ਮੇਲ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਹ ਵਿਸ਼ੇਸ਼ ਰਾਤ ਦੀਆਂ ਬੱਸਾਂ ਦਾ ਪ੍ਰਬੰਧ ਕਰ ਰਹੇ ਹਨ, ਭਾਵੇਂ ਕਿ ਇਸ ਲਈ ਉਨ੍ਹਾਂ ਨੂੰ ਤਿੰਨ ਗੁਣਾ ਤੱਕ ਵੱਧ ਕਿਰਾਇਆ ਦੇਣਾ ਪੈ ਰਿਹਾ ਹੈ। ਜ਼ਿਆਦਾਤਰ ਮਜ਼ਦੂਰ ਬਸਤੀਆਂ ਹੁਣ ਖਾਲੀ ਕਰ ਦਿੱਤੀਆਂ ਗਈਆਂ ਹਨ। ਸੂਤਰਾਂ ਨੇ ਦਾਅਵਾ ਕੀਤਾ ਕਿ ਇਨ੍ਹਾਂ ਪਰਵਾਸੀਆਂ ਨੂੰ ਕੁਝ ਸਮੇਂ ਤੋਂ ਬੰਗਾਲ ਤੋਂ ਗੁਰੂਗ੍ਰਾਮ ਛੱਡ ਜਾਣ ਦੇ ਸੁਨੇਹੇ ਮਿਲ ਰਹੇ ਸਨ।

ਬੁਪਿਨ ਸ਼ੇਖ, ਜੋ 20 ਜੁਲਾਈ ਨੂੰ ਸ਼ਹਿਰ ਛੱਡ ਗਿਆ ਸੀ, ਨੇ ਕਿਹਾ, ÷ਮੇਰੇ ਭਰਾ ਨੂੰ ਇੱਕ ਸਕ੍ਰੈਪ ਯਾਰਡ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਮਾਨੇਸਰ ਕਮਿਊਨਿਟੀ ਸੈਂਟਰ ਲਿਜਾਇਆ ਗਿਆ ਹੈ। ਉਸ ਦੇ ਫੋਨ 'ਚ ਉਸ ਦੇ ਆਧਾਰ ਕਾਰਡ ਅਤੇ ਵੋਟਰ ਕਾਰਡ ਦੀ ਫੋਟੋ ਸੀ। ਪਰ, ਪੁਲੀਸ ਨੇ ਉਸ ਨੂੰ ਕਿਹਾ ਕਿ ਉਹ ਇਨ੍ਹਾਂ ਦੀਆਂ ਹਾਰਡ ਕਾਪੀਆਂ ਸਣੇ ਆਪਣੇ ਸਾਰੇ ਪਰਿਵਾਰ ਨੂੰ ਪੁਲੀਸ ਕੋਲ ਸੱਦੇ। ਖ਼ਤਰਾ ਭਾਂਪਦਿਆਂ ਮੇਰੇ ਭਰਾ ਨੇ ਸਾਨੂੰ ਸਾਰਿਆਂ ਨੂੰ ਬੰਗਾਲ ਪਰਤ ਜਾਣ ਲਈ ਕਿਹਾ ਅਤੇ ਆਪਣੇ ਦਸਤਾਵੇਜ਼ ਆਪਣੇ ਮਾਲਕ ਰਾਹੀਂ ਭੇਜਣ ਲਈ ਕਿਹਾ।"ਉਸ ਨੇ ਕਿਹਾ, "ਪੁਲੀਸ ਸਾਨੂੰ ਸਾਰਿਆਂ ਨੂੰ ਹਿਰਾਸਤ ਵਿੱਚ ਲੈਣਾ ਚਾਹੁੰਦੀ ਸੀ। ਉਹ ਕੁਝ ਨਹੀਂ ਪੁੱਛ ਰਹੇ ਹਨ, ਸਿਰਫ਼ ਸਾਨੂੰ ਚੁੱਕ ਰਹੇ ਹਨ। ਸਾਨੂੰ ਮਾਲਦਾ ਵਿੱਚ ਸਾਡੇ ਪਿੰਡ ਦੇ ਸਰਪੰਚ ਤੋਂ ਇੱਕ ਸੁਨੇਹਾ ਵੀ ਮਿਲਿਆ, ਜਿਸ ਨੇ ਸਾਨੂੰ ਸਾਰਿਆਂ ਨੂੰ ਬੰਗਾਲ ਪਰਤ ਆਉਣ ਲਈ ਕਿਹਾ ਹੈ। ਅਸੀਂ ਕੁੱਲ 30 ਵਿਅਕਤੀ ਹਾਂ ਅਤੇ 50,000 ਰੁਪਏ ਵਿੱਚ ਇੱਕ ਬੱਸ ਕਿਰਾਏ 'ਤੇ ਲਈ ਹੈ।

ਘਬਰਾਹਟ ਦੀ ਪੁਸ਼ਟੀ ਕਰਦਿਆਂ ਗੁਰੂਗ੍ਰਾਮ ਪੁਲੀਸ ਦੇ ਬੁਲਾਰੇ ਸੰਦੀਪ ਕੁਮਾਰ ਨੇ ਕਿਹਾ ਕਿ ਪੁਲੀਸ 'ਨੌਕਰਾਂ ਸਬੰਧੀ ਸੰਕਟ' ਬਾਰੇ ਕਾਲਾਂ ਨਾਲ ਭਰੀ ਹੋਈ ਹੈ। ਸੈਨੀਟੇਸ਼ਨ ਠੇਕੇਦਾਰ, 1 ਮੈਂਬਰ ਅਤੇ ਹੋਰ ਲੋਕ ਆਪਣੇ ਕਰਮਚਾਰੀਆਂ ਲਈ ਭਰੋਸਾ ਦੇਣ ਲਈ ਸੈਕਟਰ 10 ਅਤੇ 40 ਦੇ ÷ਹੋਲਡ-ਅੱਪ÷ ਕੇਂਦਰਾਂ ਤੱਕ ਪਹੁੰਚ ਰਹੇ ਹਨ। ਪੁਲੀਸ ਸੋਸ਼ਲ ਮੀਡੀਆ ਦੀਆਂ 'ਅਫਵਾਹਾਂ' ਅਤੇ 'ਬਹੁਤ ਵਧਾ-ਚੜ੍ਹਾ ਕੇ ਦੱਸੇ ਗਏ' ਹਿਰਾਸਤ ਦੇ ਅੰਕੜਿਆਂ ਨੂੰ ਦਹਿਸ਼ਤ ਦੇ ਮੁੱਖ ਕਾਰਨ ਮੰਨ ਰਹੀ ਹੈ।ਦੂਜੇ ਪਾਸੇ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਦਾਅਵਾ ਹੈ ਕਿ ਇਹ ਗਿਣਤੀ 52 ਹੈ, ਜਦੋਂ ਕਿ ਅਜਿਹੇ ਕੇਂਦਰਾਂ ਵਿਚਲੇ ਲੋਕ ਦਾਅਵਾ ਕਰਦੇ ਹਨ ਕਿ ਇਹ ਗਿਣਤੀ 200 ਤੋਂ ਵੱਧ ਹੈ। ਮੁੱਖ ਮੰਤਰੀ ਬੈਨਰਜੀ ਨੇ ਮੰਗਲਵਾਰ ਨੂੰ ਭਾਜਪਾ 'ਤੇ ਨਿਸ਼ਾਨਾ ਸੇਧਿਆ ਸੀ ਕਿ ਗੁਰੂਗ੍ਰਾਮ ਪ੍ਰਸ਼ਾਸਨ ਨੇ 52 ਬੰਗਾਲੀ ਭਾਸ਼ੀ ਪਰਵਾਸੀ ਮਜ਼ਦੂਰਾਂ ਨੂੰ ਸ਼ੱਕ ਦੇ ਆਧਾਰ 'ਤੇ ਹਿਰਾਸਤ ਵਿੱਚ ਲਿਆ ਹੈ ਕਿ ਉਹ ਬੰਗਲਾਦੇਸ਼ ਤੋਂ ਆਏ ਗੈਰਕਾਨੂੰਨੀ ਪ੍ਰਵਾਸੀ ਹਨ ਅਤੇ ਬੰਗਾਲ ਦੇ ਅਧਿਕਾਰੀਆਂ ਤੋਂ ਪਿਛੋਕੜ ਤਸਦੀਕ ਰਿਪੋਰਟਾਂ ਮੰਗੀਆਂ ਹਨ।

ਸੰਦੀਪ ਕੁਮਾਰ ਨੇ ਕਿਹਾ,"ਅਸੀਂ ਅਧਿਕਾਰਤ ਆਦੇਸ਼ਾਂ ਅਨੁਸਾਰ ਚੱਲ ਰਹੇ ਹਾਂ। ਅਸੀਂ ਸਿਰਫ਼ ਉਨ੍ਹਾਂ ਲੋਕਾਂ ਨੂੰ ਚੁੱਕ ਰਹੇ ਹਾਂ ਜੋ ਸ਼ੱਕੀ ਦਿਖਾਈ ਦਿੰਦੇ ਹਨ। ਅਸੀਂ ਉਨ੍ਹਾਂ ਦੇ ਦਸਤਾਵੇਜ਼ ਲੈਂਦੇ ਹਾਂ ਅਤੇ ਉਨ੍ਹਾਂ ਦੀ ਤਸਦੀਕ ਉਸ ਖੇਤਰ ਤੋਂ ਕਰਵਾਉਂਦੇ ਹਾਂ ਜਿਸ ਤੋਂ ਉਹ ਆਪਣੇ ਆਪ ਨੂੰ ਹੋਣ ਦਾ ਦਾਅਵਾ ਕਰਦੇ ਹਨ ਅਤੇ ਫਿਰ ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ।"

# ਡਰਾਈਵਿੰਗ ਲਾਇਸੈਂਸ ਅਤੇ ਵਾਹਨ ਰਜਿਸਟਰੇਸ਼ਨ ਨਾਲ ਸਬੰਧਿਤ 27 ਸੇਵਾਵਾਂ ਅਤੇ ਹੋਰ ਸੇਵਾਵਾਂ ਹੁਣ ਸੇਵਾ ਕੇਂਦਰਾਂ 'ਚ ਮਿਲਣਗੀਆਂ : ਡਿਪਟੀ ਕਮਿਸ਼ਨਰ

**ਗੁਰਦਾਸਪੁਰ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਵੱਡੀ ਸਹੂਲਤ ਦਿੰਦੇ ਹੋਏ ਮਾਲ ਵਿਭਾਗ ਨਾਲ ਸਬੰਧਿਤ 5 ਹੋਰ ਸੇਵਾਵਾਂ ਅਤੇ ਡਰਾਈਵਿੰਗ ਲਾਇਸੰਸ ਤੇ ਵਾਹਨ ਰਜਿਸਟ ?ਰੇਸ਼ਨ ਨਾਲ ਸਬੰਧਿਤ ਟਰਾਂਸਪੋਰਟ ਵਿਭਾਗ ਦੀਆਂ 27 ਸੇਵਾਵਾਂ ਹੁਣ ਸੇਵਾ ਕੇਂਦਰਾਂ 'ਚ ਮੁਹੱਈਆ ਕਰਾਈਆਂ ਹਨ। ਇਨ੍ਹਾਂ ਸੇਵਾਵਾਂ ਵਿਚ 15 ਸੇਵਾਵਾਂ ਡਰਾਈਵਿੰਗ ਲਾਇਸੈਂਸ ਨਾਲ ਸਬੰਧਿਤ ਅਤੇ 12 ਵਾਹਨ ਰਜਿਸਟ ?ਰੇਸ਼ਨ ਨਾਲ ਸਬੰਧਿਤ ਹਨ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਹੁਣ ਡੀਡ ਰਜਿਸਟ ?ਰੇਸ਼ਨ, ਡੀਡ ਦਾ ਖਰੜਾ ਤਿਆਰ ਕਰਨਾ, ਪੂਰਵ-ਪੜਤਾਲ ਲਈ ਡੀਡ ਜਮ ?ਹਾਂ ਕਰਨੀ, ਸਟੈਂਪ ਡਿਊਟੀ ਦਾ ਭੁਗਤਾਨ, ਇੰਤਕਾਲ ਲਈ ਬੇਨਤੀ (ਵਿਰਾਸਤ ਜਾਂ ਰਜਿਸਟਰਡ ਡੀਡ ਦੇ ਆਧਾਰ 'ਤੇ, ਰਪਟਾਂ ਦੇ ਦਾਖ਼ਲੇ ਲਈ ਬੇਨਤੀ (ਅਦਾਲਤੀ ਆਦੇਸ਼ਾਂ, ਬੈਂਕ ਕਰਜ਼ੇ ਦੇ ਗਿਰਵੀਨਾਮੇ ਜਾਂ ਬੈਂਕ ਕਰਜ਼ਿਆਂ/ਗਿਰਵੀਨਾਮੇ ਦੀ ਮੁਆਫ਼ੀ ਨਾਲ ਸਬੰਧਿਤ), ਫ਼ਰਦ ਬਦਰ ਲਈ ਬੇਨਤੀ (ਰਿਕਾਰਡ ਵਿੱਚ ਸੁਧਾਰ), ਡਿਜੀਟਲ ਤੌਰ 'ਤੇ ਦਸਤਖ਼ਤ ਕੀਤੀ ਫ਼ਰਦ ਲਈ ਬੇਨਤੀ ਅਤੇ ਡਰਾਈਵਿੰਗ ਲਾਇਸੰਸ ਨਾਲ ਸੰਬੰਧਿਤ 15 ਅਤੇ ਵਾਹਨ ਰਜਿਸਟ ?ਰੇਸ਼ਨ ਨਾਲ ਸਬੰਧਿਤ 12 ਸੇਵਾਵਾਂ ਸੇਵਾ ਕੇਂਦਰਾਂ ਤੋਂ ਮਿਲਣਗੀਆਂ।

ਉਨ੍ਹਾਂ ਦੱਸਿਆ ਕਿ ਡਰਾਈਵਿੰਗ ਲਾਇਸੰਸ ਨਾਲ ਸਬੰਧਿਤ ਸੇਵਾਵਾਂ ਵਿੱਚ ਲਰਨਰ ਲਾਇਸੰਸ ਨਾਲ ਸਬੰਧਿਤ ਸੇਵਾਵਾਂ, ਜਿਵੇਂ ਕਿ ਨਵੀਂ ਅਰਜ਼ੀ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਡੁਪਲੀਕੇਟ ਲਰਨਰ ਲਾਇਸੰਸ ਤੋਂ ਇਲਾਵਾ ਡਰਾਈਵਿੰਗ ਲਾਇਸੰਸ ਨਾਲ ਸਬੰਧਿਤ ਸੇਵਾਵਾਂ ਜਿਵੇਂ ਕਿ ਡੁਪਲੀਕੇਟ ਲਾਇਸੰਸ, ਨਵਿਆਉਣ ਸਬੰਧੀ (ਜਿੱਥੇ ਟੈੱਸਟ ਟਰੈਕ ਜਾਣ ਦੀ ਜ਼ਰੂਰਤ ਨਹੀਂ), ਰਿਪਲੇਸਮੈਂਟ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਜਨਮ ਮਿਤੀ ਦੀ ਦਰੁਸਤੀ, ਡਰਾਈਵਿੰਗ ਲਾਇਸੰਸ ਐਕਸਟ ?ਰੈਕਟ ਪ੍ਰੀਵੀਜ਼ਨਿੰਗ, ਲਾਇਸੰਸ ਸਰੈਂਡਰ, ਪਬਲਿਕ ਸਰਵਿਸ ਵਹੀਕਲ ਦਾ ਬੈਜ, ਕੰਡਕਟਰ ਲਾਇਸੰਸ ਦਾ ਨਵੀਨੀਕਰਨ, ਲਰਨਰ ਲਾਇਸੰਸ ਦੀ ਮਿਆਦ ਵਿੱਚ ਵਾਧਾ ਆਦਿ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਅੱਗੇ ਦੱਸਿਆ ਕਿ ਆਰ ਸੀ ਨਾਲ ਸਬੰਧਿਤ ਸੇਵਾਵਾਂ ਵਿੱਚ ਡੁਪਲੀਕੇਟ ਆਰ.ਸੀ, ਗੈਰ-ਵਪਾਰਕ ਵਾਹਨ ਦੀ ਮਾਲਕੀ ਤਬਦੀਲੀ, ਹਾਇਰ ਪਰਚੇਜ਼ ਦੀ ਨਿਰੰਤਰਤਾ (ਮਾਲਕੀ ਤਬਦੀਲੀ/ ਨਾਮ ਤਬਦੀਲੀ ਦੀ ਸੂਰਤ ਵਿੱਚ), ਹਾਇਰ ਪਰਚੇਜ਼ ਐਗਰੀਮੈਂਟ ਦੀ ਇੰਨਡੋਰਸਮੈਂਟ, ਵਪਾਰਕ ਵਾਹਨਾਂ ਦਾ ਫਿਟਨੈੱਸ ਸਰਟੀਫਿਕੇਟ (ਭਾਰੇ/ ਮੀਡੀਅਮ/ਤਿੰਨ ਪਹੀਆ/ ਚਾਰ ਪਹੀਆ/ਐੱਲ.ਐੱਮ.ਵੀ), ਵਧੀਕ ਲਾਈਫ਼ ਟਾਈਮ ਟੈਕਸ ਦੀ ਅਦਾਇਗੀ (ਮਾਲਕੀ ਤਬਦੀਲੀ ਦੀ ਸੂਰਤ ਵਿੱਚ), ਆਰ.ਸੀ. ਦੇ ਵੇਰਵੇ ਦੇਖਣੇ, ਆਰ.ਸੀ. ਲਈ ਐਨ.ਓ.ਸੀ, ਟਰਾਂਸਪੋਰਟ ਸੇਵਾਵਾਂ ਦੇ ਰਿਕਾਰਡ ਵਿਚ ਮੋਬਾਈਲ ਨੰਬਰ ਦਾ ਅੱਪਡੇਟ, ਆਰ.ਸੀ. ਵਿਚ ਪਤੇ ਦੀ ਤਬਦੀਲੀ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜੋ ਨਾਗਰਿਕ ਸੇਵਾ ਕੇਂਦਰ ਨਹੀਂ ਆ ਸਕਦੇ, ਉਹ ਫ਼ੋਨ ਨੰਬਰ 1076 ਡਾਇਲ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਡੋਰ ਸਟੈਪ ਡਿਲਿਵਰੀ ਪ੍ਰਾਪਤ ਕਰ ਸਕਦੇ ਹਨ।

# ਸਰਕਾਰੀ ਆਯੂਰਵੈਦੀਕ ਡਿਸਪੈਂਸਰੀ ਵਿਚ ਸ਼ੂਗਰ ਅਤੇ ਅੱਖਾ ਦਾ ਵਿਸ਼ੇਸ਼ ਕੈਂਪ ਲਗਾਇਆ ਗਿਆ



**ਫਾਜ਼ਿਲਕਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਆਯੁਰਵੈਦਿਕ ਅਤੇ ਯੁਨਾਨੀ ਅਫਸਰ ਦੇ ਦਿਸ਼ਾ-ਨਿਰਦੇਸ਼ ਹੇਠ ਚੱਲ ਰਹੇ 15 ਆਯੁਸ਼ ਕੈਂਪਾਂ ਦੀ ਲੜੀ 'ਚ ਅੱਜ ਚੌਥਾ ਕੈਂਪ ਸਰਕਾਰੀ ਆਯੂਰਵੈਦੀਕ ਡਿਸਪੈਂਸਰੀ ਵਿਚ ਲਾਇਆ ਗਿਆ। ਜਿਸ ਵਿੱਚ 530 ਮਰੀਜਾਂ ਨੇ ਲਾਭ ਉਠਾਇਆ। ਕੈਂਪ ਵਿਚ ਡਾ. ਸਤਪਾਲ (ਐਮ.ਡੀ) ਡਾ ਵਿਨੋਦ ਕੁਮਾਰ ਐਮ ਡੀ ਨੇਤਰ ਰੋਗ ਆਯੁਰਵੈਦਾ ਅਤੇ ਡਾ ਇੰਦਰਾ ਰਾਣੀ ਏ.ਐਮ.ਓ ਅਤੇ ਹੋਮਿਓਪੈਥਿਕ ਵਿਭਾਗ ਦੇ ਐਚਐਮਓ ਡਾ ਕਲਪਨਾ ਕੁਮਾਰੀ ਅਤੇ ਡਾ ਅਮਨ ਕੰਬੋਜ ਮੌਜੂਦ ਸੀ। ਕੈਂਪ ਵਿੱਚ ਸ਼ੂਗਰ ਦੇ ਮਰੀਜ ਅਤੇ ਅੱਖਾਂ ਦੇ ਵਿਸ਼ੇਸ਼ ਜਾਂਚ ਕੀਤੀ ਗਈ।ਡਾ ਸਤਪਾਲ ਨੇ ਦੱਸਿਆ ਕਿ ਇਸ ਹਫਤੇ ਸਾਡੇ ਦੋ ਕੈਂਪ ਹੋਰ 30 ਜੁਲਾਈ ਨੂੰ ਜੰਡਵਾਲਾ ਹਨਵੰਤਾ ਅਤੇ 1 ਅਗਸਤ 2025 ਨੂੰ ਪਿੰਡ ਅਭੂੰਨ ਗਿਖੇ ਲੱਗ ਰਿਹਾ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਆਯੂਸ ਦੇ ਇਨ੍ਹਾਂ ਕੈਂਪਾਂ ਦਾ ਲਾਭ ਲੈਣ। ਕੈਂਪ ਦੀ ਸ਼ੁਰੂਆਤ ਪਿੰਡ ਦੇ ਸਰਪੰਚ ਤੇ ਪੰਚਾਇਤ ਮੈਬਰਾਂ ਨੇ ਧੰਨਵਤਰੀ ਪੂਜਾ ਨਾਲ ਕੀਤੀ।

# ਰੋਟਰੀ ਰਾਇਲ ਕਲੱਬ ਦੀ ਨਵੀਂ ਟੀਮ ਦਾ ਗਠਨ




**ਸ਼ਾਹਬਾਦ ਮਾਰਕੰਡਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਰਾਇਲ ਦਾ ਪਹਿਲਾ ਤਾਜਪੋਸ਼ੀ ਸਮਾਗਮ ਬੀਤੀ ਰਾਤ ਜੀਟੀ ਰੋਡ ਸਥਿਤ ਨਿੱਜੀ ਹੋਟਲ ਵਿਚ ਕੀਤਾ ਗਿਆ। ਇਸ ਦਾ ਉਦਘਾਟਨ ਚਾਰਟਰ ਪ੍ਰਧਾਨ ਲਕਸ਼ੈ ਕਾਲੜਾ ਨੇ ਕੀਤਾ। ਇਸ ਮੌਕੇ ਬਤੌਰ ਮੁੱਖ ਮਹਿਮਾਨ ਰੋਟੇਰੀਅਨ ਡਾ. ਗੀਟਾ ਕਾਲੜਾ ਜ਼ਿਲ੍ਹਾ ਗਵਰਨਰ 2026-27 ਸਨ। ਉਨ੍ਹਾਂ ਤੋਂ ਇਲਾਵਾ ਹੋਰ ਪ੍ਰਮੁੱਖ ਮਹਿਮਾਨਾਂ ਵਿਚ ਰੋਟੇਰੀਅਨ ਡਾ. ਸੰਜੇ ਕਾਲੜਾ, ਗੈਸਟ ਆਫ ਆਨਰ ਰੋਟੈਰੀਅਨ ਮਨਮੋਹਨ ਮੈਣੀ ਸਾਬਕਾ ਸਹਾਇਕ ਗਵਰਨਰ, ਉਦਯੋਗਪਤੀ ਯਸ਼ਪਾਲ ਵਧਵਾ, ਪ੍ਰਵੀਨ ਗਰਗ ਤੇ ਕਾਰੋਬਾਰੀ ਮਨੀਸ਼ ਆਹੂਜਾ ਸ਼ਾਮਲ ਸਨ। ਰੋਟੇਰੀਅਨ ਡਾ. ਗੀਟਾ ਕਾਲੜਾ ਨੇ ਰਸਮੀ ਤੌਰ 'ਤੇ ਚਾਰਟਰ ਚੇਅਰਮੈਨ ਲਕਸ਼ੈ ਕਾਲੜਾ ਤੇ ਉਨ੍ਹਾਂ ਦੀ ਟੀਮ ਨੂੰ ਨਿਯੁਕਤ ਕੀਤਾ। ਪ੍ਰਧਾਨ ਲਕਸ਼ੈ ਕਾਲੜਾ ਨੇ ਇਸ ਮਹੀਨੇ ਦੌਰਾਨ ਕੀਤੀਆਂ ਗਈਆਂ ਸਮਾਜਿਕ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਤੇ ਭਰੋਸਾ ਪ੍ਰਗਟਾਇਆ ਕਿ ਰੋਟਰੀ ਰਾਇਲ ਸਿੱਖਿਆ, ਖੇਡਾਂ, ਵਾਤਾਵਰਨ ਤੇ ਲੋੜਵੰਦਾਂ ਦੀ ਮਦਦ ਵਿਚ ਪ੍ਰਭਾਵਸ਼ਾਲੀ ਸਮਾਜ ਸੇਵਾ ਪ੍ਰਾਜੈਕਟ ਸ਼ੁਰੂ ਕਰਕੇ ਨਵੀਆਂ ਉਚਾਈਆਂ ਛੂਹੇਗਾ। ਰੋਟਰੀ ਕਲੱਬ ਦੇ ਸਾਬਕਾ ਪ੍ਰਧਾਨ ਆਸ਼ੂਤੋਸ਼ ਗਰਗ ਨੇ ਨਵੀਂ ਨਿਯੁਕਤ ਟੀਮ ਨੂੰ ਵਧਾਈ ਦਿੱਤੀ। ਕਲੱਬ ਦੇ ਡਾਇਰੈਕਟਰ ਸਤਵਿੰਦਰ ਸਿੰਘ ਗਾਬਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। । ਸਟੇਜ ਦਾ ਸੰਚਾਲਨ ਸ੍ਰੀਮਤੀ ਸ਼ਵੇਤਾ ਗਰਗ ਨੇ ਕੀਤਾ। ਇਸ ਮੌਕੇ ਅਮਰਿੰਦਰ ਸਿੰਘ ਹਾਂਡਾ, ਡਾ. ਅਖਿਲ ਸ਼ਰਮਾ, ਸੌਰਭ ਸਭਰਵਾਲ, ਸ਼ੈਲਵ ਜੈਨ, ਸਿਧਾਰਥ ਗੁਪਤਾ, ਕੁਸ਼ ਕਾਲੜਾ, ਵਿਜੇ ਕਾਲੜਾ, ਸੁਮਿਤ ਅਦਲੱਖਾ, ਵਿਕਾਸ ਕੋਹਲੀ, ਅਕਸ਼ੈ ਕਵਾਤਰਾ ਮੌਜੂਦ ਸਨ।

# ਮਾਪਿਆਂ ਨਾਲ ਐਕਟਿਵਾ 'ਤੇ ਜਾ ਰਹੇ 2 ਸਾਲਾ ਮਾਸੂਮ ਦੀ ਹਾਦਸੇ 'ਚ ਦਰਦਨਾਕ ਮੌਤ

**ਅੰਬਾਲਾ, 1 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਅੰਬਾਲਾ ਸ਼ਹਿਰ ਦੇ ਸੈਕਟਰ-9 ਵਿੱਚ ਵਾਪਰੇ ਦਰਦਨਾਕ ਹਾਦਸੇ ਵਿੱਚ 2 ਸਾਲ ਦੇ ਅਦਵਿਤ ਨਾਂ ਦੇ ਮਾਸੂਮ ਦੀ ਜਾਨ ਚਲੀ ਗਈ। ਬੱਚਾ ਸੋਮਵਾਰ ਸ਼ਾਮ ਨੂੰ ਬਜ਼ਾਰੋਂ ਸਮਾਨ ਲਿਆਉਣ ਲਈ ਨਿਕਲੇ ਆਪਣੇ ਮਾਪਿਆਂ ਨਾਲ ਐਕਟਿਵਾ 'ਤੇ ਸਵਾਰ ਸੀ। ਇਸ ਦੌਰਾਨ ਇੱਕ ਤੇਜ਼ ਰਫ਼ਤਾਰ ਕਾਲੇ ਰੰਗ ਦੀ ਥਾਰ ਕਾਰ ਨੇ ਐਕਟਿਵਾ ਨੂੰ ਟੱਕਰ ਮਾਰ ਦਿੱਤੀ ਹਾਦਸੇ ਵਿਚ ਬੱਚਾ ਸੜਕ 'ਤੇ ਡਿਗ ਪਿਆ ਅਤੇ ਥਾਰ ਦਾ ਪਿਛਲਾ ਟਾਇਰ ਉਸ ਦੇ ਉੱਤੋਂ ਦੀ ਲੰਘ ਗਿਆ। ਹਾਦਸੇ ਤੋਂ ਬਾਅਦ ਥਾਰ ਚਾਲਕ ਬੱਚੇ ਤੇ ਉਸ ਦੇ ਮਾਪਿਆਂ ਨੂੰ ਸਰਵਾਲ ਹਸਪਤਾਲ ਵਿਚ ਲੈ ਗਿਆ ਤੇ ਫਿਰ ਉਥੋਂ ਚੁੱਪ-ਚਾਪ ਖਿਸਕ ਗਿਆ। ਬਾਅਦ ਵਿਚ ਮਾਪੇ ਬੱਚੇ ਨੂੰ ਹੀਲਿੰਗ ਟੱਚ ਪਾਰਕ ਹਸਪਤਾਲ ਲੈ ਗਏ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਸੂਚਨਾ ਮਿਲਣ 'ਤੇ ਸੈਕਟਰ-9 ਪੁਲੀਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੇ ਮੁਰਦਾਖ਼ਾਨੇ ਵਿਚ ਰਖਵਾਇਆ।

# ਕਿਉਂ ਆਮ ਕਿਸਾਨ ਦੇ ਟਰੈਕਟਰ-ਟਰਾਲੀ ਸੜਕ 'ਤੇ ਲਿਆਉਣ 'ਤੇ ਹੁੰਦੈ ਚਲਾਨ : ਨਿਮਿਸ਼ਾ ਮਹਿਤਾ

**ਕੌਮੀ ਪਤ੍ਰਿਕਾ**

ਗੜ੍ਹਸ਼ੰਕਰ 1 ਅਗਸਤ। ਇਲਾਕੇ ਵਿਚ ਜਗ?ਹਾ-ਜਗ?ਹਾ ਤੇਜ਼ ਰਫ਼ਤਾਰ ਚੱਲਣ ਵਾਲੀਆਂ ਓਵਰਲੋਡ ਮਿੱਟੀ ਵਾਲੀਆਂ ਟਰਾਲੀਆਂ ਅਤੇ ਵੱਖ-ਵੱਖ ਜਗ?ਹਾ ਚੁੱਕੀ ਜਾ ਰਹੀ 15 ਤੋਂ 20 ਫੁੱਟ ਮਿੱਟੀ ਨੂੰ ਲੈ ਕੇ ਪ੍ਰਸ਼ਾਸਨ ਨੂੰ ਭਾਜਪਾ ਹਲਕਾ ਗੜ੍ਹਸ਼ੰਕਰ ਇੰਚਾਰਜ ਨਿਮਿਸ਼ਾ ਮਹਿਤਾ ਨੇ ਆੜੇ ਹੱਥੀਂ ਲਿਆ ਹੈ। ਭਾਜਪਾ ਹਲਕਾ ਗੜ੍ਹਸ਼ੰਕਰ ਇੰਚਾਰਜ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਹਲਕੇ ਵਿਚ ਜੇਕਰ ਆਮ ਕਿਸਾਨ ਆਪਣਾ ਟਰੈਕਟਰ-ਟਰਾਲੀ ਧੁਆਈ ਦੇ ਕੰਮ ਲਈ ਸੜਕ 'ਤੇ ਲੈ ਕੇ ਆਉਂਦਾ ਹੈ ਤਾਂ ਉਸ ਦਾ ਪ੍ਰਸ਼ਾਸਨ ਵੱਲੋਂ ਚਲਾਨ ਕੀਤਾ ਜਾਂਦਾ ਹੈ ਪਰ ਮਿੱਟੀ ਮਾਫੀਆ ਦੇ ਓਵਰਲੋਡ ਟਰੈਕਟਰ-ਟਰਾਲੀਆਂ ਜੋ ਗੜ੍ਹਸੰਕਰ ਦੇ ਲਿੰਕ ਰੋਡਾਂ ਦੀ ਦਿਨ-ਰਾਤ ਭੰਨਤੋੜ ਕਰ ਰਹੀਆਂ ਹਨ ਅਤੇ ਰੋਜ਼ਾਨਾ ਥਾਣੇ ਅੱਗਿਓਂ ਲੰਘਦੀਆਂ ਹਨ, ਉਨ੍ਹਾਂ ਦੇ ਨਾ ਤਾਂ ਚਲਾਨ ਕੱਟੇ ਜਾਂਦੇ ਹਨ ਅਤੇ ਨਾ ਹੀ ਉਨ੍ਹਾਂ ਦੀ ਕੋਈ ਪੁੱਛਗਿੱਛ ਕੀਤੀ ਜਾਂਦੀ ਹੈ, ਇਸ ਤੋਂ ਇਹ ਗੱਲ ਸਪੱਸ਼ਟ ਹੈ ਕਿ ਗੜ੍ਹਸ਼ੰਕਰ ਵਿਚ ਮਿੱਟੀ ਮਾਈਨਿੰਗ ਮਾਫੀਆ ਪੁਲਸ, ਮਾਈਨਿੰਗ ਅਤੇ ਟਰਾਂਸਪੋਰਟ ਵਿਭਾਗ ਦੇ ਅਫ਼ਸਰਾਂ ਦੀ ਪੂਰਨ ਮਿਲੀਭੁਗਤ ਨਾਲ ਚੱਲ ਰਿਹੈ ਹੈ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਹਲਕਾ ਗੜ੍ਹਸ਼ੰਕਰ ਵਿਚ ਸ਼ਰੇਆਮ 15 ਤੋਂ 20 ਫੁੱਟ ਮਿੱਟੀ ਦੀ ਪੁਟਾਈ ਥਾਂ-ਥਾਂ ਇਸ ਮਾਫੀਏ ਵੱਲੋਂ ਕਰਵਾਈ ਜਾਂਦੀ ਹੈ ਜਦਕਿ ਢਾਈ ਫੁੱਟ ਤੋਂ ਮਿੱਟੀ ਪੁਟਣਾ ਕਾਨੂੰਨ ਦੀ ਉਲੰਘਣਾ ਮੰਨੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਮਿੱਟੀ ਨਾਲ ਲੱਦੀਆਂ ਓਵਰਲੋਡ ਟਰਾਲੀਆਂ ਨੇ ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਬੁਰੀ ਤਰ੍ਹਾਂ ਭੰਨ ਦਿੱਤਾ ਹੈ। ਭਾਜਪਾ ਆਗੂ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਬਿਨ੍ਹਾਂ ਨੰਬਰ ਪਲੇਟ ਦੇ



ਇਹ ਓਵਰਲੋਡ ਟਰਾਲੀਆਂ ਰੋਜ਼ਾਨਾ ਥਾਣਾ ਗੜ੍ਹਸ਼ੰਕਰ, ਮਾਹਿਲਪੁਰ, ਸੈਲਾ ਚੌਂਕੀ ਅੱਗੋ ਲੰਘਦੀਆਂ ਹਨ ਪਰ ਪੁਲਸ ਗੜ੍ਹਸ਼ੰਕਰ ਵਿਚ ਮੋਟਰਸਾਈਕਲਾਂ ਵਾਲਿਆਂ ਦੇ ਤਾਂ ਚਲਾਨ ਕੱਟਣ ਦੀ ਵੀਡੀਓ ਜਾਰੀ ਕਰਦੀ ਹੈ ਪਰ ਬਿਨ੍ਹਾਂ ਨੰਬਰ ਪਲੇਟ ਇਨ੍ਹਾਂ ਟਰੈਕਟਰ-ਟਰਲਾਈਆਂ ਨੂੰ ਰੋਕਣਾ ਤਾਂ ਕੀ ਇਨ੍ਹਾਂ ਵੱਲ ਵੇਖਣ ਦੀ ਹਿੰਮਤ ਵੀ ਨਹੀਂ ਕਰਦੀ। ਨਿਮਿਸ਼ਾ ਮਹਿਤਾ ਨੇ ਅੱਗੇ ਬੋਲਦਿਆਂ ਕਿਹਾ ਕਿ ਜਿਸ ਦਿਨ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਸ ਦਿਨ ਤੋਂ ਇਲਾਕਾ ਗੜ੍ਹਸ਼ੰਕਰ ਵਿਚ ਸਿਰਫ਼ ਦੋ ਪ੍ਰਮੁੱਖ ਧੜਿਆਂ ਵੱਲੋਂ ਮਿੱਟੀ ਮਾਈਨਿੰਗ ਮਾਫੀਆ ਬਣਾ ਕੇ ਟਰਾਲੀਆਂ ਦਾ ਸੜਕਾਂ 'ਤੇ ਹੁੜਦੰਗ ਪਾਇਆ ਜਾ ਰਿਹਾ ਹੈ ਜਦਕਿ ਆਮ ਲੋਕ ਜੋ ਟਰੈਕਟਰ-ਟਰਾਲੀ ਚਲਾ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਸਨ, ਉਨ੍ਹਾਂ ਨੂੰ ਸੜਕ 'ਤੇ ਟਰੈਕਟਰ-ਟਰਾਲੀ ਲਿਆਉਣ ਵੀ ਨਹੀਂ ਦਿੱਤਾ ਜਾਂਦਾ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਉਨ੍ਹਾਂ ਨੂੰ ਦਰਜਨਾਂ ਅਜਿਹੇ ਜ਼ਿੰਮੀਦਾਰ ਮਿਲ ਚੁੱਕੇ ਹਨ, ਜਿਨ੍ਹਾਂ ਦੀਆਂ ਟਰਾਲੀਆਂ ਨੂੰ ਥਾਣੇ ਵਿਚ ਰੱਖੀਆਂ ਗਈਆਂ ਅਤੇ ਵਾਰ-ਵਾਰ ਉਨ੍ਹਾਂ ਦੇ ਸਵਾ-ਸਵਾ ਲੱਖ ਦੇ ਚਲਾਨ ਕੀਤੇ ਗਏ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦੇ ਸਾਧਨ ਠੱਪ ਕਰਵਾਏ ਗਏ ਪਰ ਮਾਈਨਿੰਗ ਮਾਫੀਆ ਦੀਆਂ ਲਾਲ ਅਤੇ ਨੀਲੇ ਰੰਗ ਦੀਆਂ ਇਨ੍ਹਾਂ ਟਰੈਕਟਰ-ਟਰਾਲੀਆਂ ਨੂੰ ਪੁਲਸ ਵਾਲੇ ਵੇਖ ਕੇ ਇੰਝ ਅੱਖਾਂ ਬੰਦ ਕਰ ਲੈਂਦੇ ਹਨ, ਜਿਵੇਂ ਬਿੱਲੀ ਨੂੰ ਵੇਖ ਕੇ ਕਬੂਤਰ। ਉਨ੍ਹਾਂ ਕਿਹਾ ਕਿ ਬਦਲਾਅ ਅਤੇ ਇਨਕਲਾਬ ਲੈ ਕੇ ਆਉਣ ਦੇ ਸੁਫ਼ਨੇ ਵਿਖਾਉਣ ਵਾਲੀ ਪਾਰਟੀ ਦੀ ਸਰਕਾਰ ਅੱਜ ਜਨਤਾ ਨੂੰ ਜਵਾਬ ਦੇਵੇ ਕਿ ਕਿਹੋ ਜਿਹਾ ਇਨਕਲਾਬ ਹੈ, ਜਿੱਥੇ ਆਮ ਜ਼ਿੰਮੀਦਾਰ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਜੇਕਰ ਟਰੈਕਟਰ-ਟਰਾਲੀ ਚਲਾਵੇ ਤਾਂ ਉਸ ਦਾ ਚਲਾਨ ਹੁੰਦਾ ਹੈ ਅਤੇ ਬਿਨ੍ਹਾਂ ਨੰਬਰ ਪਲੇਟ ਤੋਂ ਚੱਲਣ ਵਾਲੇ ਮਿੱਟੀ ਮਾਈਨਿੰਗ ਮਾਫੀਆ ਦੇ ਟਰੈਕਟਰ-ਟਰਾਲੀਆਂ ਨੂੰ ਨਾ ਪੁਲਸ, ਟਰਾਂਸਪੋਰਟ ਅਤੇ ਨਾ ਹੀ ਮਾਈਨਿੰਗ ਵਿਭਾਗ ਵੱਲੋਂ ਇਨ੍ਹਾਂ 'ਤੇ ਕੋਈ ਕਾਰਵਾਈ ਕੀਤੀ ਜਾ ਰਹੀ ਹੈ। ਭਾਜਪਾ ਆਗੂ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਹੁਣ ਤੱਕ ਮਾਈਨਿੰਗ ਦੀਆਂ ਟਰੈਕਟਰ-ਟਰਾਲੀਈਆਂ ਨਾਲ ਗੜ੍ਹਸ਼ੰਕਰ ਵਿਚ ਅਨੇਕਾਂ ਹਾਦਸੇ ਹੋ ਚੁੱਕੇ ਹਨ ਪਰ ਫਿਰ ਵੀ ਟਰਾਂਸਪੋਰਟ ਅਤੇ ਪੁਲਸ ਵਿਭਾਗ ਇਨ੍ਹਾਂ ਟਰੈਕਟਰ ਚਾਲਕਾਂ ਦੇ ਲਾਇਸੈਂਸ ਚੈੱਕ ਕਰਨ ਦੀ ਤਕਲੀਫ਼ ਨਹੀਂ ਕਰਦਾ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਗੜ੍ਹਸ਼ੰਕਰ ਦੀ ਸਾਰੀ ਜਨਤਾ ਮਾਈਨਿੰਗ ਦੀ ਇਸ ਖੇਡ ਨੂੰ ਵੇਖ ਵੀ ਰਹੀ ਹੈ ਅਤੇ ਚੰਗੀ ਤਰ੍ਹਾਂ ਸਮਝ ਵੀ ਰਹੀ ਹੈ ਕਿ ਇਸ ਪਿੱਛੇ ਕਿਸ ਦਾ ਹੱਥ ਹੈ ਅਤੇ ਵਿਧਾਨ ਸਭਾ ਚੋਣਾਂ ਆਉਣ 'ਤੇ ਧੱਕੇਸ਼ਾਹੀ ਨੂੰ ਖ਼ਤਮ ਕਰਨ ਲਈ ਲੋਕ ਉਨ੍ਹਾਂ ਦਾ ਸਾਥ ਦੇਣਗੇ ਅਤੇ ਭਾਜਪਾ ਨੂੰ ਵੋਟਾਂ ਪਾ ਕੇ ਜਿਤਾਉਣਗੇ ਤਾਂਕਿ ਆਮ ਟਰੈਕਟਰ-ਟਰਾਲੀ ਵਾਲੇ ਜ਼ਿੰਮੀਦਾਰ ਅਤੇ ਲਿੰਕ ਸੜਕਾਂ 'ਤੇ ਲੰਘਣ ਵਾਲੇ ਲੋਕਾਂ ਨੂੰ ਮਾਈਨਿੰਗ ਮਾਫੀਆ ਅਤੇ ਗੁੰਡਾਗਰਦੀ ਦੇ ਇਸ ਰਾਜ ਤੋਂ ਨਿਜਾਤ ਮਿਲ ਸਕੇ।

## ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਬਣੇ ਕਮਿਸ਼ਨ ਵੱਲੋਂ ਅੰਮ੍ਰਿਤਸਰ ਵਿੱਚ ਭਿਖਾਰੀਆਂ ਵਿਰੁੱਧ ਚੁੱਕੇ ਕਦਮਾਂ ਦੀ ਸਰਾਹਨਾ

ਅੰਮ੍ਰਿਤਸਰ , 1 ਅਗਸਤ: ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕੇਂਦਰ ਵੱਲੋਂ ਬਣਾਏ ਗਏ ਕਮਿਸ਼ਨ ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਇਲਡ ਰਾਈਟਸ ਦੇ ਮੈਂਬਰ ਸੈਕਟਰੀ ਸ੍ਰੀ ਸੰਜੀਵ ਸ਼ਰਮਾ, ਜੋ ਕਿ ਅੱਜ ਉਕਤ ਵਿਸ਼ੇ ਉੱਤੇ ਅੰਮ੍ਰਿਤਸਰ ਆਏ ਸਨ, ਨੇ ਜਿਲਾ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਅੰਮ੍ਰਿਤਸਰ ਵਿੱਚ ਬੱਚਿਆਂ ਤੋਂ ਭੀਖ ਮੰਗਵਾਉਣ ਦੀ ਪ੍ਰੈਕਟਿਸ ਨੂੰ ਬੰਦ ਕਰਨ ਲਈ ਕੀਤੇ ਗਏ ਯਤਨਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਉਹ ਇਸ ਮੁਹਿੰਮ ਨੂੰ ਨੇੜਿਓਂ ਵਾਚ ਰਹੇ ਹਨ ਅਤੇ ਇਸ ਦੀ ਕਾਮਯਾਬੀ ਦੇਸ਼ ਦੇ ਦੂਸਰੇ ਰਾਜਾਂ ਨਾਲ ਵੀ ਨਾਲ ਵੀ ਸ਼ੇਅਰ ਕਰਨਗੇ। ਉਹਨਾਂ ਕਿਹਾ ਕਿ ਇਹ ਸਮੱਸਿਆ ਦੇਸ਼ ਦੇ ਉਨਾਂ ਸ਼ਹਿਰਾਂ ਵਿੱਚ ਜ਼ਿਆਦਾ ਹੈ, ਜਿੱਥੇ ਸੈਲਾਨੀ ਵੱਧ ਗਿਣਤੀ ਵਿੱਚ ਆਉਂਦੇ ਹਨ। ਉਹਨਾਂ ਇਸ ਵਿਸ਼ੇ ਉੱਤੇ ਜ਼ਿਲਾ ਪ੍ਰਸ਼ਾਸਨ ਨੂੰ ਆ ਰਹੀਆਂ ਸਮੱਸਿਆਵਾਂ ਦੇ ਹੱਲ ਦਾ ਵੀ ਭਰੋਸਾ ਦਿੱਤਾ। ਕਮਿਸ਼ਨ ਦੇ ਮੈਂਬਰ ਸ੍ਰੀ ਅਰੋੜਾ ਨੇ ਕਿਹਾ ਕਿ ਅਸੀਂ ਪੋਕਸੋ ਐਕਟ ਨਾਲ ਸੰਬੰਧਿਤ ਕਰਮਚਾਰੀਆਂ ਅਤੇ ਪੁਲਿਸ ਮੁਲਾਜ਼ਮਾਂ ਨੂੰ ਇਸ ਵਿਸ਼ੇ ਉੱਤੇ ਜਾਗਰੂਕ ਅਤੇ ਬੱਚਿਆਂ ਦੀ ਮਾਨਸਿਕਤਾ ਸਮਝਣ ਲਈ ਕਪੈਸਟੀ ਬਿਲਡਿੰਗ ਪ੍ਰੋਗਰਾਮ ਵੀ ਕਰਨ ਜਾ ਰਹੇ ਹਾਂ, ਜਿਸ ਵਿੱਚ ਵਿਸ਼ੇਸ਼ ਤੌਰ ਤੇ ਇਹਨਾਂ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ । ਉਹਨਾਂ ਜ਼ਿਲ੍ਹਾ ਅਧਿਕਾਰੀਆਂ ਨੂੰ ਬਾਲ ਮਜ਼ਦੂਰੀ ਰੋਕਣ ਸਬੰਧੀ ਵੀ ਵਿਸ਼ੇਸ਼ ਹਦਾਇਤਾਂ ਦਿੱਤੀਆਂ। ਉਹਨਾਂ ਬੱਚਿਆਂ ਵਿੱਚ ਆ ਰਹੀਆਂ ਮੋਟਾਪੇ ਅਤੇ ਸ਼ੂਗਰ ਦੀਆਂ ਬਿਮਾਰੀਆਂ ਉੱਤੇ ਚਿੰਤਾ ਜ਼ਾਹਿਰ ਕਰਦੇ ਕਿਹਾ ਕਿ ਕਮਿਸ਼ਨ ਇੰਨਾਂ ਬਿਮਾਰੀਆਂ ਨੂੰ ਲੈ ਕੇ ਵੀ ਚਿੰਤਿਤ ਹੈ ਅਤੇ ਅਸੀਂ ਇਸ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਹੈ। ਉਹਨਾਂ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੂੰ ਅਪੀਲ ਕੀਤੀ ਕਿ ਉਹ ਮੋਟਾਪੇ ਅਤੇ ਸ਼ੂਗਰ ਨੂੰ ਬੱਚਿਆਂ ਤੋਂ ਦੂਰ ਰੱਖਣ ਲਈ ਸਕੂਲਾਂ ਵਿੱਚ ਇਸ ਵਿਸ਼ੇ ਸਬੰਧੀ ਬੱਚਿਆਂ ਨੂੰ ਗਿਆਨ ਦਿੰਦੇ ਬੋਰਡ ਜਰੂਰ ਲਗਵਾਉਣ, ਤਾਂ ਜੋ ਬੱਚੇ ਅਤੇ ਮਾਪੇ ਇਹਨਾਂ ਨਾਜ਼ੁਕ ਵਿਸ਼ਿਆਂ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਣ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਉਹਨਾਂ ਨੂੰ ਜ਼ਿਲ੍ਹੇ ਵਿੱਚ ਆਉਣ ਉੱਤੇ ਜੀ ਆਇਆ ਕਿਹਾ ਅਤੇ ਜਿਲ੍ਹੇ ਦੀ ਮੌਜੂਦਾ ਸਥਿਤੀ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਮੌਕੇ ਚਾਇਲਡ ਵੈਲਫੇਅਰ ਕਮੇਟੀ ਦੇ ਮੈਂਬਰ ਸ਼੍ਰੀ ਐਮ ਕੇ ਸ਼ਰਮਾ ਨੇ ਦੱਸਿਆ ਕਿ ਅੰਮ੍ਰਿਤਸਰ ਪੰਜਾਬ ਦਾ ਪਹਿਲਾ ਜਿਲ੍ਹਾ ਹੈ, ਜਿਸ ਨੇ ਬੱਚਿਆਂ ਤੋਂ ਭੀਖ ਮੰਗਾਉਣ ਨੂੰ ਰੋਕਣ ਲਈ ਐਫ ਆਈ ਆਰ ਦਰਜ ਕਰਵਾਈ ਹੈ।

# ਅਕਾਲੀ ਦਲ ਦੀ ਪੁਨਰ ਸੁਰਜੀਤੀ ਦੇ ਵਿਧੀ ਵਿਧਾਨ ਅਤੇ ਨੀਤੀ ਸਬੰਧੀ ਮਸਤੂਆਨਾ ਸਾਹਿਬ ਵਿਖੇ ਤਿੰਨ ਰੋਜ਼ਾ ਵਿਚਾਰ ਗੋਸ਼ਟੀ

**ਕੌਮੀ ਪਤ੍ਰਿਕਾ**

ਸੰਗਰੂਰ, 1 ਅਗਸਤ: ਅਕਾਲੀ ਦਲ ਦੀ ਪੁਨਰ ਸੁਰਜੀਤੀ ਦੇ ਵਿਧੀ ਵਿਧਾਨ ਅਤੇ ਨੀਤੀ ਸਬੰਧੀ ਮਸਤੂਆਨਾ ਸਾਹਿਬ ਵਿਖੇ ਤਿੰਨ ਰੋਜ਼ਾ ਵਿਚਾਰ ਗੋਸ਼ਟੀ 1 ,2 ਅਤੇ 3 ਅਗੱਸਤ ਨੂੰ ਅਕਾਲ ਕਾਲਜ ਕੌਂਸਲ ਮਸਤੂਆਨਾ ਸਾਹਿਬ ਦੇ ਉੱਦਮ ਅਤੇ ਸਿੱਖ ਜਥਿਆਂ ਤੇ ਸਿੱਖ ਸਖ਼ਸ਼ੀਅਤਾਂ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ। ਇਸ ਵਿਚਾਰ ਗੋਸ਼ਟੀ ਦੇ ਵਿੱਚ ਵੱਖ-ਵੱਖ ਰਾਜਨੀਤਿਕ, ਧਾਰਮਿਕ, ਸਮਾਜਿਕ, ਪੱਤਰਕਾਰ, ਵਿਦਵਾਨ ਅਤੇ ਕਾਰਕੁੰਨ ਆਪਣੇ ਵਿਚਾਰ ਸਾਂਝੇ ਕਰਨਗੇ। ਇਸੇ ਸਬੰਧ ਵਿੱਚ ਅੱਜ ਮਸਤੂਆਨਾ ਸਾਹਿਬ ਵਿਖੇ ਪ੍ਰਬੰਧਕੀ ਟੀਮ ਵੱਲੋਂ ਇਕੱਤਰਤਾ ਕੀਤੀ ਗਈ। ਜਿਸ ਵਿੱਚ ਪ੍ਰਬੰਧਕਾਂ ਨੇ ਵਿਚਾਰ ਗੋਸ਼ਟੀ ਦੀਆਂ ਤਿਆਰੀਆਂ ਨੂੰ ਲੈਕੇ ਵਿਚਾਰ ਵਟਾਂਦਰਾ ਕੀਤਾ। ਇਕੱਤਰਤਾ ਉਪਰੰਤ ਪ੍ਰਬੰਧਕਾਂ ਵੱਲੋਂ ਪ੍ਰੈੱਸ ਕਾਨਫਰੰਸ ਦੌਰਾਨ ਪ੍ਰਬੰਧਕੀ ਟੀਮ ਦੇ ਬੁਲਾਰਿਆਂ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਬਣਨ ਤੋਂ ਲੈਕੇ ਮੌਜੂਦਾ ਸਮੇਂ ਤੱਕ ਇੱਕ ਸਦੀ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਸ ਸਾਰੇ ਅਰਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਖ-ਵੱਖ ਰੂਪਾਂ ਅਤੇ ਭੂਮਿਕਾਵਾਂ ਵਿਚ ਵਿਚਰਿਆ ਹੈ। ਹੁਣ ਫਿਰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਦੀ ਗੱਲ ਚੱਲੀ ਹੈ, ਪਰ ਪੁਨਰ ਸੁਰਜੀਤੀ ਤੋਂ ਪਹਿਲਾਂ ਅਕਾਲੀ ਦਲ ਦੇ ਇਸ ਸਥਿਤੀ ਵਿੱਚ ਪਹੁੰਚਣ ਸਬੰਧੀ ਮੰਥਨ ਹੋਣਾ ਚਾਹੀਦਾ ਸੀ, ਜੋ ਨਹੀਂ ਹੋ ਸਕਿਆ। ਜਿਸ ਕਰਕੇ ਪੁਨਰ ਸੁਰਜੀਤੀ ਕਰਨ ਦੇ ਵਿਧੀ ਵਿਧਾਨ ਅਤੇ ਨੀਤੀ ਵਿੱਚ ਖੱਪਾ ਰਹਿ ਗਿਆ ਹੈ। ਇਸ ਸਾਰੇ ਕਰਕੇ ਪੰਥ ਵਿਚ ਇਕਸੁਰਤਾ ਹੋਣ ਦੀ ਬਜਾਏ ਖਿੰਡਾਓ ਅਤੇ ਭੰਬਲਭੂਸਾ ਹੋਰ ਵੀ ਵਧ ਗਿਆ ਹੈ। ਇਸ ਸਾਰੇ ਮਾਹੌਲ ਵਿਚ ਇਹ ਜਰੂਰੀ ਹੈ ਕਿ ਅਕਾਲੀ ਦਲ ਦੀ ਪੁਨਰ ਸੁਰਜੀਤੀ ਸਿਰਫ਼ ਚਿਹਰੇ ਬਦਲਕੇ ਨਾ ਕੀਤੀ ਜਾਵੇ। ਸਗੋਂ ਨਿੱਠਕੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਹੁਣ ਦੇ ਸਮੇਂ ਅਕਾਲੀ ਦਲ ਕਿਸ ਰੂਪ ਵਿਚ ਪੁਨਰ ਸੁਰਜੀਤ ਕੀਤਾ ਜਾਵੇ ਅਤੇ ਉਸ ਦੀ ਨੀਤੀ ਕੀ ਹੋਵੇ? ਇਸੇ ਨੁਕਤੇ ਤੋਂ ਇਹ ਵਿਚਾਰ ਗੋਸ਼ਟੀ ਕਰਵਾਈ ਜਾਵੇਗੀ। ਜਿਸ ਵਿਚ ਸਾਰੀਆਂ ਸਰਗਰਮ ਸਿਆਸੀ ਅਤੇ ਗੈਰ ਸਿਆਸੀ ਧਿਰਾਂ ਦੇ ਵਿਚਾਰ ਲਏ ਜਾਣਗੇ ਅਤੇ ਕੋਈ ਸਾਂਝੀ ਰਾਇ ਬਣਾਉਣ ਦਾ ਯਤਨ ਕੀਤਾ ਜਾਵੇਗਾ। ਇਸ ਵਿਚਾਰ ਚਰਚਾ ਤੋਂ ਬਾਅਦ ਇਸੇ ਲੜੀ ਤਹਿਤ ਪੰਥ, ਪੰਜਾਬ ਦੇ ਹੋਰ ਅਹਿਮ ਮੁੱਦਿਆਂ 'ਤੇ ਵੀ ਸਮਾਗਮ ਉਲੀਕੇ ਜਾਣਗੇ। ਇਸ ਦੌਰਾਨ ਸਕੱਤਰ ਜਸਵੰਤ ਸਿੰਘ ਖਹਿਰਾ, ਜਥੇਦਾਰ ਤੇਜਾ ਸਿੰਘ ਕਮਾਲਪੁਰ, ਜਥੇਦਾਰ ਮਲਕੀਤ ਸਿੰਘ ਚੰਗਾਲ, ਜਗਵਿੰਦਰਜੀਤ ਸਿੰਘ ਸੰਧੂ, ਜਥੇਦਾਰ ਬਹਾਦਰ ਸਿੰਘ ਭਸੌੜ, ਸੱਚਦੇਵ ਸਿੰਘ ਗਿੱਲ, ਪੂਰਨ ਸਿੰਘ ਖਾਈ, ਗੁਰਵੀਰ ਸਿੰਘ ਸੋਹੀ, ਅਵਤਾਰ ਸਿੰਘ ਗਿੱਲ, ਜਥੇਦਾਰ ਮਲਕੀਤ ਸਿੰਘ ਭਵਾਨੀਗੜ੍ਹ, ਡਾ. ਗੁਰਮੀਤ ਸਿੰਘ, ਬਲਦੇਵ ਸਿੰਘ ਭੰਮਾਬੱਦੀ, ਹਰਪਾਲ ਸਿੰਘ ਖਹਿਰਾ, ਕੁਲਵੰਤ ਸਿੰਘ ਸਾਰੋਂ, ਨਿਰਮਲ ਸਿੰਘ ਸਾਰੋਂ, ਬਲਵੰਤ ਸਿੰਘ ਸਿੱਧੂ, ਭਾਈ ਗੁਰਜੀਤ ਸਿੰਘ ਦੁੱਗਾਂ, ਜਤਿੰਦਰ ਸਿੰਘ ਸੰਗਰੂਰ, ਭੁਪਿੰਦਰ ਸਿੰਘ ਗਰੇਵਾਲ, ਸਤਨਾਮ ਸਿੰਘ ਦਮਦਮੀ, ਹਰਪ੍ਰੀਤ ਸਿੰਘ ਲੌਂਗੋਵਾਲ, ਸ. ਜਸਵਿੰਦਰ ਸਿੰਘ ਪ੍ਰਿੰਸ, ਜਥੇਦਾਰ ਹਰਜੀਤ ਸਿੰਘ ਸੰਜੂਮਾ, ਸ. ਦਰਸ਼ਨ ਸਿੰਘ ਲੌਂਗੋਵਾਲ, ਪ੍ਰੋ. ਜਸਪਾਲ ਸਿੰਘ, ਲਾਭ ਸਿੰਘ ਸੰਗਰੂਰ, ਇੰਦਰਪ੍ਰੀਤ ਸਿੰਘ ਸੰਗਰੂਰ, ਮਨਪ੍ਰੀਤ ਸਿੰਘ ਗਿੱਲ, ਡਾ. ਗੁਰਵੀਰ ਸਿੰਘ ਸੋਹੀ, ਸੱਤਪਾਲ ਸਿੰਘ ਸੰਗਰੂਰ, ਡਾਕਟਰ ਗੁਰਦੀਪ ਸਿੰਘ, ਬਲਵਿੰਦਰ ਸਿੰਘ ਸਾਰੋਂ ਸਮੇਤ ਵੱਡੀ ਗਿਣਤੀ ਵਿੱਚ ਮੋਹਤਵਰ ਸ਼ਖ਼ਸੀਅਤਾਂ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ।




## ਸੰਜੀਵ ਅਰੋੜਾ ਨੇ ਆਪਣੇ ਹੱਥਾਂ 'ਚ ਲਈ ਲੈਂਡ ਪੂਲਿੰਗ ਪਾਲਸੀ ਸਿਰੇ ਚੜ੍ਹਾਉਣ ਦੀ ਕਮਾਨ !

ਲੁਧਿਆਣਾ 1 ਅਗਸਤ। ਨਵੇਂ ਅਰਬਨ ਅਸਟੇਟ ਬਣਾਉਣ ਦੀ ਯੋਜਨਾ ਦੇ ਤਹਿਤ ਲੈਂਡ ਪੂਲਿੰਗ ਪਾਲਿਸੀ ਦੇ ਤਹਿਤ ਲੈਂਡ ਪੂਲਿੰਗ ਪਾਲਸੀ ਨੂੰ ਸਿਰੇ ਚੜ੍ਹਾਉਣ ਦੀ ਕਮਾਨ ਮੰਤਰੀ ਸੰਜੀਵ ਅਰੋੜਾ ਨੇ ਆਪਣੇ ਹੱਥਾਂ ਵਿਚ ਲੈ ਲਈ ਹੈ, ਜਿਸ ਤਹਿਤ ਉਨਾਂ ਨੇ ਸੋਮਵਾਰ ਨੂੰ ਪਹਿਲਾ ਗਲਾਡਾ ਦੇ ਆਫਿਸ ਵਿਚ ਪੁੱਜ ਕੇ ਮੁੱਖ ਪ੍ਰਸ਼ਾਸਕ ਦਾ ਚਾਰਜ ਦੇਖ ਰਹੇ ਡੀ.ਸੀ .ਹਿਮਾਸ਼ੂੰ ਜੈਨ ਦੇ ਨਾਲ ਲੰਬੀ ਮੀਟਿੰਗ ਕੀਤੀ, ਜਿਸ ਦੇ ਬਾਅਦ ਕਈ ਜ਼ਮੀਨ ਮਾਲਕਾਂ ਤੋਂ ਸੈਕੜੇ ਏਕੜ ਦੇਣ ਦੀ ਸਹਿਮਤੀ ਦਿਵਾਉਣ ਦੀ ਰਿਪੋਰਟ ਜਾਰੀ ਕੀਤੀ ਗਈ। ਇਸ ਤੋਂ ਪਹਿਲਾ ਮੰਤਰੀ ਹਰਦੀਪ ਮੁੰਡੀਆਂ ਅਤੇ ਡੀ.ਸੀ. ਦੀ ਮੌਜੂਦਗੀ ਵਿਚ ਕਈ ਉਦਯੋਗਪਤੀਆਂ ਵੱਲੋਂ ਆਪਣੀ ਜ਼ਮੀਨ ਲੈਂਡ ਪੂਲਿੰਗ ਪਾਲਸੀ ਦੇ ਤਹਿਤ ਦੇਣ ਦੀ ਸਹਿਮਤੀ ਦੇਣ ਦਾ ਦਾਅਵਾ ਕੀਤਾ ਗਿਆ ਸੀ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਨਵੇਂ ਅਰਬਨ ਅਸਟੇਟ ਬਣਾਉਣ ਦੀ ਯੋਜਨਾਤ ਹਿਤ ਜੋ ਲੈਂਡ ਪੂਲਿੰਗ ਪਾਲਸੀ ਲਾਗੂ ਕੀਤੀ ਗਈ ਹੈ, ਉਸ ਵਿਚ ਜ਼ਮੀਨ ਮਾਲਕਾਂ ਨੂੰ ਵਿਕਾਸ ਦਾ ਭਾਗੀਦਾਰ ਬਣਾਉਣ ਦਾ ਪੈਟਰਨ ਵਰਤਿਆ ਜਾ ਰਿਹਾ ਹੈ, ਜਿਸ ਦੇ ਮੱਦੇਨਜ਼ਰ ਕਈ ਜ਼ਮੀਨ ਮਾਲਕ ਆਪਣੀ ਸਹਿਮਤੀ ਦੇਣ ਲਈ ਅੱਗੇ ਆਏ ਹਨ ਜੋ ਹੋਰ ਜ਼ਮੀਨ ਮਾਲਕਾਂ ਨੂੰ ਜਾਗਰੂਕ ਕਰਨ ਦੇ ਲਈ ਫੀਲਡ ਵਿਚ ਉਤਰਨ ਦੇ ਨਿਰਦੇਸ਼ ਗਲਾਡਾ ਦੇ ਸਟਾਫ ਨੂੰ ਦਿੱਤੇ ਗਏ ਹਨ।

## ਬੈਂਕਾਂ 'ਚ ਪਈ 67,000 ਕਰੋੜ ਰੁਪਏ ਦੀ ਰਕਮ ਕਿਤੇ ਤੁਹਾਡੀ ਤਾਂ ਨਹੀਂ

ਬਿਜ਼ਨਸ ਡੈਸਕ 1 ਅਗਸਤ। ਦੇਸ਼ ਭਰ ਦੇ ਸਰਕਾਰੀ ਅਤੇ ਨਿੱਜੀ ਬੈਂਕਾਂ ਵਿੱਚ ਲਗਭਗ 67,004 ਕਰੋੜ ਰੁਪਏ ਦੀ ਅਣਕਲੇਮਡ ਰਾਸ਼ੀ ਜਮ?ਹਾਂ ਹੈ, ਜਿਨ੍ਹਾਂ ਦਾ ਕੋਈ ਵੀ ਗਾਹਕ, ਨਾਮਜ਼ਦ ਜਾਂ ਕਾਨੂੰਨੀ ਵਾਰਸ ਹੁਣ ਤੱਕ ਦਾਅਵਾ ਨਹੀਂ ਕਰ ਸਕਿਆ ਹੈ। ਇਸ ਪੈਸੇ ਦਾ ਸਭ ਤੋਂ ਵੱਡਾ ਹਿੱਸਾ ਸਟੇਟ ਬੈਂਕ ਆਫ਼ ਇੰਡੀਆ ਦਾ ਹੈ, ਜਿਸ ਵਿੱਚ 19,329.92 ਕਰੋੜ ਰੁਪਏ ਦਾ ਦਾਅਵਾ ਨਹੀਂ ਕੀਤਾ ਗਿਆ ਹੈ। ਇਸ ਤੋਂ ਬਾਅਦ, ਪੰਜਾਬ ਨੈਸ਼ਨਲ ਬੈਂਕ ਵਿੱਚ 6,910.67 ਕਰੋੜ ਰੁਪਏ ਦਾ ਦਾਅਵਾ ਨਹੀਂ ਕੀਤਾ ਗਿਆ ਹੈ ਅਤੇ ਕੇਨਰਾ ਬੈਂਕ ਵਿੱਚ 6,278.14 ਕਰੋੜ ਰੁਪਏ ਦਾ ਦਾਅਵਾ ਨਹੀਂ ਕੀਤਾ ਗਿਆ ਹੈ। ਨਿੱਜੀ ਬੈਂਕਾਂ ਦੀ ਗੱਲ ਕਰੀਏ ਤਾਂ, 93939 ਬੈਂਕ ਵਿੱਚ 2,063.45 ਕਰੋੜ ਰੁਪਏ ਅਤੇ 8463 ਬੈਂਕ ਵਿੱਚ 1,609.56 ਕਰੋੜ ਰੁਪਏ ਨੂੰ ਸਾਲਾਂ ਤੋਂ ਨਹੀਂ ਛੂਹਿਆ ਗਿਆ ਹੈ। ਕੁੱਲ ਮਿਲਾ ਕੇ, ਨਿੱਜੀ ਬੈਂਕਾਂ ਵਿੱਚ 8,673.72 ਕਰੋੜ ਰੁਪਏ ਦੀ ਅਣਕਲੇਮਡ ਰਕਮ ਪਈ ਹੋਈ ਹੈ। ਜੇਕਰ ਕਿਸੇ ਬਚਤ ਖਾਤੇ, ਚਾਲੂ ਖਾਤੇ ਜਾਂ ਫਿਕਸਡ ਡਿਪਾਜ਼ਿਟ ਵਿੱਚ 10 ਸਾਲਾਂ ਤੱਕ ਕੋਈ ਲੈਣ-ਦੇਣ ਨਹੀਂ ਹੁੰਦਾ ਹੈ, ਤਾਂ ਉਹ ਪੈਸਾ ਡਿਪਾਜ਼ਿਟਰ ਐਜੂਕੇਸ਼ਨ ਐਂਡ ਅਵੇਅਰਨੈੱਸ (451) ਫੰਡ ਵਿੱਚ ਟ?ਰਾਂਸਫਰ ਕੀਤਾ ਜਾਂਦਾ ਹੈ, ਜਿਸਦਾ ਪ੍ਰਬੰਧਨ ਦੁਆਰਾ ਕੀਤਾ ਜਾਂਦਾ ਹੈ ਪਰ ਇਹ ਨਿਯਮ (ਗੈਰ-ਬੈਂਕਿੰਗ ਵਿੱਤੀ ਕੰਪਨੀਆਂ) 'ਤੇ ਲਾਗੂ ਨਹੀਂ ਹੁੰਦਾ। ਜੇਕਰ ਤੁਸੀਂ ਵੀ ਸੋਚ ਰਹੇ ਹੋ ਕਿ ਕੀ ਤੁਹਾਡਾ ਜਾਂ ਤੁਹਾਡੇ ਪਰਿਵਾਰ ਦਾ ਕੋਈ ਪੈਸਾ ਨਹੀਂ ਮਿਲ ਰਿਹਾ ਹੈ, ਤਾਂ RBI ਦਾ UDGAM ਪੋਰਟਲ ਤੁਹਾਡੀ ਮਦਦ ਕਰ ਸਕਦਾ ਹੈ। ਇਸ ਵੈੱਬਸਾਈਟ 'ਤੇ ਜਾ ਕੇ, ਤੁਸੀਂ ਨਾਮ, ਜਨਮ ਮਿਤੀ ਅਤੇ ਹੋਰ ਜਾਣਕਾਰੀ ਦਰਜ ਕਰਕੇ ਜਾਂਚ ਕਰ ਸਕਦੇ ਹੋ ਕਿ ਕੀ ਤੁਹਾਡੇ ਨਾਮ 'ਤੇ ਕੋਈ ਦਾਅਵਾ ਨਾ ਕੀਤਾ ਗਿਆ ਜਮ?ਹਾਂ ਹੈ। 1 ਜੁਲਾਈ, 2025 ਤੱਕ, 8.6 ਲੱਖ ਤੋਂ ਵੱਧ ਲੋਕਾਂ ਨੇ ਇਸ ਪੋਰਟਲ ਦੀ ਵਰਤੋਂ ਕੀਤੀ ਹੈ। ਆਰਬੀਆਈ ਇਸ ਪੈਸੇ ਦੀ ਵਰਤੋਂ ਇੱਕ ਫੰਡ ਵਜੋਂ ਕਰਦਾ ਹੈ, ਜਿਸ ਰਾਹੀਂ ਜਮ?ਹਾਂਕਰਤਾਵਾਂ ਦੇ ਹਿੱਤਾਂ ਦੀ ਰੱਖਿਆ ਅਤੇ ਵਿੱਤੀ ਜਾਗਰੂਕਤਾ ਵਧਾਉਣ ਵਰਗੇ ਕੰਮ ਕੀਤੇ ਜਾਂਦੇ ਹਨ। ਇਸਦੇ ਲਈ, ਇੱਕ ਕਮੇਟੀ ਫੈਸਲਾ ਕਰਦੀ ਹੈ ਕਿ ਪੈਸਾ ਕਿੱਥੇ ਖਰਚ ਕੀਤਾ ਜਾਵੇਗਾ।

# ਛਾਂਗੁਰ ਬਾਬਾ ਦੀ ਬੇਸ਼ੁਮਾਰ ਦੌਲਤ ਦੀ ਜਾਂਚ ਤੇਜ਼

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 1 ਅਗਸਤ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਟੀਮ ਹੁਣ ਜਮਾਲੂਦੀਨ ਉਰਫ਼ ਛਾਂਗੁਰ ਬਾਬਾ ਤੋਂ ਉਸ ਬੇਸ਼ੁਮਾਰ ਦੌਲਤ ਦਾ ਹਿਸਾਬ ਲਵੇਗੀ, ਜਿਸ ਨੇ ਗੈਰ-ਮੁਸਲਮਾਨਾਂ ਦੀ ਧਰਮ ਤਬਦੀਲੀ ਲਈ ਇਕ ਵੱਡਾ ਗਿਰੋਹ ਚਲਾਇਆ ਤੇ 100 ਕਰੋੜ ਤੋਂ ਵੱਧ ਦੀ ਜਾਇਦਾਦ ਬਣਾਈ। ਅਦਾਲਤ ਨੇ ਸੋਮਵਾਰ ਉਸ ਨੂੰ ਹਿਰਾਸਤੀ ਰਿਮਾਂਡ 'ਤੇ ਈ. ਡੀ. ਦੇ ਹਵਾਲੇ ਕਰ ਦਿੱਤਾ। ਈ. ਡੀ. ਅਤੇ ਏ. ਟੀ. ਐੱਸ. ਦੀਆਂ ਟੀਮਾਂ ਨੇ ਛਾਂਗੁਰ ਨਾਲ ਸਬੰਧਤ ਇਕ ਦਰਜਨ ਤੋਂ ਵੱਧ ਥਾਵਾਂ 'ਤੇ ਛਾਪੇਮਾਰੀ ਕੀਤੀ। ਨਾਲ ਹੀ ਕਈ ਅਹਿਮ ਦਸਤਾਵੇਜ਼ ਤੇ ਡਿਜੀਟਲ ਸਬੂਤ ਬਰਾਮਦ ਕੀਤੇ। ਇਸ ਤੋਂ ਇਹ ਸਪੱਸ਼ਟ ਹੋ ਗਿਆ ਕਿ ਛਾਂਗੁਰ ਨੂੰ ਧਰਮ ਤਬਦੀਲੀ ਲਈ ਮੁਸਲਿਮ ਦੇਸ਼ਾਂ ਤੋਂ ਭਾਰੀ ਗਿਣਤੀ 'ਚ ਫੰਡਿੰਗ ਮਿਲਦੀ ਰਹੀ। ਬਲਰਾਮਪੁਰ ਦੇ ਉਤਰੌਲਾ ਸਮੇਤ ਕਈ ਖੇਤਰਾਂ 'ਚ ਲਗਭਗ 75 ਕਰੋੜ ਰੁਪਏ ਦੀਆਂ ਜਾਇਦਾਦਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ 'ਚ ਜ਼ਮੀਨ, ਪਲਾਟ, ਸ਼ੋਅਰੂਮ ਆਦਿ ਸ਼ਾਮਲ ਹਨ। ਸੂਤਰਾਂ ਅਨੁਸਾਰ ਇਨ੍ਹਾਂ ਜਾਇਦਾਦਾਂ ਨੂੰ ਜ਼ਬਤ ਕਰਨ ਅਤੇ ਢਾਹੁਣ ਦੀ ਕਾਰਵਾਈ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਤੋਂ ਪਹਿਲਾਂ ਛਾਂਗੁਰ ਦੇ ਭਤੀਜੇ ਸਬਰੋਜ਼ ਦੇ ਘਰ 'ਤੇ ਬੁਲਡੋਜ਼ਰ ਚਲਾਇਆ ਜਾ ਚੁੱਕਾ ਹੈ। ਦੱਸਿਆ ਜਾਂਦਾ ਹੈ ਕਿ ਸਬਰੋਜ਼ ਨਵੇਂ ਲੋਕਾਂ ਨੂੰ ਧਰਮ ਬਦਲਣ ਲਈ ਛਾਂਗੁਰ ਨਾਲ ਮਿਲਾਉਂਦਾ ਸੀ ਅਤੇ ਕਵਾਲੀ ਟੀਮ ਰਾਹੀਂ ਨੌਜਵਾਨਾਂ ਨੂੰ ਗੁੰਮਰਾਹ ਕਰਦਾ ਸੀ। ਐੱਸ. ਟੀ. ਐਫ. ਅਤੇ ਈ. ਡੀ. ਦਾ ਮੰਨਣਾ ਹੈ ਕਿ ਇਹ ਗਿਰੋਹ ਸਾਲਾਂ ਤੋਂ ਯੋਜਨਾਬੱਧ ਢੰਗ ਨਾਲ ਬਹੁ-ਪੱਧਰੀ ਨੈੱਟਵਰਕ ਅਧੀਨ ਕੰਮ ਕਰ ਰਿਹਾ ਸੀ। ਹੁਣ ਜਦੋਂ ਕੇਂਦਰੀ ਏਜੰਸੀਆਂ ਸਰਗਰਮ ਹੋ ਗਈਆਂ ਹਨ ਤਾਂ ਪੂਰਾ ਸਿੰਡੀਕੇਟ ਹੌਲੀ-ਹੌਲੀ 'ਬੇਨਕਾਬ' ਅਤੇ ਨਸ਼ਟ ਹੋ ਰਿਹਾ ਹੈ। ਈ. ਡੀ. ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਛਾਂਗੁਰ ਦਾ ਨੈੱਟਵਰਕ 3 ਹਜ਼ਾਰ ਤੋਂ ਵੱਧ ਸਹਿਯੋਗੀਆਂ 'ਤੇ ਅਧਾਰਤ ਸੀ। ਇਨ੍ਹਾਂ 'ਚੋਂ ਵਧੇਰੇ ਲੋਕਾਂ ਨੂੰ ਫਸਾਉਣ, ਉਨ੍ਹਾਂ ਦਾ ਧਰਮ ਤਬਦੀਲ ਕਰਵਾਉਣ ਤੇ ਪੈਸਿਆਂ ਦੇ ਲੈਣ-ਦੇਣ 'ਚ ਸਰਗਰਮ ਭੂਮਿਕਾ ਨਿਭਾਉਂਦੇ ਸਨ। ਇਨ੍ਹਾਂ ਸਾਰੇ ਵਿਅਕਤੀਆਂ ਦੀ 'ਕੁੰਡਲੀ' ਦੀ ਜਾਂਚ ਕੀਤੀ ਜਾ ਰਹੀ ਹੈ। ਔਰਤਾਂ ਦੀ ਸ਼ਮੂਲੀਅਤ ਵੀ ਜਾਂਚ ਏਜੰਸੀਆਂ ਦੇ ਰਾਡਾਰ 'ਤੇ ਹੈ। ਏ. ਟੀ. ਐੱਸ. ਅਨੁਸਾਰ ਬਹੁਤ ਸਾਰੀਆਂ ਔਰਤਾਂ ਅਤੇ ਨੌਜਵਾਨ ਕੁੜੀਆਂ ਇਸ ਗਿਰੋਹ ਦਾ ਹਿੱਸਾ ਸਨ। ਉਨ੍ਹਾਂ 'ਚੋਂ ਕੁਝ ਦੇ ਖਾਤਿਆਂ 'ਚ ਵਿਦੇਸ਼ੀ ਫੰਡ ਵੀ ਭੇਜੇ ਗਏ ਸਨ। ਛਾਂਗੁਰ ਬਾਬਾ ਨਾਲ ਗ੍ਰਿਫ਼ਤਾਰ ਕੀਤੇ ਗਏ ਨੀਤੂ ਉਰਫ਼ ਨਸਰੀਨ ਤੇ ਨਵੀਨ ਸਮੇਤ ਕਈ ਨਾਮਜ਼ਦ ਲੋਕਾਂ ਤੋਂ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਹੈ।



## ਹਰਿਆਣਾ ਰਾਇਟ ਟੂ ਸਰਵਿਸ ਕਮਿਸ਼ਨ ਨੇ ਬਿਜਲੀ ਵਿਭਾਗ ਦੇ ਕਰਮਚਾਰੀ 'ਤੇ ਲਗਾਇਆ ਇੱਕ ਹਜਾਰ ਰੁਪਏ ਦਾ ਜੁਰਮਾਨਾ

ਚੰਡੀਗੜ੍ਹ, 1 ਅਗਸਤ। ਹਰਿਆਣਾ ਰਾਇਟ ਟੂ ਸਰਵਿਸ ਕਮਿਸ਼ਨ ਨੇ ਬਿਜਲੀ ਵਿਭਾਗ ਦੀ ਇੱਕ ਸੇਵਾ ਵਿੱਚ ਦੇਰੀ ਦੇ ਮਾਮਲੇ ਵਿੱਚ ਸੁਣਵਾਈ ਕਰਦੇ ਹੋਏ ਸਬੰਧਿਤ ਕਰਮਚਾਰੀ 'ਤੇ ਇੱਕ ਹਜਾਰ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਹ ਰਕਮ ਉਸ ਦੇ ਤਨਖਾਹ ਤੋਂ ਕੱਟ ਕੇ ਸ਼ਿਕਾਇਤਕਰਤਾ ਨੂੰ ਮੁਆਵਜੇ ਵਜੋ ਦਿੱਤੀ ਜਾਵੇਗੀ। ਰਾਦੌਰ ਨਿਵਾਸੀ ਸ਼ਿਕਾਇਤਕਰਤਾ ਨੈ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਵਿੱਚ ਦਸਿਆ ਸੀ ਕਿ ਉਸ ਨੇ ਅਗਸਤ 2024 ਵਿੱਚ ਆਪਣੇ ਐਨਡੀਐਸ ਬਿਜਲੀ ਕਨੈਕਸ਼ਨ ਕਟਵਾਇਆ ਸੀ ਅਤੇ ਉਸੀ ਸਮੇਂ ਇਹ ਅਪੀਲ ਕੀਤੀ ਸੀ ਕਿ ਉਸ ਦੀ ਸੁਰੱਖਿਆ ਰਕਮ ਉਸ ਦੇ ਘਰ ਦੇ ਚੱਲ ਰਹੇ ਦੂਜੇ ਖਾਤੇ ਵਿੱਚ ਐਡਜੇਸਟ ਕੀਤੀ ਜਾਵੇ। ਪਰ ਵਾਰ-ਵਾਰ ਬਿਨੈ ਕਰਨ ਅਤੇ ਦਫਤਰ ਦੇ ਚੱਕਰ ਲਗਾਉਣ ਦੇ ਬਾਗਜੂਦ ਕੋਹੀ ਕਾਰਵਾਈ ਨਹੀਂ ਹੋਈ। ਅੰਤ ਵਿੱਚ ਉਸ ਨੈ ਮਾਰਚ 2025 ਵਿੱਚ ਆਨਲਾਇਨ ਬਿਨੈ ਕੀਤਾ, ਜਿਸ ਦੇ ਬਾਅਦ ਜੁਲਾਈ ਵਿੱਚ ਪਹਿਲੀ ਵਾਰ ਸੂਚਨਾ ਮਿਲੀ ਕਿ ਰਕਮ ਜੂਨ ਦੇ ਬਿੱਲ ਵਿੱਚ ਐਡਜੇਸਟ ਕਰ ਦਿੱਤੀ ਗਈ ਹੈ। ਸ਼ਿਕਾਇਤਕਰਤਾ ਨੇ ਲਗਭਗ 9 ਮਹੀਨੇ ਦੀ ਦੇਰੀ 'ਤੇ ਮੁਆਵਜਾ ਦੇਣ ਅਤੇ ਸਬੰਧਿਤ ਅਧਿਕਾਰੀ ਦੇ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਸੀ। ਕਮਿਸ਼ਨ ਦੇ ਬੁਲਾਰੇ ਨੇ ਦਸਿਆ ਕਿ ਸੁਣਵਾਈ ਦੌਰਾਨ ਇਹ ਸਪਸ਼ਟ ਹੋਇਆ ਕਿ ਖਪਤਕਾਰ ਦੇ ਬਿਨੈ ਵਿੱਚ ਦੋਨੋਂ ਖਾਤਾ ਗਿਣਤੀ ਸਪਸ਼ਟ ਰੂਪ ਨਾਲ ਦਰਜ ਸੀ, ਫਿਰ ਵੀ ਖਪਤਕਾਰ ਕਲਰਕ ਵੱਲੋਂ ਗਲਤੀ ਨਾਲ ਰਿਹਾਇਸ਼ੀ ਕਨੈਕਸ਼ਨ ਦਾ ਪੀਡੀਸੀਓ ਜਾਰੀ ਕਰ ਦਿੱਤਾ ਗਿਆ। ਬਾਅਦ ਵਿੱਚ ਜਾਰੀ ਨਹੀਂ ਕੀਤਾ ਗਿਆ ਅਤੇ ਨਾ ਹੀ ਰਕਮ ਐਡਜੇਸਟ ਕੀਤੀ ਗਈ। ਅੰਤ ਵਿੱਚ ਆਨਲਾਇਨ ਬਿਨੈ ਦੇ ਬਾਅਦ ਅਪ੍ਰੈਲ ਵਿੱਚ ਰਕਮ ਐਡਜੇਸਟ ਕੀਤੀ ਗਈ। ਸਾਰੀ ਸਥਿਤੀਆਂ 'ਤੇ ਵਿਚਾਰ ਕਰਦੇ ਹੋਏ ਕਮਿਸ਼ਨ ਨੇ ਖਪਤਕਾਰ ਕਲਰਕ ਨੂੰ ਸੇਵਾ ਵਿੱਚ ਦੇਰੀ ਲਈ ਜਿਮੇਵਾਰ ਮੰਨਦੇ ਹੋਏ ਹਰਿਆਣਾ ਰਾਇਟ ਟੂ ਸਰਵਿਸ ਐਕਟ, 2014 ਦੀ ਧਾਰ 17 (1)(ਐਚ) ਤਹਿਤ ਇੱਕ ਹਜਾਰ ਰੁਪਏ ਰੁਪਏ ਦਾ ਮੁਆਵਜਾ ਵੱਧ ਕੀਤਾ ਹੈ, ਜੋ ਅਗਸਤ ਦੇ ਤਨਖਾਹ ਤੋਂ ਕੱਟ ਕੇ ਸਤੰਬਰ ਵਿੱਚ ਸ਼ਿਕਾਇਤਕਰਤਾ ਨੂੰ ਅਦਾ ਕੀਤਾ ਜਾਵੇਗਾ।

## ਅਵਾਰਾ ਕੁੱਤਿਆਂ ਨੇ ਲੋਕਾਂ ਦਾ ਘਰੋਂ ਨਿਕਲਣਾ ਕੀਤਾ ਔਖ਼ਾ ! ਸੁਪਰੀਮ ਕੋਰਟ ਨੇ ਮਾਮਲੇ ਦਾ ਖ਼ੁਦ ਲਿਆ ਨੋਟਿਸ

ਨਵੀਂ ਦਿੱਲੀ 1 ਅਗਸਤ। ਸੁਪਰੀਮ ਕੋਰਟ ਆਵਾਰਾ ਕੁੱਤਿਆਂ ਵੱਲੋਂ ਕੀਤੇ ਜਾ ਰਹੇ ਹਮਲਿਆਂ ਅਤੇ ਰੇਬੀਜ਼ ਦੇ ਵਧ ਰਹੇ ਮਾਮਲਿਆਂ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਅਦਾਲਤ ਨੇ ਮੀਡੀਆ ਵਿਚ ਆਈ ਇਕ ਹੈਰਾਨ ਕਰ ਦੇਣ ਵਾਲੀ ਰਿਪੋਰਟ 'ਤੇ ਖ਼ੁਦ ਨੋਟਿਸ ਲਿਆ ਅਤੇ ਕਿਹਾ ਕਿ ਖ਼ਬਰ 'ਚ ਕੁਝ ਚਿੰਤਾਜਨਕ ਅਤੇ ਪਰੇਸ਼ਾਨ ਕਰਨ ਵਾਲੇ ਅੰਕੜੇ ਹਨ। ਇਹ ਮਾਮਲਾ ਇਕ ਅੰਗਰੇਜ਼ੀ ਅਖ਼ਬਰ ਦੇ ਦਿੱਲੀ ਐਡੀਸ਼ਨ 'ਚ ਛਪੀ ਇਕ ਖ਼ਬਰ ਨਾਲ ਜੁੜਿਆ ਹੋਇਆ ਹੈ, ਜਿਸ 'ਚ ਰਾਸ਼ਟਰੀ ਰਾਜਧਾਨੀ ਵਿਚ ਇਕ ਪਾਗਲ ਆਵਾਰਾ ਕੁੱਤੇ ਦੇ ਹਮਲੇ 'ਚ 6 ਸਾਲਾ ਬੱਚੀ ਦੀ ਮੌਤ ਹੋਣ ਦੀ ਜਾਣਕਾਰੀ ਦਿੱਤੀ ਗਈ ਸੀ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਆਰ. ਮਹਾਦੇਵਨ ਦੀ ਬੈਂਚ ਨੇ ਕਿਹਾ ਕਿ ਇਹ ਖ਼ਬਰ ਬਹੁਤ ਹੀ ਪਰੇਸ਼ਾਨੀ ਵਾਲੀ ਅਤੇ ਚਿੰਤਾਜਨਕ ਹੈ ਅਤੇ ਖ਼ਬਰ ਵਿਚ ਦਿੱਤੇ ਅੰਕੜੇ ਅਤੇ ਤੱਥ ਡਰਾਉਣੇ ਹਨ। ਖ਼ਬਰ 'ਚ ਦੱਸਿਆ ਗਿਆ ਸੀ ਕਿ ਹਰ ਰੋਜ਼ ਦਿੱਲੀ ਅਤੇ ਇਸ ਦੇ ਨੇੜੇ-ਤੇੜੇ ਦੇ ਇਲਾਕਿਆਂ 'ਚ ਕੁੱਤਿਆਂ ਦੇ ਕੱਟਣ ਦੇ ਸੈਂਕੜੇ ਮਾਮਲੇ ਸਾਹਮਣੇ ਆ ਰਹੇ ਹਨ, ਜਿਸ ਨਾਲ ਰੇਬਿਜ਼ ਹੋ ਰਿਹਾ ਹੈ ਅਤੇ ਬੱਚੇ ਤੇ ਬਜ਼ੁਰਗ ਇਸ ਭਿਆਨਕ ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ। ਬੈਂਚ ਨੇ ਕਿਹਾ,"ਅਸੀਂ ਇਸ ਸਮਾਚਾਰ 'ਤੇ ਖ਼ੁਦ ਨੋਟਿਸ ਲੈਂਦੇ ਹਾਂ।" ਅਦਾਲਤ ਨੇ ਰਜਿਸਟਰੀ ਨੂੰ ਨਿਰਦੇਸ਼ ਦਿੱਤਾ ਕਿ ਇਸ ਖ਼ਬਰ ਨੂੰ ਜਨਹਿੱਤ 'ਚ ਖੁਦਮੁਖਤਿਆਰੀ ਪਟੀਸ਼ਨ ਵਜੋਂ ਦਰਜ ਕੀਤਾ ਜਾਵੇ ਅਤੇ ਇਹ ਮਾਮਲਾ ਚੀਫ਼ ਜਸਟਿਸ ਦੇ ਸਾਹਮਣੇ ਪੇਸ਼ ਕੀਤਾ ਜਾਵੇ ਤਾਂ ਜੋ ਉਚਿਤ ਹੁਕਮ ਜਾਰੀ ਕੀਤੇ ਜਾ ਸਕਣ। 15 ਜੁਲਾਈ 2025 ਨੂੰ ਇਕ ਹੋਰ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਨੋਇਡਾ ਦੀ ਇਕ ਪਟੀਸ਼ਨ 'ਤੇ ਵੀ ਸਖ਼ਤ ਟਿੱਪਣੀ ਕੀਤੀ ਸੀ। ਇਸ ਪਟੀਸ਼ਨ 'ਚ ਦੱਸਿਆ ਗਿਆ ਸੀ ਕਿ ਆਵਾਰਾ ਕੁੱਤਿਆਂ ਨੂੰ ਖਾਣਾ ਦੇਣ ਵਾਲੇ ਲੋਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਜਦੋਂ ਅਦਾਲਤ ਨੇ ਪੁੱਛਿਆ, ਤੁਸੀਂ ਇਨ੍ਹਾਂ ਨੂੰ ਆਪਣੇ ਘਰ 'ਚ ਖਾਣਾ ਕਿਉਂ ਨਹੀਂ ਦਿੰਦੇ? ਅਦਾਲਤ ਨੇ ਪਟੀਸ਼ਨਕਰਤਾ ਦੇ ਵਕੀਲ ਨੂੰ ਕਿਹਾ, ਕੀ ਸਾਨੂੰ ਇਨ੍ਹਾਂ ਵੱਡੇ ਦਿਲ ਵਾਲਿਆਂ ਲਈ ਹਰ ਗਲੀ, ਹਰ ਸੜਕ ਖੁੱਲ੍ਹੀ ਛੱਡ ਦੇਣੀ ਚਾਹੀਦੀ ਹੈ? ਜਾਨਵਰਾਂ ਲਈ ਤਾਂ ਥਾਂ ਹੀ ਥਾਂ ਹੈ, ਪਰ ਇਨਸਾਨਾਂ ਲਈ ਕੋਈ ਥਾਂ ਨਹੀਂ ਹੈ?

# ਐਡਵੋਕੇਟ ਧਾਮੀ ਦੀ ਅਗਵਾਈ 'ਚ ਅੰਤ੍ਰਿੰਗ ਕਮੇਟੀ ਨੇ ਲਏ ਕਈ ਅਹਿਮ ਫੈਸਲੇ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 1 ਅਗਸਤ: ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਕ ਮਤਾ ਪਾਸ ਕਰਕੇ ਭਾਰਤ ਸਰਕਾਰ ਪਾਸੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਤ ਕਰਨ ਨੂੰ ਪ੍ਰਵਾਨਗੀ ਦੇ ਨਾਲ ਨਾਲ ਕਈ ਹੋਰ ਅਹਿਮ ਫੈਸਲੇ ਵੀ ਕੀਤੇ ਗਏ। ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 2019 'ਚ ਮਨਾਏ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਕੁਝ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਨੋਟੀਫਿਕੇਸ਼ਨ ਕੀਤਾ ਸੀ, ਜਿਸ ਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਇੱਕ ਇਤਿਹਾਸਕ ਮੌਕਾ ਹੈ, ਜਿਸ 'ਤੇ ਭਾਰਤ ਸਰਕਾਰ ਨੂੰ ਆਪਣੇ ਵੱਲੋਂ ਕੀਤਾ ਹੋਇਆ ਫੈਸਲਾ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਇਹ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਸ਼ਹਾਦਤ ਦੇਣ ਵਾਲੇ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਜਲੀ ਹੋਵੇਗੀ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਸੰਦੇਸ਼ਾਂ, ਉਪਦੇਸ਼ਾਂ ਅਤੇ ਪ੍ਰੇਰਣਾ ਦੀ ਸੇਧ ਵਿਚ ਸ਼?ਰੋਮਣੀ ਕਮੇਟੀ ਹਮੇਸ਼ਾ ਮਾਨਵ ਹਿਤਕਾਰੀ ਕਾਰਜਾਂ ਲਈ ਯਤਨਸ਼ੀਲ ਰਹੀ ਹੈ ਅਤੇ ਇਸੇ ਦਿਸ਼ਾ ਵਿਚ ਗੁਰੂ ਨਾਨਕ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਖੇ ਮਰੀਜ਼ਾਂ ਅਤੇ ਲੋੜਵੰਦਾਂ ਲਈ ਲੰਗਰ ਸੇਵਾ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਸੇਵਾ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਤੋਂ ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਭੇਜੀ ਜਾਇਆ ਕਰੇਗੀ। ਐਡਵੋਕੇਟ ਧਾਮੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਾਹਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਤ ਕਰਨ ਨੂੰ ਵੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦ ਹੀ ਯੂਨੀਵਰਸਿਟੀ ਵੱਲੋਂ ਕਾਰਵਾਈ ਮੁਕੰਮਲ ਕਰਨ ਉਪਰੰਤ ਇਸ ਨੂੰ ਕਾਰਜਸ਼ੀਲ ਕਰ ਦਿੱਤਾ ਜਾਵੇਗਾ। ਇਸ ਵਿਚ ਨੌਵੇਂ ਪਾਤਸ਼ਾਹ ਜੀ ਦੇ ਜੀਵਨ, ਯਾਤਰਾਵਾਂ ਅਤੇ ਸ਼ਹਾਦਤ ਬਾਰੇ ਮੌਲਿਕ ਅਤੇ ਖੋਜ ਕਾਰਜ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਪਾਵਨ ਗੁਰਬਾਣੀ ਬਾਰੇ ਦਾਰਸ਼ਨਿਕ ਅਧਿਐਨ ਦਾ ਕੰਮ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼?ਰੋਮਣੀ ਕਮੇਟੀ ਵੱਲੋਂ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਅਕੈਡਮੀ ਅਤੇ ਨਿਸ਼ਚੈ ਜੂਡੀਸ਼ਲੀ ਅਕੈਡਮੀ ਦੀ ਲਗਾਤਾਰਤਾ ਵਿਚ ਹੁਣ ਸ਼?ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ ਦੀ ਪ੍ਰੀਖਿਆ ਦੀ ਤਿਆਰੀ ਵੀ ਕਰਵਾਈ ਜਾਵੇਗੀ। ਚੁਣੇ ਗਏ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਦੀ ਮੁਫ਼ਤ ਪੜ੍ਹਾਈ ਅਤੇ ਮਹੀਨਾਵਾਰ ਵਜੀਫ਼ਾ ਦਿੱਤਾ ਜਾਵੇਗਾ। ਰਾਜਿਸਥਾਨ 'ਚ ਬੀਤੇ ਕੱਲ੍ਹ ਗੁਰਸਿੱਖ ਲੜਕੀ ਨੂੰ ਪੇਪਰ ਦੇਣ ਤੋਂ ਰੋਕਣ ਦੇ ਮਾਮਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਵੀ ਇਸ ਦੇਸ਼ ਦੇ ਬਾਸ਼ਿੰਦੇ ਹਨ ਅਤੇ ਇਥੋਂ ਦੇ ਤਰੱਕੀ ਅਤੇ ਸੁਰੱਖਿਆ ਲਈ ਸਿੱਖਾਂ ਨੇ ਵੱਡੀਆਂ ਘਾਲਨਾਵਾਂ ਘਾਲੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਦਾ ਸੰਵਿਧਾਨ ਸਿੱਖਾਂ ਨੂੰ ਪੰਜ ਕਕਾਰ ਰੱਖਣ ਦੀ ਖੁੱਲ੍ਹ ਦਿੰਦਾ ਹੈ ਤਾਂ ਕੁਝ ਲੋਕਾਂ ਵੱਲੋਂ ਕੀਤੀਆਂ ਅਜਿਹੀਆਂ ਹਰਕਤਾਂ ਸਿੱਖ ਮਨਾਂ ਨੂੰ ਸੱਟ ਮਾਰਦੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹਾ ਮਾਮਲਾ ਆਇਆ ਸੀ, ਜਿਸ ਸਬੰਧੀ ਸ਼?ਰੋਮਣੀ ਕਮੇਟੀ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਵੀ ਸੰਸਥਾ ਵੱਲੋਂ ਢੁਕਵੇਂ ਕਦਮ ਚੁੱਕੇ ਜਾਣਗੇ। ਐਡਵੋਕੇਟ ਧਾਮੀ ਨੇ ਭਾਰਤ ਅਤੇ ਪਾਕਿਸਤਾਨ ਵਿਚ ਪਿਛਲੇ ਸਮੇਂ ਬਣੇ ਤਲਖ਼ੀ ਭਰੇ ਹਾਲਾਤਾਂ ਕਾਰਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਸ਼ਰਧਾਲੂਆਂ 'ਤੇ ਲਗਾਈ ਗਈ ਰੋਕ ਨੂੰ ਤੁਰੰਤ ਹਟਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਪਾਵਨ ਅਸਥਾਨ ਨਾਲ ਸਿੱਖ ਸ਼ਰਧਾਲੂਆਂ ਦੀ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਇਹ ਲਾਂਘਾ ਆਪਸੀ ਪਿਆਰ, ਸਦਭਾਵਨਾ ਅਤੇ ਸਾਂਝਾਂ ਦਾ ਪ੍ਰਤੀਕ ਹੈ, ਜਿਸ ਨੂੰ ਜਲਦ ਖੋਲ੍ਹਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਨੂੰ ਵੀ ਇਜਾਜ਼ਤ ਦਿੱਤੇ ਜਾਣ ਦੀ ਦੋਹਾਂ ਸਰਕਾਰਾਂ ਪਾਸੋਂ ਮੰਗ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਨਾਂਦੇੜ ਦੇ ਪ੍ਰਬੰਧਕਾਂ ਵੱਲੋਂ ਪੁੱਜੀ ਮੰਗ ਅਨੁਸਾਰ ਤਖ਼ਤ ਸਾਹਿਬ ਅਤੇ ਦੱਖਣ ਪ੍ਰਦੇਸ਼ ਦੀਆਂ ਸੰਗਤਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 200 ਪਾਵਨ ਸਰੂਪ ਭੇਜਣ ਦਾ ਵੀ ਫੈਸਲਾ ਕੀਤਾ ਗਿਆ ਹੈ। ਇਹ ਪਾਵਨ ਸਰੂਪ ਸ਼?ਰੋਮਣੀ ਕਮੇਟੀ ਵੱਲੋਂ ਮਰਯਾਦਾ ਅਨੁਸਾਰ ਤਖ਼ਤ ਸਾਹਿਬ 'ਤੇ ਪਹੁੰਚਾਏ ਜਾਣਗੇ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਬੀਤੇ ਦਿਨੀਂ ਸ੍ਰੀਨਗਰ ਵਿਖੇ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਹੋਈ ਮਰਯਾਦਾ ਦੀ ਉਲੰਘਣਾ 'ਤੇ ਨਿੰਦਾ ਮਤਾ ਵੀ ਪਾਸ ਕੀਤਾ ਗਿਆ। ਇਕੱਤਰਤਾ 'ਚ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਜਸਵੰਤ ਸਿੰਘ ਪੁੜੈਣ, ਸ. ਪਰਮਜੀਤ ਸਿੰਘ ਰਾਏਪੁਰ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ, ਸ. ਜਸਵਿੰਦਰ ਸਿੰਘ ਜੱਸੀ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਆਦਿ ਮੌਜੂਦ ਸਨ।

